ਕੁਲ ਸੰਸਾਰ ਇਕ ਪਰਿਵਾਰ....

# ਨਵੀਂ ਦੁਨੀਆ
# Nawi Dunia

Free


17 ਦਸੰਬਰ : ਜਨਮ ਦਿਨ ਪ੍ਰੋ. ਪੂਰਨ ਸਿੰਘ (1881)

ਸਾਲ : 2 ਅੰਕ : 12 Phone : 780 465 9118, 403 830 7007, 204 218 6284 Fax: 780 465 0661, e-mail: info@nawidunia.com ਦਸੰਬਰ – 2011

ਕਨੇਡੀਅਨ ਬੱਚਿਆਂ ਨੂੰ ਛੋਟੀ ਉਮਰੇ ਸਕੂਲ ਪੰਨਾ-3


ਸਵਾਲਾਂ 'ਚ ਘਿਰਿਆ ਕਬੱਡੀ ਕੱਪ ਪੰਨਾ-9



ਚਿੱਤਰਕਲਾ ਮੇਰਾ ਪੇਸ਼ਾ ਨਹੀਂ ਇਮਰੋਜ਼ ਪੰਨਾ-27

ਦੇਖਿਆ ਸ਼ਹਿਰ ਮੁੰਬਈ ਗੁਰਚਰਨ ਸੱਗੂ ਪੰਨਾ-37


## ਅਧਿਆਪਕਾ ਦੇ ਥੱਪੜ ਮਾਰਨ ਵਾਲਾ ਅਕਾਲੀ ਸਰਪੰਚ ਗ੍ਰਿਫ਼ਤਾਰੀ ਤੋਂ ਦੋ ਘੰਟੇ ਬਾਅਦ ਹੀ ਰਿਹਾਅ

### ਅਧਿਆਪਕਾਂ ਵਲੋਂ ਬਾਦਲਾਂ ਦੇ ਘਰ ਅੱਗੇ ਆਤਮਦਾਹ ਦੀ ਧਮਕੀ



ਸ੍ਰੀ ਮੁਕਤਸਰ ਸਾਹਿਬ, (ਨਦਬ) : ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਦੇ ਹੁਕਮਾਂ 'ਤੇ ਕਾਰਵਾਈ ਕਰਦਿਆਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪੁਲਸ ਨੇ ਮੈਂਬਰ ਪਾਰਲੀਮੇਂਟ ਬੀਬੀ ਹਰਸਿਮਰਤ ਕੌਰ ਬਾਦਲ ਦੇ ਸੰਗਤ ਦਰਸ਼ਨ ਸਮਾਗਮ ਦੌਰਾਨ ਇਕ ਅਧਿਆਪਿਕਾ ਵਰਿੰਦਰਪਾਲ ਕੌਰ ਦੇ ਥੱਪੜ ਮਾਰਨ ਦੇ ਦੋਸ਼ੀ ਪਿੰਡ ਦੌਲਾ ਦੇ ਸਰਪੰਚ ਬਲਜਿੰਦਰ ਸਿੰਘ ਤੋਤੀ ਨੂੰ ਅੱਜ ਗ੍ਰਿਫ਼ਤਾਰ ਕਰ ਲਿਆ ਸੀ ਪਰ ਸਿਰਫ 2 ਘੰਟਿਆਂ ਬਾਅਦ ਹੀ ਉਸ ਸਰਪੰਚ ਨੂੰ ਪੁਲਸ ਨੇ ਰਿਹਾਅ ਕਰ ਦਿੱਤਾ ਹੈ। ਸਰਪੰਚ ਨੂੰ ਦੋ ਘੰਟੇ ਬਾਅਦ ਹੀ ਰਿਹਾਅ ਕਰਨ ਕਰ ਕੇ ਸਮੂਹ ਅੰਦੋਲਨਕਾਰੀ ਅਧਿਆਪਕਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸੇ ਦੌਰਾਨ ਐਜੂਕੇਸ਼ਨ ਗਰੰਟੀ ਟੀਚਰ ਐਸੋਸੀਏਸ਼ਨ ਨੇ 8 ਦਸੰਬਰ ਨੂੰ ਸੁਖਬੀਰ ਸਿੰਘ ਬਾਦਲ ਅਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਘਰ ਦੇ ਬਾਹਰ ਆਤਮਦਾਹ ਕਰਨ ਦਾ ਐਲਾਨ ਕੀਤਾ ਹੈ। ਐਸੋਸੀਏਸ਼ਨ ਦੇ ਪ੍ਰਧਾਨ ਪ੍ਰੀਤਪਾਲ ਸਿੰਘ ਨੇ ਦਸਿਆ ਕਿ ਅਧਿਆਪਕਾਂ ਦਾ ਇਕ ਵਫਦ ਉਪ ਮੁੱਖ ਮੰਤਰੀ ਨੂੰ ਮਿਲਣ ਗਿਆ ਸੀ ਪਰ ਸੁਖਬੀਰ ਬਾਦਲ ਨੇ ਮਿਲਣ ਤੋਂ ਇਨਕਾਰ ਕਰ ਦਿਤਾ। ਇਸ ਲਈ ਐਸੋਸੀਏਸ਼ਨ ਦੇ 11 ਮੈਂਬਰ ਆਤਮਦਾਹ ਕਰਨਗੇ। ਉਨ੍ਹਾਂ ਨਾਲ ਹੀ ਦਸਿਆ ਕਿ ਪੀੜਤ ਅਧਿਆਪਕਾ ਉਪਰ ਦਬਾਅ ਪਾਇਆ ਜਾ ਰਿਹਾ ਹੈ। ਇਸੇ ਦੌਰਾਨ ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਬਾਦਲ ਨੇ ਇਸ ਪੂਰੇ ਮਾਮਲੇ ਨੂੰ ਲੈ ਕੇ ਹਰਸਿਮਰਤ ਕੌਰ ਬਾਦਲ ਉਤੇ ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਹੈ ਕਿ ਜੇਕਰ ਹਰਸਿਮਰਤ ਆਪਣੀ 'ਨੰਨ੍ਹੀ ਛਾਂ' ਮੁਹਿੰਮ ਲਈ ਗੰਭੀਰ ਹਨ ਤਾਂ ਉਨ੍ਹਾਂ ਨੂੰ ਇਸ ਬੱਚੀ ਕੋਲੋਂ ਆਪ ਆ ਕੇ ਮਾਫੀ ਮੰਗਣੀ ਚਾਹੀਦੀ ਹੈ।

### ਨਵਾਂ ਵਰ੍ਹਾ ਅਤੇ ਕ੍ਰਿਸਮਿਸ ਮੁਬਾਰਕ

ਆਉਂਦਾ ਨਵਾਂ ਵਰ੍ਹਾ 2012 ਅਤੇ ਕ੍ਰਿਸਮਿਸ ਕੁਲ ਦੁਨੀਆ ਲਈ ਖੁਸ਼ਹਾਲੀ ਅਤੇ ਅਮਨ ਸ਼ਾਂਤੀ ਲੈ ਕੇ ਆਉਣ। ਇਸ ਯਕੀਨ ਨਾਲ ਅਦਾਰਾ 'ਨਵੀਂ ਦੁਨੀਆ' ਵਲੋਂ ਆਪਣੇ ਪਾਠਕਾਂ ਅਤੇ ਇਸ਼ਤਿਹਾਰਦਾਤਾਵਾਂ ਨੂੰ ਨਵੇਂ ਵਰ੍ਹੇ ਦੀ ਆਮਦ ਅਤੇ ਕ੍ਰਿਸਮਿਸ ਮੁਬਾਰਕ।

## ਮੁਹਰੱਮ ਦੇ ਦਿਨ ਅਫਗਾਨਿਸਤਾਨ 'ਚ ਧਮਾਕੇ, 60 ਮੌਤਾਂ



ਕਾਬੁਲ, (ਨਦਬ): ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਅਤੇ ਮਜ਼ਾਰ-ਏ-ਸ਼ਰੀਫ ਵਿਚ ਦੋ ਜ਼ਬਰਦਸਤ ਧਮਾਕੇ ਹੋਏ ਹਨ, ਜਿਨ੍ਹਾਂ ਵਿਚ ਘੱਟੋ-ਘੱਟ 60 ਲੋਕ ਮਾਰੇ ਗਏ ਹਨ। ਪੁਲਿਸ ਦੇ ਅਨੁਸਾਰ ਪਹਿਲਾ ਵੱਡਾ ਧਮਾਕਾ ਸ਼ੀਆ ਮੁਸਲਮਾਨਾਂ ਦੇ ਇਕ ਧਾਰਮਿਕ ਸਥਾਨ ਉਤੇ ਹੋਇਆ ਹੈ। ਸ਼ੀਆ ਮੁਸਲਮਾਨ ਮੁਹਰੱਮ ਮਨਾਉਣ ਲਈ ਉੱਥੇ ਇਕੱਠੇ ਹੋਏ ਸਨ। ਪੁਲਿਸ ਦਾ ਕਹਿਣਾ ਹੈ ਕਿ ਇਹ ਫਿਦਾਇਨ ਹਮਲਾ ਹੋ ਸਕਦਾ ਹੈ। ਕਾਬੁਲ ਪੁਲਿਸ ਦੇ ਬੁਲਾਰੇ ਹਸ਼ਮਤ ਸਟੈਨੀਕਜ਼ਈ ਨੇ 56 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਹੈ। ਧਮਾਕਾ ਸਵੇਰੇ ਸ਼ੀਆ ਭਾਈਚਾਰੇ ਦੀ ਇਕ ਦਰਗਾਹ ਵਿਚ ਹੋਇਆ, ਜਿੱਥੇ ਸੈਂਕੜੇ ਲੋਕ ਮੁਹੱਰਮ ਮਨਾਉਣ ਲਈ ਮੌਜੂਦ ਸਨ। ਅਫਗਾਨਿਸਤਾਨ ਦੇ ਹੀ ਇਕ ਹੋਰ ਸ਼ਹਿਰ ਮਜ਼ਾਰ-ਏ-ਸ਼ਰੀਫ ਵਿਚ ਵੀ ਇਕ ਧਮਾਕਾ ਹੋਇਆ ਹੈ, ਜਿਸ ਵਿਚ ਘੱਟੋ-ਘੱਟ ਚਾਰ ਲੋਕ ਮਾਰੇ ਗਏ ਹਨ। ਰਿਪੋਰਟ ਦੇ ਮੁਤਾਬਿਕ ਉੱਥੇ ਵੀ ਮੁਹੱਰਮ ਦੇ ਮੌਕੇ ਉਤੇ ਸ਼ੀਆ ਮੁਸਲਮਾਨਾਂ ਦੇ ਇਕ ਧਾਰਮਿਕ ਜਲੂਸ ਵਿਚ ਧਮਾਕਾ ਹੋਇਆ ਹੈ। ਇਹ ਦੋਵੇਂ ਧਮਾਕੇ ਕਰੀਬ ਇਕ ਹੀ ਸਮੇਂ (ਸਥਾਨਕ ਸਮੇਂ ਅਨੁਸਾਰ ਕਰੀਬ 12 ਵਜੇ) ਹੋਏ ਹਨ। ਪੁਲਿਸ ਨੇ ਕਾਬੁਲ ਵਿਚ ਇਕ ਹੋਰ ਹਮਲੇ ਨੂੰ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਮਜ਼ਾਰ-ਏ-ਸ਼ਰੀਫ ਵਿਚ ਇਕ ਮਸਜਿਦ ਵਿਚ ਜੋ ਧਮਾਕਾ ਹੋਇਆ, ਉਸ ਵਿਚ ਬੰਬ ਇਕ ਮੋਟਰ ਸਾਈਕਲ ਵਿਚ ਰੱਖਿਆ ਹੋਇਆ ਸੀ।


Roof Trusses
Floor Systems
Lumber - Stairs

ZyTech
BUILDING SYSTEMS INC.

High Quality Materials, Best Prices, On Time Delivery,
Complete Framing Package, Full Range Of I joists,
Fully Automated - Roof Truss Manufacturing Facility
One Call - Award Winning Service
Effective, On Site, Engineering & Design
Friendly, Multi-Cultural, Solution Oriented Staff
Community Supporter

CRHBA SAM AWARDS WINNER 2005 | CRHBA SAM AWARDS WINNER 2006 | CHBA - Calgary Region AWARDS WINNER 2007 | CHBA - Calgary Region AWARDS WINNER 2008

ਰਘੁਬੀਰ ਸਿੰਘ ਭੰਡਾਲ 780-554-9192
ਜਸਪਾਲ ਸਿੰਘ ਭੰਡਾਲ 403-226-7136

ਕਨੇਡੀਅਨ ਸੁਪਰ ਵੀਜ਼ਾ
ਲਈ ਸਸਤੀ ਤੇ ਵਧੀਆ
ਮੈਡੀਕਲ ਇੰਸ਼ੋਰੈਂਸ
ਪ੍ਰਾਪਤ ਕਰਨ ਲਈ ਪਿਛਲੇ ਲੰਮੇ ਸਮੇਂ ਤੋਂ ਇੰਸ਼ੋਰੈਂਸ ਦੀਆਂ ਸੇਵਾਵਾਂ ਦਿੰਦੇ ਆ ਰਹੇ
ਜਸਵੀਰ ਦਿਓਲ 780 906 4497
ਜੈਸੀ ਸਿੰਘ 403 830 7007
ਨਾਲ ਅੱਜ ਹੀ ਸੰਪਰਕ ਕਰੋ।

ਅਦਾਰਾ 'ਨਵੀਂ ਦੁਨੀਆ' ਨੂੰ ਕੈਲਗਰੀ ਤੋਂ ਮਾਰਕੀਟਿੰਗ ਲਈ ਵਿਅਕਤੀ ਦੀ ਲੋੜ ਹੈ। ਸੰਪਰਕ ਕਰੋ
2nd Floor 3448 – 93 Street NW,
Edmonton T6E 6A4, Alberta (Canada)
Phone : 780 906 4497, 403 830 7007
e-mail: info@nawidunia.com






Now More Locations To Serve You Better
Preparing you for a safe & healthy journey
Offering National & International Travel Vaccines
ਕਨੇਡਾ ਤੋਂ ਸੁੱਰਖਿਅਤ ਤੇ ਸਿਹਤਮੰਦ ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।
Atlas Immunization Services
Phone: 780 465 5450
www.atlasimmunization.com
Suite 104, 7633-50 St. Edmonton (Meridian Place)



3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700




For All Your Real Estate Needs & Best Services
Contact Dan Sidhu Broker / Owner
Your Real Estate Expert!
ਨਵਾਂ ਜਾਂ ਪੁਰਾਣਾ ਘਰ, ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ / ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ DAN SIDHU ਨੂੰ ਅੱਜ ਹੀ ਫੋਨ ਕਰੋ ।
Cell:403 560 6300
Off:403 569 2900
Fax:403 207 1237
email: dansidhu@gmail.com
MAXVALUE REALTY LTD Each Office is Individually Owned and Operated
Specialized in Residential
Commertial & Investment Properties
110-300 Merganser Dr. West Chestermere, AB T1X 1L6





BHUVINDER (BETTY) GILL
MORTGAGE ASSOCIATE
CELL: 780.905.7274
FAX: 780.436.2510
DOMINION LENDING CENTRES
MORTGAGE MENTORS
CANADA'S NATIONAL MORTGAGE COMPANY
INDEPENDENTLY OWNED & OPERATED
ਮੌਰਟਗੇਜ਼ ਸਬੰਧੀ ਸਭ ਮੁਸ਼ਕਲਾਂ ਦਾ ਹੱਲ ਨਵੇਂ, ਪੁਰਾਣੇ ਘਰ ਜਾਂ ਕੰਨਸਟਰਕਸ਼ਨ ਲਈ ਮੌਰਟਗੇਜ਼ ਜਾਂ ਲਾਈਨ ਆਫ ਕਰੈਡਿਟ ਲੈ ਕੇ ਦਿੰਦੇ ਹਨ। ਇੰਮੀਗਰਾਂਟ ਪਰਿਵਾਰਾਂ ਲਈ ਖਾਸ ਸਹੂਲਤਾਂ ਤੇ ਵਾਜਬ ਰੇਟਾਂ ਤੇ ਮੌਰਟਗੇਜ਼ ਕਰਵਾ ਕੇ ਦਿੰਦੇ ਹਨ
BETTYGILL@DOMINIONLENDING.CA
WWW.BETTYGILL.CA




Sarjan Luthra
B.Sc, L.LB
Barrister Solicitor
LUTHRA LAW OFFICE
Services in Hindi, Punjabi,Urdu & Arabic
• Personal Injuries
• Real Estate Transactions
• Immigration Appeals
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
780 466 4660



# POWAR HOMES LTD.

Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ, ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ, ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ ਰਣਜੀਤ ਸਿੰਘ ਪਵਾਰ ਅਤੇ ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.

Kuldip S. Powar

Fax: 780-406-6797

Email: ranjit_pawar@hotmail.com



Ranjit S. Powar

Contact At:

Ph: 780-695-6595

# WILDROSE MASONARY & STONE WORKS

Commercial & Residential



Ph: 780 340 1400
Off: 780 450 1413
Fax: 780 490 4888

Dave Johal

ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜ਼ਰੂਰ ਐਸਟੀਮੇਟ ਲਗਵਾਓ



Culture Stone | Bricks
Blocks | Glass Blocks

email:wildrosemasonary@live.ca ✦ 1404-69th St. SW Edmonton, AB T6L 1L4

# EAGLE ROCK GOLF COURSE

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ, ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda- 780 464 4653
Ext-2, Cell- 780 720 6895



50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

# ALPHA Tent Rentals

All Events Big or Small

We are in this Business Since 2001



**Tents** All Size and Different Colours,
**Tables** Rectangular & Round, **Chairs** All Colours,
**Lights**, Dance Floor, Heaters, Fans,
**Catering Equipment,** Coffee Brewers,
Food Warmers, Big Burners, Big Pots (Patila), Cutlery and Plates,
**Portable Bars,** Beer Tubs, Ice Boxes,
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Ladies Sangeet Jago Equipment

Guaranteed Low Prices Open Seven Days a Week

Umrao Ghinger: 780 237 5556
www.alphatentrentals.com
Office: 780 490 5354





# DASHMESH TIRE & LUBE



All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication

- Do Service on remote locations including Weighing Scales.
- Vehicle Inspection by Certified Mechanic.

Enough Parking Space

Call: Manjit S.Khosa, Garry Dhaliwal
Ph: 780-298-1114, 780-993-4441
6609 34 st. , Edmonton, Alberta.

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

Sushil Singh
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

# MILLWOODS PIZZA & INDIAN CUISINE

4418 36th Ave, Millwoods Road East, Edmonton.

ਪੰਜਾਬੀ ਸਟਾਇਲ ਪੀਜ਼ਾ

Take Out Buffets
starting from $ 7.99

✆780 462 4313
Cell: 780 504 5600
Out door Catering at reasonable rates
www.millwoodspizza.com



Faryad Pannu

# Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੋਰਟਗੇਜ
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

For All Insurance Needs
Call: Shalu Badesha
Phone:780-660-3071



Sponsor by Canada Life & Access to all Major Insurance Companies in Canada

Concept, Design and Installation

# Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਵਧੀਆ ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ

780-436-0111

7941-Argyll Road Edmonton AB, T6C 4A9



www.cambridgewindow.com
Better Business Bureau ਦੇ ਮੈਂਬਰ

# ਕੰਜ਼ਰਵੇਟਿਵ ਪਾਰਟੀ ਨੇ ਚੋਣਾਂ ਵਿਚ ਵਾਧੂ ਖ਼ਰਚੇ ਦਾ ਦੋਸ਼ ਕਬੂਲਿਆ

## 52 ਹਜ਼ਾਰ ਡਾਲਰ ਦਾ ਜੁਰਮਾਨਾ ਹੋਵੇਗਾ

ਔਟਵਾ, (ਨਦਬ): ਕੰਜ਼ਰਵੇਟਿਵ ਪਾਰਟੀ ਦੇ ਆਗੂਆਂ ਨੇ ਮੰਨਿਆ ਹੈ ਕਿ 2006 ਦੀਆਂ ਚੋਣਾਂ ਵਿਚ ਜਿੱਤ ਹਾਸਲ ਕਰਨ ਲਈ ਉਨ੍ਹਾਂ ਨੇ ਅੰਨ੍ਹੇਵਾਹ ਇਸ਼ਤਿਹਾਰਬਾਜ਼ੀ ਕੀਤੀ ਜਿਸ ਦੇ ਨਤੀਜੇ ਵਜੋਂ ਸਟੀਫ਼ਨ ਹਾਰਪਰ ਸੱਤਾ ਵਿਚ ਆਏ। ਉਹ ਇਸ਼ਤਿਹਾਰਾਂ ਉਪਰ ਹੋਏ ਸਾਰੇ ਖ਼ਰਚਿਆਂ ਬਾਰੇ ਰੀਪੋਰਟ ਪੇਸ਼ ਕਰਨ ਵਿਚ ਅਸਫ਼ਲ ਰਹੇ ਹਨ। ਕੰਜ਼ਰਵੇਟਿਵ ਪਾਰਟੀ ਅਤੇ ਉਸ ਵਾਸਤੇ ਚੋਣਾਂ ਲਈ ਫ਼ੰਡ ਇਕੱਠੇ ਕਰਨ ਵਾਲੀ ਏਜੰਸੀ ਨੇ ਚੋਣ ਐਕਟ ਦੀ ਉਲੰਘਣਾ ਦੇ ਦੋ ਮਾਮਲਿਆਂ ਨੂੰ ਸਵੀਕਾਰ ਕਰਦਿਆਂ 52 ਹਜ਼ਾਰ ਡਾਲਰ ਦਾ ਜੁਰਮਾਨਾ ਭਰਨ ਦੀ ਸਹਿਮਤੀ ਦਿਤੀ ਹੈ। ਕੰਜ਼ਰਵੇਟਿਵ ਪਾਰਟੀ ਵਲੋਂ ਦਾਖ਼ਲ ਅਰਜ਼ੀ ਵਿਚ ਅਪੀਲ ਕੀਤੀ ਗਈ ਕਿ ਉਸ ਦੇ ਆਗੂਆਂ ਨੂੰ ਗੰਭੀਰ ਅਪਰਾਧਾਂ ਦਾ ਦੋਸ਼ੀ ਨਾ ਮੰਨਿਆ ਜਾਵੇ ਅਤੇ ਪਾਰਟੀ ਦੇ ਚਾਰ ਉਚ ਅਧਿਕਾਰੀਆਂ ਵਿਰੁਧ ਸਾਰੇ ਦੋਸ਼ ਵਾਪਸ ਲੈ ਲਏ ਜਾਣ, ਜਿਨ੍ਹਾਂ ਨੇ 2006 ਦੀ ਚੋਣ ਮੁਹਿੰਮ ਦੌਰਾਨ ਰੇਡੀਓ ਅਤੇ ਟੈਲੀਵਿਜ਼ਨ ਨੂੰ ਇਸ਼ਤਿਹਾਰ ਦੇਣ ਦੀ ਕਥਿਤ ਯੋਜਨਾ ਬਣਾਈ ਸੀ।

ਪਾਰਟੀ ਦੇ ਬੁਲਾਰੇ ਫ਼ਰੈਡ ਡਿਲੌਰੀ ਨੇ ਜਾਰੀ ਬਿਆਨ ਵਿਚ ਕਿਹਾ ਕਿ ਕੈਨੇਡਾ ਦੇ ਮੁੱਖ ਚੋਣ ਦਫ਼ਤਰ ਨਾਲ ਪਿਛਲੇ ਪੰਜ ਸਾਲਾਂ ਤੋਂ ਚਲ ਰਹੇ ਪ੍ਰਸ਼ਾਸਕੀ ਵਿਵਾਦ ਵਿਚ ਇਹ ਉਸ ਦੀ ਵੱਡੀ ਜਿੱਤ ਹੈ। ਕੈਨੇਡਾ ਦੇ ਮੁੱਖ ਚੋਣ ਦਫ਼ਤਰ ਮੁਤਾਬਕ ਟੋਰੀ ਪਾਰਟੀ ਨੇ 67 ਸਥਾਨਕ ਉਮੀਦਵਾਰਾਂ ਰਾਹੀਂ ਕੌਮੀ ਇਸ਼ਤਿਹਾਰ ਦਿਤੇ ਜਿਸ ਨਾਲ ਪਾਰਟੀ ਨੂੰ ਖ਼ਰਚਣ ਦੀ ਹੱਦ ਵਧਾਉਣ ਵਿਚ ਮੱਦਦ ਮਿਲੀ। ਚੋਣ ਵਿਭਾਗ ਮੁਤਾਬਕ ਟੋਰੀ ਪਾਰਟੀ ਨੇ 14 ਲੱਖ ਡਾਲਰ ਵੱਧ ਖ਼ਰਚੇ ਜਦਕਿ ਪਾਰਟੀ ਦਾ ਕਹਿਣਾ ਹੈ ਕਿ ਉਸ ਨੇ 5.63 ਲੱਖ ਡਾਲਰ ਵੱਧ ਖ਼ਰਚ ਕੀਤੇ। ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਕੰਜ਼ਰਵੇਟਿਵ ਪਾਰਟੀ ਵਲੋਂ ਅਪਣਾ ਦੋਸ਼ ਸਵੀਕਾਰਨ ਨਾਲ ਸਾਬਤ ਹੋ ਗਿਆ ਹੈ ਕਿ ਉਨ੍ਹਾਂ ਨੇ ਨਿਯਮਾਂ ਨਾਲ ਖਿਲਵਾੜ ਕੀਤਾ। ਐਨ.ਡੀ.ਪੀ. ਦੇ ਆਗੂ ਨਿਕੋਲ ਟਰਮਲ ਨੇ ਕਿਹਾ ਕਿ ਟੋਰੀ ਪਾਰਟੀ ਨੇ ਕਾਨੂੰਨੀ ਤੌਰ ਤੇ ਨਿਰਧਾਰਤ ਹੱਦ ਤੋਂ ਵੱਧ ਪੈਸਾ ਖ਼ਰਚ ਕੇ ਹਾਰਪਰ ਨੂੰ ਜਿੱਤ ਦੁਆਈ ਜੋ ਲੋਕਤੰਤਰ ਮੁਤਾਬਕ ਸਰਾਸਰ ਗ਼ਲਤ ਹੈ। ਲਿਬਰਲ ਆਗੂ ਬਾਬਰੇਅ ਨੇ ਕਿਹਾ ਕਿ ਟੋਰੀਆਂ ਵਲੋਂ ਵਾਧੂ ਖ਼ਰਚ ਕੀਤੇ ਪੈਸੇ ਨੇ ਸੰਭਾਵਤ ਤੌਰ 'ਤੇ ਉਨ੍ਹਾਂ ਨੂੰ ਮਦਦ ਕੀਤੀ।

ਮਾਹਿਰਾਂ ਦਾ ਸੁਝਾਅ

## ਕਨੇਡੀਅਨ ਬੱਚਿਆਂ ਨੂੰ ਛੋਟੀ ਉਮਰੇ ਸਕੂਲ ਭੇਜਣਾ ਸ਼ੁਰੂ ਕੀਤਾ ਜਾਵੇ

ਔਟਵਾ, (ਨਦਬ): ਪੰਜ ਸਾਲ ਤੋਂ ਘੱਟ ਉਮਰ ਦੇ ਕਨੇਡੀਅਨ ਬੱਚਿਆਂ ਨੂੰ ਸੰਭਾਵਤ ਤੌਰ 'ਤੇ ਸਕੂਲ ਜਾਣਾ ਪੈ ਸਕਦਾ ਹੈ। ਜੇ ਪ੍ਰਾਂਤਕ ਸਰਕਾਰਾਂ ਨੇ ਬੱਚਿਆਂ ਦੀ ਸਿਖਿਆ ਬਾਰੇ ਤਾਜ਼ਾ ਰੀਪੋਰਟ ਦੀਆਂ ਸਿਫ਼ਾਰਸ਼ਾਂ ਮੰਨ ਲਈਆਂ ਤਾਂ ਇਹ ਹਕੀਕਤ ਬਣ ਜਾਵੇਗੀ। ਬੱਚਿਆਂ ਨੂੰ ਛੇਤੀ ਸਕੂਲ ਭੇਜਣ ਬਾਰੇ 1999 ਤੋਂ ਬਾਅਦ ਤੀਜਾ ਅਧਿਐਨ ਕੀਤਾ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਦੋ ਸਾਲ ਦੇ ਬੱਚੇ ਨੂੰ ਸਕੂਲ ਭੇਜਿਆ ਜਾਣਾ ਚਾਹੀਦਾ ਹੈ ਜਿਸ ਨਾਲ ਉਨ੍ਹਾਂ ਦੀ ਸ਼ਖ਼ਸੀਅਤ ਦਾ ਵੱਧ ਤੋਂ ਵੱਧ ਵਿਕਾਸ ਹੋਵੇਗਾ।



ਅਧਿਐਨ ਕਰਨ ਵਾਲਿਆਂ ਵਿਚ ਸ਼ਾਮਲ ਕੈਰੀ ਮਕੈਗ ਨੇ ਦਸਿਆ ਕਿ ਸਿਖਿਆ ਖੇਤਰ ਦਾ ਬੁਨਿਆਦੀ ਢਾਂਚਾ ਪਹਿਲਾਂ ਹੀ ਮਜ਼ਬੂਤ ਹੈ ਅਤੇ ਹਰ ਸੂਬੇ ਵਿਚ ਪਹਿਲਾਂ ਹੀ ਕਾਫੀ ਸਹੂਲਤਾਂ ਮੌਜੂਦ ਹਨ। ਦਸਣਯੋਗ ਹੈ ਕਿ ਪੂਰੇ ਕੈਨੇਡਾ ਵਿਚ 2 ਤੋਂ 4 ਸਾਲ ਦੇ ਅੱਧੇ ਤੋਂ ਜ਼ਿਆਦਾ ਬੱਚੇ ਸਿਖਿਆ ਸੰਸਥਾਵਾਂ ਵਿਚ ਜਾਣਾ ਸ਼ੁਰੂ ਕਰ ਦਿੰਦੇ ਹਨ। ਕੈਰੀ ਦਾ ਕਹਿਣਾ ਸੀ ਕਿ ਜਿਹੜੇ ਬੱਚੇ ਛੇਤੀ ਸਕੂਲ ਜਾਣਾ ਸ਼ੁਰੂ ਕਰ ਦਿੰਦੇ ਹਨ ਉਹ ਹੋਰਨਾਂ ਆਪਣੀ ਪੂਰੀ ਪੜ੍ਹਾਈ ਦੌਰਾਨ ਬਿਹਤਰੀਨ ਕਾਰਗੁਜ਼ਾਰੀ ਦਿਖਾਉਂਦੇ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਵੱਧ ਬੱਚਿਆਂ ਨੂੰ ਪੜ੍ਹਾਉਣ ਲਈ ਅਧਿਆਪਕਾਂ ਦੀ ਵੀ ਲੋੜ ਪਵੇਗੀ। ਇਸ ਦੇ ਨਾਲ ਹੀ ਬੱਚਿਆਂ ਦੇ ਛੇਤੀ ਸਕੂਲ ਜਾਣ ਨਾਲ ਕੈਨੇਡਾ ਦੀਆਂ 70 ਫ਼ੀ ਸਦੀ ਮਾਵਾਂ ਨੂੰ ਵੀ ਮੱਦਦ ਮਿਲੇਗੀ ਜੋ ਕੰਮ 'ਤੇ ਜਾਂਦੀਆਂ ਹਨ। ਸਰਕਾਰ ਨੂੰ ਵੀ ਵਧੇਰੇ ਆਮਦਨ ਸ਼ੁਰੂ ਹੋ ਜਾਵੇਗੀ।

## ਕਿਊਬਿਕ ਦੇ ਵਿਦਿਆਰਥੀਆਂ ਨੇ ਟਿਊਸ਼ਨ ਫ਼ੀਸ 'ਚ ਵਾਧੇ ਵਿਰੁੱਧ ਕੱਢਿਆ ਰੋਸ ਮਾਰਚ




ਮਾਂਟਰੀਆਲ, (ਨਦਬ): 20 ਹਜ਼ਾਰ ਤੋਂ ਜ਼ਿਆਦਾ ਵਿਦਿਆਰਥੀਆਂ ਨੇ ਬੀਤੇ ਦਿਨੀਂ ਪ੍ਰੀਮੀਅਰ ਜ਼ੀਨ ਕਰੈਸਟ ਦੇ ਮਾਂਟਰੀਆਲ ਦਫ਼ਤਰ ਵੱਲ ਮਾਰਚ ਕਰਦਿਆਂ ਟਿਊਸ਼ਨ ਫ਼ੀਸ ਵਿਚ ਵਾਧੇ ਵਿਰੁਧ ਰੋਸ ਪ੍ਰਗਟਾਇਆ। ਇਹ ਮਾਰਚ ਸੂਬੇ ਦੇ ਵਿਦਿਆਰਥੀਆਂ ਵਲੋਂ ਦਿਤੇ ਗਏ ਦੋ ਦਿਨਾਂ ਹੜਤਾਲ ਦੇ ਸੱਦੇ ਦਾ ਹਿੱਸਾ ਸੀ। ਕਨਕੋਡੀਆ ਸਟੂਡੈਂਟਸ ਯੂਨੀਅਨ ਦੇ ਲੈਕਸ ਗਿੱਲ ਨੇ ਕਿਹਾ, "ਵਿਦਿਆਰਥੀ ਜਥੇਬੰਦ ਹੋ ਰਹੇ ਹਨ ਅਤੇ ਪੂਰੀਆਂ ਸਰਦੀਆਂ ਇਹ ਪ੍ਰੀਕਿਰਿਆ ਜਾਰੀ ਰਹੇਗੀ। ਅਸੀਂ ਇਸ ਫ਼ੀਸ ਵਾਧੇ ਦਾ ਸਖ਼ਤ ਵਿਰੋਧ ਕਰਦੇ ਹਾਂ।" ਪੂਰੇ ਕਿਊਬਿਕ ਸੂਬੇ ਵਿਚੋਂ ਆਏ ਵਿਦਿਆਰਥੀ ਬੈਰੀ ਚੌਕ ਵਿਚ ਇਕੱਤਰ ਹੋਏ ਅਤੇ ਫਿਰ ਜ਼ੀਨ ਕਰੈਸਟ ਦੇ ਦਫ਼ਤਰ ਵੱਲ ਵਧੇ। ਇਹ ਮਾਰਚ ਭਾਵੇਂ ਸ਼ਾਂਤਮਈ ਸੀ ਪਰ ਪੁਲਿਸ ਨੇ ਦੋ ਵਿਅਕਤੀਆਂ ਨੂੰ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਨ੍ਹਾਂ ਨੇ ਅਫ਼ਸਰਾਂ ਉਪਰ ਕੁੱਝ ਚੀਜ਼ਾਂ ਸੁੱਟੀਆਂ। ਇਸ ਤੋਂ ਪਹਿਲਾਂ ਵਿਦਿਆਰਥੀਆਂ ਨੇ ਸਵੇਰੇ ਡੌਸਨ ਕਾਲਜ ਦੇ ਦਾਖ਼ਲਾ ਗੇਟ ਨੂੰ ਬੰਦ ਕਰ ਦਿਤਾ ਅਤੇ ਇਥੇ ਇਕੱਠੇ ਹੋਏ ਵਿਦਿਆਰਥੀ ਟਿਊਸ਼ਨ ਫੀਸ ਵਿਚ ਵਾਧਾ ਵਾਪਸ ਲੈਣ ਦੀ ਮੰਗ ਕਰ ਰਹੇ ਸਨ। ਕਾਲਜ ਦੀਆਂ ਕਲਾਸਾਂ ਪੂਰੇ ਦਿਨ ਰੱਦ ਰਹੀਆਂ। ਹੜਤਾਲੀ ਵਿਦਿਆਰਥੀਆਂ ਨੂੰ ਕਈ ਸਮਾਜਕ ਜਥੇਬੰਦੀਆਂ ਅਤੇ ਯੂਨੀਅਨ ਦਾ ਸਮਰਥਨ ਵੀ ਹਾਸਲ ਸੀ। ਦਸਣਯੋਗ ਹੈ ਕਿ ਟਿਊਸ਼ਨ ਫੀਸ ਵਿਚ 325 ਡਾਲਰ ਪ੍ਰਤੀ ਸਾਲ ਦਾ ਵਾਧਾ ਕੀਤਾ ਜਾਣਾ ਹੈ।

## ਨਾਗਰਿਕਾਂ ਦੀ ਵੱਧਦੀ ਉਮਰ ਅਤੇ ਕਰਜ਼ੇ ਨੇ ਖ਼ਰਚਿਆਂ ਵਿਚ ਕਟੌਤੀ 'ਤੇ ਪਾਇਆ ਅਸਰ

ਵਿਨੀਪੈਗ, (ਨਦਬ) : ਮਾਹਰਾਂ ਵਲੋਂ ਲੰਬੇ ਸਮੇਂ ਤੋਂ ਮੁਸੀਬਤ ਆਉਣ ਦੀ ਦਿੱਤੀ ਜਾ ਰਹੀ ਚੇਤਾਵਨੀ ਔਟਵਾ ਦੇ ਬੂਹੇ 'ਤੇ ਆ ਖੜੌਤੀ ਹੈ। ਲੋਕਾਂ ਦੀ ਵੱਧਦੀ ਉਮਰ ਅਤੇ ਸਰਕਾਰੀ ਕਰਜ਼ੇ ਵਿਚ ਵਾਧੇ ਕਾਰਨ ਸਰਕਾਰ ਖ਼ਰਚਿਆਂ ਵਿਚ ਨਿਰਧਾਰਤ ਕਟੌਤੀ ਕਰਨ ਵਿਚ ਸਫ਼ਲ ਨਹੀਂ ਹੋ ਰਹੀ। ਪਾਰਲੀਮਾਨੀ ਬਜਟ ਅਫ਼ਸਰ ਵਲੋਂ ਜਾਰੀ ਕੀਤੀ ਗਈ ਨਵੀਂ ਰੀਪੋਰਟ ਵਿਚ ਕਿਹਾ ਗਿਆ ਹੈ ਕਿ ਭਾਵੇਂ ਸਰਕਾਰ ਵਲੋਂ ਕੀਤਾ ਜਾ ਰਿਹਾ ਖ਼ਰਚਾ ਪਿਛਲੇ ਸਾਲ ਦੇ ਮੁਕਾਬਲੇ ਕੁੱਝ ਘਟਿਆ ਹੈ ਪਰ ਫਿਰ ਵੀ ਇਹ 2009 ਦੇ ਮੁਕਾਬਲੇ 15 ਫ਼ੀ ਸਦੀ ਜ਼ਿਆਦਾ ਹੈ। ਮੈਕਗਿੱਲ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਕ੍ਰਿਸ ਰੈਗਨ ਨੇ ਕਿਹਾ ਕਿ ਔਖੇ ਫ਼ੈਸਲੇ ਲੈਣ ਦੀ ਇਹ ਸ਼ੁਰੂਆਤ ਹੈ ਅਤੇ ਇਹ ਲੈਣੇ ਹੀ ਪੈਣਗੇ। "ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਖ਼ਰਚਿਆਂ ਵਿਚ ਕਟੌਤੀ ਕਿੰਨੀ ਔਖੀ ਹੈ। ਅੰਕੜਿਆਂ ਮੁਤਾਬਕ ਸਰਕਾਰ ਨੇ ਸਿਹਤ ਖੇਤਰ ਲਈ 1.6 ਅਰਬ ਡਾਲਰ ਵੱਧ ਅਲਾਟ ਕੀਤੇ ਹਨ ਅਤੇ ਜੇ ਸਰਕਾਰ ਆਪਣੇ ਚੋਣ ਵਾਅਦਿਆਂ 'ਤੇ ਕਾਇਮ ਰਹੀ ਤਾਂ ਅਗਲੇ ਚਾਰ ਸਾਲਾਂ ਲਈ 6 ਫ਼ੀ ਸਦੀ ਦੀ ਦਰ ਨਾਲ ਇਹ ਵਾਧਾ ਜਾਰੀ ਰਹੇਗਾ। ਜਨਤਕ ਕਰਜ਼ੇ 'ਤੇ ਸੇਵਾ ਖ਼ਰਚਾ ਵੱਧ ਕੇ 1.4 ਅਰਬ ਡਾਲਰ ਹੋ ਗਿਆ ਹੈ ਅਤੇ ਬਿਰਧ ਉਮਰ ਦੇ ਲੋਕਾਂ ਦੀਆਂ ਅਦਾਇਗੀਆਂ ਦਾ ਖ਼ਰਚਾ ਵੱਧ ਕੇ 1.1 ਅਰਬ ਡਾਲਰ ਹੋ ਗਿਆ ਹੈ। ਅਫ਼ਗਾਨਿਸਤਾਨ ਦਾ ਮਿਸ਼ਨ ਬੰਦ ਹੋਣ ਕਾਰਨ ਖ਼ਰਚੇ ਵਿਚ 700 ਮਿਲੀਅਨ ਡਾਲਰ ਦੀ ਕਟੌਤੀ ਹੋਈ ਹੈ ਪਰ ਫਿਰ ਵੀ ਹਾਲੇ ਬਹੁਤ ਕੁੱਝ ਕੀਤਾ ਜਾਣਾ ਬਾਕੀ ਹੈ। ਵਿੱਤ ਮੰਤਰੀ ਜਿੰਮ ਫ਼ਲਾਹਰਟੀ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਸਰਕਾਰ 2015-16 ਤਕ 31 ਅਰਬ ਡਾਲਰ ਦਾ ਘਾਟਾ ਖ਼ਤਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

## ਟੈਲੀਫੋਨ ਕੰਪਨੀਆਂ ਲਈ ਨਵਾਂ ਨਿਯਮ

ਔਟਵਾ, (ਨਦਬ): ਟੈਲੀਫੋਨ ਕੰਪਨੀਆਂ ਲਈ ਕੈਨੇਡੀਅਨ ਰੇਡੀਓ-ਟੈਲੀਵਿਜ਼ਨ ਐਂਡ ਟੈਲੀਕਮਿਊਨਿਕੇਸ਼ਨਜ਼ ਕਮਿਸ਼ਨ (ਸੀਆਰਟੀਸੀ) ਨੇ ਇੱਕ ਨਵਾਂ ਨਿਯਮ ਲਿਆਂਦਾ ਹੈ ਜਿਸ ਤਹਿਤ ਬਿੱਲ ਨਾ ਅਦਾ ਕਰਨ ਦੀ ਸੂਰਤ ਵਿੱਚ ਖਪਤਕਾਰ ਦੇ ਘਰ ਦਾ ਫੋਨ ਕੱਟਣ ਤੋਂ ਪਹਿਲਾਂ ਉਸ ਨੂੰ ਮਜਬੂਰੀ ਦੱਸੀ ਜਾਣੀ ਜ਼ਰੂਰੀ ਹੋਵੇਗੀ। ਇਸ ਨਿਯਮ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਕਿਸੇ ਵੀ ਫੋਨ ਦੀ ਲਾਈਨ ਨੂੰ ਕੱਟਣ ਤੋਂ ਪਹਿਲਾਂ ਫੋਨ ਕੰਪਨੀਆਂ ਨੂੰ ਖਪਤਕਾਰ ਨੂੰ ਨੋਟਿਸ ਦੇ ਕੇ ਇਹ ਦੱਸਣਾ ਹੋਵੇਗਾ ਕਿ ਕਿਹੜੇ ਘੰਟਿਆਂ ਤੇ ਕਿਹੜੇ ਦਿਨਾਂ ਵਿੱਚ ਫੋਨ ਲਾਈਨ ਕੱਟੀ ਜਾ ਸਕਦੀ ਹੈ ਤੇ ਵੱਧ ਤੋਂ ਵੱਧ ਕਿੰਨੀ ਰਕਮ ਖਪਤਕਾਰ ਨੂੰ ਦੇਣੀ ਹੋਵੇਗੀ। ਸੀਆਰਟੀਸੀ ਦਾ ਕਹਿਣਾ ਹੈ ਕਿ ਕੈਨੇਡੀਅਨਾਂ ਨੂੰ ਫੋਨ ਕੰਪਨੀਆਂ ਦੀਆਂ ਕਈ ਤਰ੍ਹਾਂ ਦੀਆਂ ਨੀਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਤਹਿਤ ਉਨ੍ਹਾਂ ਦੇ ਘਰ ਦਾ ਫੋਨ ਕੱਟੇ ਜਾਣ ਜਾਂ ਡਿਪਾਜ਼ਿਟ ਦੇਣ ਦੀ ਗੱਲ ਕੀਤੀ ਜਾਂਦੀ ਹੈ। ਕੈਨੇਡੀਅਨ ਰੇਡੀਓ-ਟੈਲੀਵਿਜ਼ਨ ਐਂਡ ਟੈਲੀਕਮਿਊਨਿਕੇਸ਼ਨਜ਼ ਕਮਿਸ਼ਨ ਨੇ ਟੈਲੀਕੌਮ ਇੰਡਸਟਰੀ ਤੇ ਕੰਜ਼ਿਊਮਰ ਗਰੁੱਪ ਨੂੰ ਇਸ ਤਰ੍ਹਾਂ ਦੇ ਨਿਯਮ ਤਿਆਰ ਕਰਨ ਲਈ ਆਖਿਆ ਸੀ। ਇਹ ਕੋਡ ਵੱਡੀਆਂ ਟੈਲੀਫੋਨ ਕੰਪਨੀਆਂ ਤੇ ਉਨ੍ਹਾਂ ਦੇ ਟਾਕਰੇ ਦੀਆਂ ਕੰਪਨੀਆਂ ਦੋਵਾਂ ਉੱਤੇ 14 ਮਈ,2012 ਤੋਂ ਲਾਗੂ ਹੋਵੇਗਾ।

## ਘਰ ਘਰ ਜਾ ਕੇ ਵੋਟਰ ਸੂਚੀਆਂ ਬਣਾਉਣ ਦਾ ਕੋਈ ਫ਼ਾਇਦਾ ਨਹੀਂ

ਐਡਮਿੰਟਨ, (ਨਦਬ): ਮੁੱਖ ਚੋਣ ਦਫ਼ਤਰ ਦੇ ਵਕੀਲਾਂ ਨੇ ਅਦਾਲਤ ਵਿਚ ਸੁਝਾਅ ਦਿਤਾ ਕਿ ਘਰ ਘਰ ਜਾ ਕੇ ਵੋਟਰ ਸੂਚੀਆਂ ਬਨਾਉਣ ਨਾਲ ਭਵਿੱਖ ਦੀਆਂ ਚੋਣਾਂ ਵਿਚ ਕੋਈ ਫ਼ਾਇਦਾ ਨਹੀਂ ਹੋਵੇਗਾ। ਬਿਲ ਸ਼ੋਰਜ਼ ਨੇ ਦਸਿਆ ਕਿ ਨਵੀਂ ਵੋਟਰ ਸੂਚੀ ਵਿਚੋਂ 3 ਲੱਖ ਲੋਕਾਂ ਦੇ ਨਾਮ ਘੱਟ ਹਨ। ਦਸਣਯੋਗ ਹੈ ਕਿ ਘਰ ਘਰ ਜਾ ਕੇ ਵੋਟਰ ਸੂਚੀ ਬਨਾਉਣ ਦੀ ਮੁਹਿੰਮ 2004 ਤੋਂ ਬਾਅਦ ਪਿਛਲੀਆਂ ਗਰਮੀਆਂ ਵਿਚ ਸ਼ੁਰੂ ਕੀਤੀ ਗਈ ਸੀ। ਬਿਲ ਸੋਰਜ਼ ਨੇ ਕਿਹਾ ਕਿ, " ਐਲਬਰਟਾ ਸੂਬੇ ਦੇ ਲੋਕ ਦਰਵਾਜ਼ੇ 'ਤੇ ਨਹੀਂ ਆਉਂਦੇ ਕਿਉਂਕਿ ਉਹ ਆਪਣੇ ਨਿੱਜੀ ਵੇਰਵੇ ਦੇਣ ਤੋਂ ਕਤਰਾਉਂਦੇ ਹਨ। ਇਸ ਦੇ ਨਤੀਜੇ ਵਜੋਂ ਚੋਣ ਦਫ਼ਤਰ ਨੂੰ ਮੋਟਰ ਵਾਹਨਾਂ ਦੀ ਰਜਿਸਟ੍ਰੇਸ਼ਨ 'ਤੇ ਅਧਾਰਤ ਜਾਣਕਾਰੀ 'ਤੇ ਨਿਰਭਰ ਰਹਿਣਾ ਪੈਂਦਾ ਹੈ।

## ਜ਼ਿਆਦਾਤਰ ਕਨੇਡੀਅਨ ਸੀ.ਬੀ.ਸੀ. ਫੰਡਿੰਗ ਘਟਾਉਣ ਜਾਂ ਖ਼ਤਮ ਕਰਨ ਦੇ ਪੱਖ ਵਿਚ ਨਹੀਂ

ਔਟਵਾ, (ਨਦਬ): ਕੰਜ਼ਰਵੇਟਿਵ ਸਰਕਾਰ ਵਲੋਂ ਕੀਤਾ ਗਿਆ ਵਾਅਦਾ ਕਿ ਸੀ.ਬੀ.ਸੀ. ਨੂੰ ਫ਼ੰਡਿੰਗ ਸਥਿਰ ਰਖੀ ਜਾਵੇਗੀ, ਲੋਕ ਰਾਏ ਨਾਲ ਮੇਲ ਖਾਂਦਾ ਜਾਪ ਰਿਹਾ ਹੈ। ਹੈਰਿਸ-ਡੈਸੀਮਾ ਦੇ ਇਕ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ 46 ਫ਼ੀ ਸਦੀ ਕੈਨੇਡੀਅਨ ਸੀ.ਬੀ.ਸੀ. ਨੂੰ ਮੌਜੂਦਾ ਪੱਧਰ 'ਤੇ ਫ਼ੰਡਿੰਗ ਜਾਰੀ ਰਖਣ ਦੇ ਪੱਖ ਵਿਚ ਹਨ ਜਦਕਿ 23 ਫ਼ੀ ਸਦੀ ਇਸ ਵਿਚ ਵਾਧਾ ਚਾਹੁੰਦੇ ਹਨ ਸਿਰਫ਼ 22 ਫ਼ੀ ਸਦੀ ਲੋਕ ਇਸ ਵਿਚ ਕਟੌਤੀ ਚਾਹੁੰਦੇ ਹਨ ਜਦਕਿ 12 ਫ਼ੀ ਸਦੀ ਲੋਕਾਂ ਦਾ ਕਹਿਣਾ ਹੈ ਕਿ ਇਸ ਨੂੰ ਖ਼ਤਮ ਹੀ ਕਰ ਦਿਤਾ ਜਾਵੇ।

ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਦੀ ਸਰਕਾਰ ਕਹਿੰਦੀ ਆਈ ਹੈ ਕਿ ਉਹ ਸੀ.ਬੀ.ਸੀ. ਦੇ ਬਜਟ ਵਿਚ ਕਟੌਤੀ ਨਹੀਂ ਕਰੇਗੀ। ਫਿਰ ਵੀ ਸੀ.ਬੀ.ਸੀ. ਦਾ ਭਵਿੱਖ ਸੰਘੀ ਸਿਆਸਤ ਵਿਚ ਬਹਿਸ ਦਾ ਵਿਸ਼ਾ ਹੈ। ਨੈਸ਼ਨਲ ਸਿਟੀਜ਼ਨ ਕੋਲੀਸ਼ਨ ਅਤੇ ਕੰਜ਼ਰਵੇਟਿਵ ਪਾਰਟੀ ਦੇ ਕੁੱਝ ਸੰਸਦ ਮੈਂਬਰਾਂ ਨੇ ਸੀ.ਬੀ.ਸੀ. ਦੀ ਫ਼ੰਡਿੰਗ ਵਿਚ ਕਟੌਤੀ ਲਈ ਪਟੀਸ਼ਨਾਂ ਦਾਖ਼ਲ ਕਰਨ ਦਾ ਵਿਚਾਰ ਬਣਾਇਆ ਹੈ। ਹੈਰਿਸ ਡੈਸੀਮਾ ਦੇ ਕਾਰਜਕਾਰੀ ਉਪ ਮੁਖੀ ਡੌਗ ਐਂਡਰਸਨ ਨੇ ਕਿਹਾ, "ਅਹਿਮ ਤੱਥ ਇਹ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਲੋਕ ਫ਼ੰਡਿੰਗ ਨੂੰ ਸਥਿਰ ਰਖਣ ਦੇ ਪੱਖ ਵਿਚ ਹਨ। ਸਰਵੇਖਣ ਵਿਚ ਅਸੀਂ ਦੇਖਿਆ ਕਿ ਜਿਹੜੇ ਕੈਨੇਡੀਅਨ ਨਾਗਰਿਕ ਫ਼ੰਡਿੰਗ ਵਿਚ ਕਮੀ ਜਾਂ ਪੂਰੀ ਤਰ੍ਹਾਂ ਖ਼ਾਤਮੇ ਦੇ ਪੱਖ ਵਿਚ ਹਨ ਉਹ ਕੰਜ਼ਰਵੇਟਿਵ ਪਾਰਟੀ ਦੇ ਸਮਰਥਕ ਹਨ ਅਤੇ ਉਨ੍ਹਾਂ ਦੀ ਉਮਰ 50 ਸਾਲ ਦੇ ਲਗਪਗ ਹੈ ਅਤੇ ਉਹ ਅਲਬਰਟਾ ਵਿਚ ਰਹਿੰਦੇ ਹਨ। ਫ਼ੰਡਿੰਗ ਵਧਾਉਣ ਦੀ ਇੱਛਾ ਵਾਲੇ ਲੋਕ ਐਟਲਾਂਟਿਕ ਕੈਨੇਡਾ ਨਾਲ ਸਬੰਧਤ ਹਨ ਅਤੇ ਨਿਊ ਡੈਮੋਕਰੇਟ ਪਾਰਟੀ ਨਾਲ ਸਬੰਧਤ ਹਨ। ਇਨ੍ਹਾਂ ਦੀ ਘਰੇਲੂ ਆਮਦਨ ਇਕ ਲੱਖ ਡਾਲਰ ਸਾਲਾਨਾ ਤੋਂ ਵੱਧ ਹੈ।

Great rates. Low fees. Expert advice.

- What's the best option for me, an open or closed mortgage?
- Should I choose a fixed or a variable interest rate?
- Is my downpayment enough for a conventional mortgage?

Before you move into your new home, you have important decisions to make. Let me help you with all of your mortgage questions. I have more than 21 years of experience in the financial services industry. I have been with Servus Credit Union for 12 years, specializing in the mortgage and lending area.

Let's talk.

Anjali Agarwal, Mortgage Development Manager 780.718.7217 anjali.agarwal@servus.ca servus.ca



servus credit union

feel good about your money.

BEST MANAGED COMPANIES

# ਕਨੇਡਾ ਪੋਸਟ ਦੀਆਂ ਮਹਿਲਾ ਕਰਮਚਾਰੀਆਂ ਨੂੰ 28 ਸਾਲ ਬਾਅਦ ਮਿਲਿਆ ਇਨਸਾਫ

ਐਡਮਿੰਟਨ (ਨਦਬ)-ਸੁਪਰੀਮ ਕੋਰਟ ਆਫ ਕੈਨੇਡਾ ਨੇ ਪਿਛਲੇ 28 ਸਾਲਾਂ ਤੋਂ ਬਰਾਬਰ ਤਨਖਾਹ ਦਾ ਹੱਕ ਦਿੱਤੇ ਜਾਣ ਦੀ ਲੜਾਈ ਲੜ ਰਹੀਆਂ ਕੈਨੇਡਾ ਪੋਸਟ ਦੀਆਂ ਮਹਿਲਾ ਕਰਮਚਾਰੀਆਂ ਦੇ ਹੱਕ ਵਿੱਚ ਇਤਿਹਾਸਕ ਫੈਸਲਾ ਸੁਣਾਇਆ ਹੈ। ਅਦਾਲਤ ਨੇ ਅਦਾਰੇ ਨੂੰ ਇਨ੍ਹਾਂ ਮੁਲਾਜ਼ਮਾਂ ਨੂੰ 150 ਮਿਲੀਅਨ ਡਾਲਰ ਦੇਣ ਦਾ ਹੁਕਮ ਦਿੱਤਾ। 28 ਸਾਲਾਂ ਤੱਕ ਚੱਲਿਆ ਇਹ ਮਸਲਾ ਉਦੋਂ ਸੁਲਝ ਗਿਆ ਜਦੋਂ ਸੁਪਰੀਮ ਕੋਰਟ ਨੇ ਕੈਨੇਡੀਅਨ ਹਿਊਮਨ ਰਾਈਟਸ ਟ੍ਰਿਬਿਊਨਲ ਦੇ ਮਹਿਲਾ ਕਰਮਚਾਰੀਆਂ ਦੇ ਪੱਖ ਵਿੱਚ ਦਿੱਤੇ ਫੈਸਲੇ ਨੂੰ ਬਰਕਰਾਰ ਰੱਖਿਆ। ਜ਼ਿਕਰਯੋਗ ਹੈ ਕਿ ਕੈਨੇਡਾ ਪੋਸਟ ਵਿੱਚ ਕਲਰਕ ਦੀ ਨੌਕਰੀ ਕਰਨ ਵਾਲੀਆਂ ਔਰਤਾਂ ਨੂੰ ਮਰਦਾਂ ਨਾਲੋਂ ਘੱਟ ਤਨਖਾਹ ਦਿੱਤੀ ਜਾਂਦੀ ਸੀ। ਪਬਲਿਕ ਸਰਵਿਸ ਅਲਾਇੰਸ ਆਫ ਕੈਨੇਡਾ ਦੀ ਐਗਜ਼ੈਕਟਿਵ ਵਾਈਸ ਪ੍ਰੈਜ਼ੀਡੈਂਟ ਪੈਟੀ ਡਚਾਰਮ ਨੇ ਆਖਿਆ ਕਿ ਇਸ ਫੈਸਲੇ ਤੋਂ ਅਸੀਂ ਬਹੁਤ ਖੁਸ਼ ਹਾਂ। ਕੈਨੇਡਾ ਪੋਸਟ ਦੀ ਤਰਜ਼ਮਾਨ ਐਨਿਕ ਲੋਜ਼ੀਅਰ ਨੇਂ ਆਖਿਆ ਕਿ ਅਸੀਂ ਇਸ ਫੈਸਲੇ ਦਾ ਸਤਿਕਾਰ ਕਰਦੇ ਹਾਂ।

# ਮੰਗਲ ਚੱਠਾ ਵਲੋਂ ਪੁਰਾਣੇ ਅਖਬਾਰਾਂ ਦੀ ਪ੍ਰਦਰਸ਼ਨੀ

ਕੈਲਗਰੀ, (ਬਲਜਿੰਦਰ ਸੰਘਾ) : ਹਰ ਇਕ ਮਨੁੱਖ ਨੂੰ ਕੋਈ ਨਾ ਸ਼ੌਕ ਜ਼ਰੂਰ ਹੁੰਦਾ ਹੈ ਜੋ ਉਸ ਕੋਲੋਂ ਉਹ ਕੰਮ ਵੀ ਕਰਵਾ ਦਿੰਦਾ ਹੈ ਜੋ ਕਿਸੇ ਹੋਰ ਮਨੁੱਖ ਲਈ ਅਸੰਭਵ ਹੁੰਦਾ ਹੈ, ਅਜਿਹਾ ਹੀ ਨਜ਼ਾਰਾ ਸੀ ਸਥਾਨਕ ਕੋਸੋ ਹਾਲ ਦਾ ਜਦੋਂ ਮੰਗਲ ਚੱਠਾ ਦੇ ਤਕਰੀਬਨ 1964 ਤੱਕ ਦੇ ਸਾਂਭੇ ਹੋਏ ਅਖਬਾਰਾਂ ਦੀ ਪ੍ਰਦਰਸ਼ਨੀ ਲਗਾਈ। ਮੰਗਲ ਚੱਠਾ ਜੋ ਖੁਦ ਲੇਖਕ ਵੀ ਹਨ, ਨੇ ਆਖਿਆ ਕਿ ਉਹਨਾਂ ਨੂੰ ਇਹ ਸ਼ੌਕ ਉਸ ਸਮੇਂ ਲੱਗਾ ਜਦੋਂ ਬਹੁਤ ਸਾਲ ਪਹਿਲਾ ਉਹ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਗਏ ਤੇ ਉੱਥੇ 23 ਮਾਰਚ 1929 ਦਾ ਅਖਬਾਰ ਦੇਖਿਆ। ਫਿਰ ਉਸਨੇ ਅਖਬਾਰਾਂ ਦੀਆਂ ਕਾਪੀਆਂ ਸਾਂਭਣੀਆਂ ਸ਼ੁਰੂ ਕਰ ਦਿੱਤੀਆਂ। ਅਲਬਰਟਾ ਦੇ ਸਰਵਿਸਜ਼ ਮੰਤਰੀ ਮਨਮੀਤ ਭੁੱਲਰ ਨੇ ਮੰਗਲ ਚੱਠਾ ਨੂੰ ਇਸ ਕਾਰਜ ਲਈ ਵਧਾਈ ਦਿੱਤੀ। ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਸਰ-ਪ੍ਰਸਤੀ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਵਿਚ ਸਭਾ ਦੇ ਪਧਾਨ ਗੁਰਬਚਨ ਬਰਾੜ, ਜਨਰਲ ਸਕੱਤਰ ਤਰਲੋਚਨ ਸੈਭੀ,ਪ੍ਰੋ ਮਨਜੀਤ ਸਿੰਘ ਸਿੱਧੂ, ਜਸਵੰਤ ਸਿੰਘ ਗਿੱਲ, ਮਹਿੰਦਰਪਾਲ ਐਸ ਪਾਲ, ਹਰੀਪਾਲ,ਬਲਜਿੰਦਰ ਸੰਘਾ, ਬੀਜਾ ਰਾਮ , ਭੋਲਾ ਸਿੰਘ ਚੋਹਾਨ, ਹਰਮਹਿੰਦਰ ਕੌਰ ਢਿਲੋਂ, ਸੀਮਾ ਚੱਠਾ, ਗੀਨੂੰ ਚੱਠਾ ,ਜਰਨੈਲ ਤੱਗੜ, ਹਰਕੰਵਲਜੀਤ ਸਹਿਲ, ਸੁਖਪਾਲ ਪਰਮਾਰ, ਸੁਰਿੰਦਰ ਗੀਤ, ਸੁਰਜੀਤ ਸਿੰਘ ਪੰਨੂੰ, ਜਸਵੀਰ ਸਿੰਘ ਸਿਹੋਤਾ, ਦਵਿੰਦਰ ਮਲਹਾਂਸ, ਗੁਰਦਿਆਲ ਖਹਿਰਾ, ਪੈਰੀ ਮਾਹਲ, ਬਲਵੀਰ ਗੋਰਾ, ਅਰਿਵੰਦਰ ਨੂਰ, ਮੰਗਾ ਬਾਸੀ ਅਤੇ ਮੰਗਲ ਚੱਠਾ ਦੇ ਦੋਸਤਾਂ ਤੋਂ ਬਿਨਾਂ ਹੋਰ ਬਹੁਤ ਸਾਰੇ ਪੰਤਵੰਤੇ ਸੱਜਣ ਵਿਸ਼ੇਸ ਤੌਰ ’ਤੇ ਹਾਜ਼ਰ ਸਨ।

# ‘ਮਹਿਫਿਲ-ਏ-ਸਲੀਮ’ ’ਚ- ਮਾਂ ਤੂੰ ਸੱਚਮੁੱਚ ਰਾਣੀ ਮਾਂ

ਐਡਮਿੰਟਨ (ਨਦਬ)-ਕੈਲਗਰੀ ਤੇ ਐਡਮਿੰਟਨ ਵਿਚ ‘ਮਹਿਫਿਲ-ਏ-ਸਲੀਮ’ ਤਹਿਤ ਉਘੇ ਗਾਇਕ ਮਾਸਟਰ ਸਲੀਮ ਦੇ ਸ਼ੋਅ ਕਰਵਾਏ ਗਏ। ਬਿਗ ਟੋਨ ਪ੍ਰੋਡਕਸ਼ਨ ਵਲੋਂ ਕੈਲਗਰੀ ਵਿਚ ਇਹ ਸ਼ੋਅ 5 ਨਵੰਬਰ ਨੂੰ ਮੈਗਨੋਲੀਆ ਬੈਂਕੁਇਟ ਹਾਲ ਤੇ ਐਡਮਿੰਟਨ ਵਿਚ 6 ਨਵੰਬਰ ਨੂੰ ਗ੍ਰੇਨਾਈਟ ਵੇਅਰਹਾਉਸ ਇੰਕ, ਸ਼ਨੀ ਵਿਉ ਹੋਮਜ਼ ਅਤੇ ਏ ਵਨ ਟਰੱਸ ਵਲੋਂ ਮਹਾਰਾਜਾ ਬੈਂਕੁਇਟ ਹਾਲ ਵਿਚ ਕਰਾਇਆ ਗਿਆ। ਇਸ ਵਿਚ ਸਲੀਮ ਨੇ ਆਪਣੇ ਚਰਚਿਤ ਗੀਤ ‘ਅੱਜ ਹੋਣਾ ਦੀਦਾਰ ਮਾਹੀ ਦਾ’ ਤੋਂ ਸ਼ੁਰੂਆਤ ਕਰਨ ਮਗਰੋਂ ‘ਤੇਰੇ ਇਸ਼ਕ ਨਚਾਇਆ ਕਰਕੇ ਥਈਆ ਥਈਆ’, ‘ਢੋਲ ਜਗੀਰੋ ਦਾ’, ‘ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ’, ‘ਮਾਂ ਤੂੰ ਸੱਚਮੁੱਚ ਰਾਣੀ ਮਾਂ’, ‘ਤੂੰ ਬਦਲੀ ਸੌ ਵਾਰ ਅਸੀਂ ਇਕ ਵਾਰ ਨੀ ਬਦਲੇ’ ਤੇ ਹੋਰ ਵੀ ਦਰਜਨਾਂ ਫਰਮਾਇਸ਼ਾਂ ਨਾਲ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ।

ਕੈਲਗਰੀ ਸ਼ੋਅ ਦੇ ਪ੍ਰਬੰਧਕ ਜਸਜੀਤ ਧਾਮੀ, ਦਰਸ਼ਨ ਸਿੱਧੂ ਤੇ ਐਡਮਿੰਟਨ ਸ਼ੋਅ ਦੇ ਪ੍ਰਬੰਧਕ ਸ਼ਨੀ ਬੜੈਚ, ਜਸਮੇਲ ਗਰੇਵਾਲ, ਮਨਮੋਹਨ ਧਾਲੀਵਾਲ ਤੇ ਲਾਟ ਭਿੰਡਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਅਲਬਰਟਾ ਦੇ ਰਾਜ ਮੰਤਰੀ ਨਰੇਸ਼ ਭਾਰਦਵਾਜ ਅਤੇ ਵਿਧਾਇਕ ਪੀਟਰ ਸੰਧੂ ਵੀ ਹਾਜ਼ਰ ਸਨ।

# ਮਨਮੀਤ ਸਿੰਘ ਭੁੱਲਰ ਵਲੋਂ ਪੰਜਾਬੀ ਲਿਖਾਰੀ ਸਭਾ ਕੈਲਗਰੀ ਨੂੰ ਦਸ ਹਜ਼ਾਰ ਡਾਲਰ ਭੇਟ

## ਮੰਗਾ ਬਾਸੀ ਦੀ ਕਾਵਿ ਨਾਟ ਪੁਸਤਕ ‘ਧਰਤ ਕਰੇ ਅਰਜੋਈ’ ਲੋਕ ਅਰਪਣ



ਕੈਲਗਰੀ, (ਬਲਜਿੰਦਰ ਸੰਘਾ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਗਈ। ਇਸ ਦਾ ਹੋਣਾ ਅਸੰਭਵ ਸੀ ਜੇ ਉਸ ਸਮੇਂ ਦੇ ਐਮ.ਐਲ.ਏ. ਮਨਮੀਤ ਭੁੱਲਰ ਹੁੰਗਾਰਾ ਨਾ ਭਰਦੇ। ਉਹਨਾਂ ਵੱਲੋ ਦਿੱਤੇ ਵਿੱਤੀ ਉਤਸ਼ਾਹ, ਸਭਾ ਨਾਲ ਜੁੜੇ ਸਤਕਾਰਯੋਗ ਸਪਾਂਸਰਜ਼ ਅਤੇ ਸੁਹਿਰਦ ਮੀਡੀਏ ਦੇ ਸਹਿਯੋਗ ਨਾਲ ਇਸ ਕਾਨਫਰੰਸ ਦਾ ਉਲੀਕਿਆ ਏਜੰਡਾ ਸਫਲ ਰਿਹਾ ਤੇ ਅਲਬਰਟਾ(ਕੇਨੈਡਾ) ਦੇ ਇਤਿਹਾਸ ਵਿਚ ਇਕ ਸੁਨਹਿਰੀ ਯਾਦ ਛੱਡ ਗਿਆ। ਉਸ ਸਮੇਂ ਦੇ ਕੀਤੇ ਵਾਅਦੇ ਨੂੰ ਨਿਭਾਉਦੇ ਹੋਏ ਮਨਮੀਤ ਸਿੰਘ ਭੁੱਲਰ ਨੇ ਪੰਜਾਬੀ ਲਿਖਾਰੀ ਸਭਾ ਕੈਲਗਰੀ ਨੂੰ ਦਸ ਹਜ਼ਾਰ ਡਾਲਰ ਦਾ ਚੈਕ ਭੇਂਟ ਕੀਤਾ ਅਤੇ ਨਾਲ ਹੀ ਸਭਾ ਨੂੰ ਅੱਗੇ ਤੋ ਸਹਿਤਕ ਤੇ ਸਮਾਜਿਕ ਗਤੀਵਿਧੀਆਂ ਨੂੰ ਹੋਰ ਉਸਾਰੂ ਬਣਾਓਣ ਦੀ ਅਪੀਲ ਕਰਦੇ ਹੋਏ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਕੀਤਾ। ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਗੁਰਬਚਨ ਬਰਾੜ ਤੇ ਸਾਰੀ ਐਗਜਿਕਟਿਵ ਕਮੇਟੀ ਨੇ ਇਸ ਲਈ ਮਨਮੀਤ ਸਿੰਘ ਭੁੱਲਰ ਦਾ ਧੰਵਨਾਦ ਕੀਤਾ। ਇਸ ਤੋਂ ਬਾਅਦ ਮੰਗਾ ਬਾਸੀ ਦੀ ਕਾਵਿ ਨਾਟਕ ਪੁਸਤਕ ‘ਧਰਤ ਕਰੇ ਅਰਜੋਈ’ ਵੀ ਰੀਲੀਜ਼ ਕੀਤੀ ਗਈ। ਹਰੀਪਾਲ ਨੇ ਡਾ. ਦਰਸ਼ਨ ਗਿੱਲ ਦਾ ਲਿਖਿਆ ਮੁੱਖ ਬੰਧ ਪੜ੍ਹਿਆ ਤੇ ਮੰਗਾ ਬਾਸੀ ਨੇ ਆਪਣੀਆ ਰਚਨਾਵਾਂ ਸੁਣਾਈਆ, ਜਿਸ ਦਾ ਸਰੋਤਿਆ ਨੇ ਖੂਬ ਅਨੰਦ ਮਾਣਿਆ।

# ਮਾਝੇ ਦੇ ਪਰਿਵਾਰਾਂ ਵਲੋਂ ਭਾਈਚਾਰਕ ਮਿਲਣੀ

ਐਡਮਿੰਟਨ (ਨਦਬ) ਐਡਮਿੰਟਨ ਦੇ ਮਹਾਰਾਜਾ ਬੈਂਕੁਇਟ ਹਾਲ ਵਿਚ ਸ਼ਹਿਰ ਵਿਚ ਵੱਸਦੇ ਮਾਝੇ ਦੇ ਪਰਿਵਾਰਾਂ ਨੇ ਭਾਈਚਾਰਕ ਮਿਲਣੀ ਲਈ ਰੰਗਾਰੰਗ ਪ੍ਰੋਗਰਾਮ ਕਰਵਾਇਆ। ਇਸ ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਇਹ ਨਾਈਟ ਵਿਦੇਸ਼ੀ ਧਰਤੀ ’ਤੇ ਮਾਝੇ ਦੇ ਪਰਿਵਾਰਾਂ ਦੀ ਆਪਸੀ ਸਾਂਝ ਤੇ ਮਿਲਵਰਤਣ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। ਇਸ ਮੌਕੇ ਹਰਿੰਦਰ ਕੌਰ ਰਿਆੜ (ਸਾਬਕਾ ਪ੍ਰਿੰਸੀਪਲ ਖਾਲਸਾ ਪਬਲਿਕ ਸਕੂਲ ਅੰਮ੍ਰਿਤਸਰ) ਨੇ ਮਾਝੇ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਲੋਕਾਂ ਨੇ ਭੰਗੜੇ ਤੇ ਗਿੱਧੇ ਦਾ ਆਨੰਦ ਮਾਣਿਆ। ਸਮਾਗਮ ਵਿਚ ਕੈਨੇਡਾ ਦੇ ਕੇਂਦਰੀ ਮੰਤਰੀ ਟਿਮ ਉਪਲ, ਅਲਬਰਟਾ ਸਿਹਤ ਵਿਭਾਗ ਦੇ ਰਾਜ ਮੰਤਰੀ ਨਰੇਸ਼ ਭਾਰਦਵਾਜ, ਸਿਟੀ ਕੌਂਸਲਰ ਅਮਰਜੀਤ ਸੋਹੀ, ਅਲਬਰਟਾ ਵਿਰੋਧੀ ਲਿਬਰਲ ਪਾਰਟੀ ਦੇ ਲੀਡਰ ਤੇ ਸਾਬਕਾ ਰਾਜ ਮੰਤਰੀ ਰਾਜ ਸ਼ਰਮਨ ਵੀ ਹਾਜ਼ਰ ਸਨ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਬਰਸੀ ਮੌਕੇ ਗੁਰਮੇਲ ਬੋਡੇ ਦੀ ਕਿਤਾਬ ਲੋਕ ਅਰਪਣ

ਐਡਮਿੰਟਨ (ਨਦਬ) ਰੂਰਲ ਹੈਰੀਟੇਜ ਐਂਡ ਸਪੋਰਟਸ ਕਲੱਬ ਤੇ ਰੰਗਮੰਚ ਥੀਏਟਰ ਆਫ ਅਲਬਰਟਾ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ 95ਵੀਂ ਬਰਸੀ ਮੌਕੇ ਮਿਲਵੁੱਡਜ਼ ਸੀਨੀਅਰ ਸੁਸਾਇਟੀ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਲੇਖਿਕਾ ਮਾਤਾ ਜਰਨੈਲ ਕੌਰ ਧਾਲੀਵਾਲ ਨੇ ਕਿਹਾ ਕਿ ਨਿੱਜੀ ਸੁਆਰਥਾਂ ਨੂੰ ਤਿਆਗ ਕੇ ਦੇਸ਼ ਕੌਮ ਲਈ ਮਰ ਮਿਟਣ ਵਾਲੇ ਇਸ ਮਹਾਨ ਸ਼ਹੀਦ ਦਾ ਨਾਂਅ ਰਹਿੰਦੀ ਦੁਨੀਆ ਤੱਕ ਰਹੇਗਾ। ਲੇਖਕ ਤੇ ਦਸਤਕ ਮੈਗਜ਼ੀਨ ਦੇ ਆਨਰੇਰੀ ਸੰਪਾਦਕ ਗੁਰਮੇਲ ਬੋਡੇ ਦੀ ਕਿਤਾਬ ‘ਸੱਚੋ ਸੱਚ ਦੱਸ ਵੇ ਜੋਗੀ’ ਮੰਤਰੀ ਨਰੇਸ਼ ਭਾਰਦਵਾਜ ਵਲੋਂ ਰਿਲੀਜ਼ ਕੀਤੀ ਗਈ। ਤਰਕਸ਼ੀਲ ਸਭਿਆਚਾਰ ਸੁਸਾਇਟੀ ਆਫ ਕੈਨੇਡਾ ਦੇ ਪ੍ਰਧਾਨ ਅਵਤਾਰ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਹਾਰਾ ਸੀਨੀਅਰ ਗਰੁੱਪ ਦੇ ਪ੍ਰਧਾਨ ਹਰਚੰਦ ਸਿੰਘ ਸਰਾਭਾ, ਗੁਰਦਿਆਲ ਸਿੰਘ ਹੰਸਰਾ, ਲਾਟ ਭਿੰਡਰ, ਭੁਪਿੰਦਰਪਾਲ ਰੰਧਾਵਾ, ਰਣਜੀਤ ਖਹਿਰਾ, ਦਰਸ਼ਨ ਭੰਡਾਲ, ਅਨੂਪ ਧਾਲੀਵਾਲ, ਕੁਲਦੀਪ ਕੌਰ ਧਾਲੀਵਾਲ, ਮਹਿੰਦਰ ਸਿੰਘ ਭੁੱਲਰ, ਜੋਬਨਪ੍ਰੀਤ ਢਿਲੋਂ, ਪ੍ਰਿੰਸੀਪਲ ਸੁਰਜੀਤ ਕੌਰ, ਮੰਜੂ ਬਾਲਾ ਤੇ ਨਵਦੀਪ ਧਾਲੀਵਾਲ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪ੍ਰੋਗਰਾਮ ਦੇ ਪ੍ਰਬੰਧਕ ਰਘਵੀਰ ਬਿਲਾਸਪੁਰੀ ਤੇ ਕੁਲਦੀਪ ਧਾਲੀਵਾਲ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਐਨ.ਡੀ.ਪੀ. ਦੀ ਲੀਡਰਸ਼ਿਪ ਦੀ ਚੋਣ ਲੜ ਰਹੇ ਮਾਰਟਿਨ ਸਿੰਘ ਨੂੰ ਭਰਵਾਂ ਹੁੰਗਾਰਾ



ਐਡਮਿੰਟਨ (ਨਦਬ) ਕੈਨੇਡਾ ਦੀ ਆਫੀਸੀਓਲ ਆਪੋਜ਼ੀਸ਼ਨ ਪਾਰਟੀ ਐਨ.ਡੀ.ਪੀ. ਦੇ ਲੀਡਰ ਦੀ ਚੋਣ, ਜੋ ਅਗਲੇ ਸਾਲ ਹੋ ਰਹੀ ਹੈ, ਨੂੰ ਲੈ ਕੇ ਮੁਲਕ ਭਰ ਵਿਚ ਪਾਰਟੀ ਮੈਂਬਰਾਂ ਵਲੋਂ ਸਰਗਰਮੀਆਂ ਚਲਾਈਆਂ ਜਾ ਰਹੀਆਂ ਹਨ। ਵੈਸੇ ਤਾਂ ਕੁਝ ਦਹਾਕਿਆਂ ਤੋਂ ਕੈਨੇਡਾ ਦੇ ਪੰਜਾਬੀਆਂ ਦੀ ਸਿਆਸੀ ਸ਼ਮੂਲੀਅਤ ਹਰ ਚੋਣ ਵਿਚ ਹੁੰਦੀ ਹੈ ਪਰ ਇਸ ਚੋਣ ਵਿਚ ਕੈਨੇਡਾ ਭਰ ਦੇ ਪੰਜਾਬੀ ਤੇ ਭਾਰਤੀ ਭਾਈਚਾਰੇ ਦੀ ਰੁਚੀ ਹੋਰ ਵਧ ਗਈ ਹੈ ਕਿਉਂਕਿ ਇਸ ਚੋਣ ਵਿਚ ਇਕ ਸਿੱਖ ਉਮੀਦਵਾਰ ਮਾਰਟਿਨ ਸਿੰਘ, ਜੋ ਕੈਨੇਡਾ ਦੇ ਨੋਵਾ ਸਕੋਸੀਆ ਸੂਬੇ ਦਾ ਰਹਿਣ ਵਾਲਾ ਹੈ ਤੇ ਉਸ ਨੇ ਕੁਝ ਦਹਾਕੇ ਪਹਿਲਾਂ ਸਿੱਖ ਧਰਮ ਅਪਣਾ ਲਿਆ ਸੀ, ਵੀ ਮੈਦਾਨ ਵਿਚ ਹੈ। ਮਾਰਟਿਨ ਸਿੰਘ ਪੜ੍ਹਿਆ ਲਿਖਿਆ ਸੂਝਵਾਨ ਨੌਜਵਾਨ ਹੈ। ਉਸ ਕੋਲ ਚਾਰ ਡਿਗਰੀਆਂ ਕੈਮਿਸਟਰੀ, ਕੈਮੀਕਲ ਇੰਜਨੀਅਰਿੰਗ, ਫਾਰਮੈਸੀ ਤੇ ਐਮ.ਬੀ.ਏ. ਹਨ। ਮਾਰਟਿਨ ਦਾ ਮੈਡੀਕਲ ਖੇਤਰ ਵਿਚ ਚੰਗਾ ਕਾਰੋਬਾਰ ਹੈ ਤੇ ਉਹ ਕੈਨੇਡੀਅਨ ਫੌਜ ਦੇ ਰਿਜ਼ਰਵ ਵਿਭਾਗ ਵਿਚ ਅਫਸਰ ਹੈ। ਕੈਨੇਡੀਅਨ ਸੁਸਾਇਟੀ ਵਿਚ ਵਿਚਰਦਿਆਂ ਉਹ ਕਈ ਸਮਾਜਕ ਸੰਸਥਾਵਾਂ ਨਾਲ ਜੁੜਿਆ ਹੋਣ ਦੇ ਨਾਲ ਨਾਲ ਸਿਆਸੀ ਸੂਝ ਵਾਲਾ ਐਨ.ਡੀ.ਪੀ. ਮੈਂਬਰ ਹੈ। ਮਾਰਟਿਨ ਸਿੰਘ ਸਿੱਖ ਧਰਮ ਦੀਆਂ ਸਿਖਿਆਵਾਂ ’ਤੇ ਚਲਦਿਆਂ ਵੱਖ ਵੱਖ ਸੰਸਥਾਵਾਂ ਦੇ ਵਲੰਟੀਅਰ-ਸੇਵਾਵਾਂ ਨਿਭਾਉਣ ਵਾਲਾ ਉਤਸ਼ਾਹੀ ਨੌਜਵਾਨ ਹੈ। ਮਾਰਟਿਨ ਆਪਣੇ ਚੋਣ ਪ੍ਰਚਾਰ ਲਈ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੇ ਕਸਬਿਆਂ ਵਿਚ ਜਾ ਰਿਹਾ ਹੈ। ਉਨ੍ਹਾਂ ਨੇ ਪੰਜਾਬੀ ਭਾਈਚਾਰੇ ਨਾਲ ਮਹਾਰਾਜਾ ਬੈਂਕੁਇਟ ਹਾਲ ਵਿਚ ਵਿਸ਼ੇਸ਼ ਵੀ ਕੀਤੀ।

# ਮਸ਼ਾਲਾਂ ਬਾਲ ਕੇ ਚੱਲਣਾ...

ਐਡਮਿੰਟਨ (ਨਦਬ) ਪੰਜਾਬੀ ਹੈਰੀਟੇਜ ਥੀਏਟਰ ਸੁਸਾਇਟੀ ਆਫ ਅਲਬਰਟਾ ਵਲੋਂ ਭਾਜੀ ਗੁਰਸ਼ਰਨ ਸਿੰਘ ਦੇ ਲਿਖੇ ਪੰਜਾਬੀ ਨਾਟਕ ‘ਸੰਤਾਪ’ ਤੇ ‘ਕਿਵ ਕੂੜੇ ਤੁੱਟੇ ਪਾਲ’ ਦਾ ਇਥੇ ਯੂਨੀਵਰਸਿਟੀ ਦੇ ਸਬ ਥੀਏਟਰ ਵਿਚ ਸਫ਼ਲ ਮੰਚਨ ਕੀਤਾ ਗਿਆ। ਇਸ ਮੌਕੇ ਅਸ਼ੋਕ ਗੰਗਵਾਨੀ ਦੀ ਨਿਰਦੇਸ਼ਨਾ ਹੇਠ ਕੈਨੇਡਾ ਦੀ ਰੋਜ਼ਮਰ੍ਹਾ ਜ਼ਿੰਦਗੀ ’ਤੇ ਅਧਾਰਤ ‘ਸੰਤਾਪ’ ਨਾਟਕ ਖੇਡਿਆ ਗਿਆ। ਦੂਸਰਾ ਨਾਟਕ ‘ਕਿਵ ਕੂੜੇ ਤੁੱਟੇ ਪਾਲ’ ਪਰਮਜੀਤ ਗਿੱਲ ਤੇ ਅਸ਼ੋਕ ਗੰਗਵਾਨੀ ਦੀ ਸਾਂਝੀ ਨਿਰਦੇਸ਼ਨਾ ਹੇਠ ਪੇਸ਼ ਕੀਤਾ ਗਿਆ, ਜਿਸ ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਲੈ ਕੇ ਚਾਂਦਨੀ ਚੌਕ ਤੋਂ ਸਰਹੰਦ ਤਕ ਦੀ ਗਾਥਾ ਅਤੇ ਕੁਰਬਾਨੀਆ ਭਰੇ ਸਿੱਖ ਇਤਿਹਾਸ ਦੀ ਦਾਸਤਾਨ ਦੇਖ ਕੇ ਦਰਸ਼ਕਾਂ ਦੇ ਲੂੰ-ਕੰਡੇ ਖੜ੍ਹੇ ਹੋ ਗਏ। ਇਸ ਮੌਕੇ ਮਹਿੰਦਰ ਸਾਥੀ ਵਲੋਂ ਇਨਕਲਾਬੀ ਗੀਤ ‘ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤਕ ਰਾਤ ਬਾਕੀ ਹੈ’ ’ਤੇ ਕੋਰੀਓਗ੍ਰਾਫੀ ਕੀਤੀ ਗਈ। ਪਰਮਜੀਤ ਗਿੱਲ ਦੀ ਕਿਤਾਬ ‘ਮੇਰਾ ਘਰ ਮੇਰੀ ਕਹਾਣੀ’ ਵੀ ਦਲਜੀਤ ਸਿੰਘ ਰੱਖੜਾ ਵਲੋਂ ਰਿਲੀਜ਼ ਕੀਤੀ ਗਈ। ਪਵਿੱਤਰ ਧਾਲੀਵਾਲ ਨੇ ਦਲਜੀਤ ਸਿੰਘ ਰੱਖੜਾ ਬਾਰੇ ਜਾਣਕਾਰੀ ਸਾਂਝੀ ਕੀਤੀ। ਅਮਰਜੀਤ ਸੋਹੀ ਨੇ ਦੱਸਿਆ ਕਿ ਭਾਜੀ ਗੁਰਸ਼ਰਨ ਸਿੰਘ ਨੇ 1980 ’ਚ ਉੱਤਰੀ ਅਮਰੀਕਾ ਦੀ ਆਪਣੀ ਪਹਿਲੀ ਫੇਰੀ ਦੌਰਾਨ ਪੰਜਾਬੀ ਨਾਟਕ ਦਾ ਲਾਇਆ ਬੂਟਾ ਅੱਜ ਭਰ ਜਵਾਨੀ ’ਚ ਹੈ। ਪ੍ਰੋਗਰਾਮ ਦੀ ਸਫ਼ਲਤਾ ਵਿਚ ਪਵਿੱਤਰ ਧਾਲੀਵਾਲ ਤੇ ਦਵਿੰਦਰ ਧਾਲੀਵਾਲ ਦਾ ਯੋਗਦਾਨ ਰਿਹਾ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮਿਲਣੀ

ਕੈਲਗਰੀ (ਹਰਜੀਤ ਗਿੱਲ) ਅਰਪਨ ਲਿਖਾਰੀ ਸਭਾ ਦੀ ਮੀਟਿੰਗ ਕੋਸੋ ਦੇ ਹਾਲ ਵਿਚ ਸਤਨਾਮ ਸਿੰਘ ਢਾਅ ਦੀ ਪ੍ਰਧਾਨਗੀ ਹੇਠ ਹੋਈ। ਸਟੇਜ ਦੀ ਜ਼ਿੰਮੇਵਾਰੀ ਡਾ. ਹਰਭਜਨ ਸਿੰਘ ਢਿੱਲੋਂ ਨੇ ਨਿਭਾਈ। ਉਹਨਾਂ ਉੱਘੇ ਬਿਜ਼ਨਿਸਮੈਨ (ਆਟੋ ਫ਼ਲੀਟ ਸੇਲਜ਼) ਦੇ ਮਾਲਕ ਗਰੁਦੀਪ ਢਿੱਲੋਂ ਦੇ ਛੋਟੋ ਵੀਰ ਹਰਦੀਪ ਢਿੱਲੋਂ ਦੀ ਬੇਵਕਤ ਮੌਤ ਦੀ ਦੁੱਖਦਾਈ ਖ਼ਬਰ ਸਾਂਝੀ ਕੀਤੀ। ਸਭਾ ਨੇ ਸ਼ੋਕ ਮਤਾ ਪਾਸ ਕੀਤਾ। ਉਪਰੰਤ ਸ੍ਰ. ਮੋਹਣ ਸਿੰਘ ਦੀ ਬਰਸੀ ’ਤੇ ਉਨ੍ਹਾਂ ਨੂੰ ਯਾਦ ਕੀਤਾ ਗਿਆ। ਮਾ. ਬਚਿੱਤਰ ਸਿੰਘ ਗਿੱਲ, ਕੇਸਰ ਸਿੰਘ ਨੀਰ ਅਤੇ ਡਾ. ਹਰਭਜਨ ਸਿੰਘ ਢਿੱਲੋਂ ਨੇ ਸ਼ਰਧਾਜਲੀਆਂ ਭੇਟ ਕੀਤੀਆਂ।

ਬੀਬੀ ਹਰਮਿੰਦਰ ਕੌਰ ਨੇ ਸਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦਾ ਸਦਾ ਬਹਾਰ ਗੀਤ ‘ਮਾਵਾਂ ਧੀਆਂ’ ਆਪਣੀ ਸੁਰੀਲੀ ਅਵਾਜ਼ ਨਾਲ ਪੇਸ਼ ਕੀਤਾ। ਧਰਮ ਸਿੰਘ ਗਿੱਲ ਨੇ ਪ੍ਰਦੇਸ ਗਈ ਧੀ ਦੀ ਵੇਦਨਾ ਨੂੰ ਕਵਿਤਾ ਰਾਹੀ ਬਿਆਨ ਕੀਤਾ। ਦੂਜੇ ਦੌਰ ਦੀ ਸ਼ੁਰਆਤ ਦਵਿੰਦਰ ਮਲਹਾਂਸ ਦੀ ਲਿਖੀ ਕਹਾਣੀ ‘ਨਾਈਨ ਅਲੈਵਨ’ ਦੇ ਪਾਠ ਨਾਲ ਹੋਈ। ਹਰਨੇਕ ਸਿੰਘ ਬੱਧਣੀ ਨੇ ‘ਨਾਰੀ’ ਨਾਂ ਦੀ ਬਹੁਤ ਹੀ ਭਾਵਪੂਰਤ ਕਵਿਤਾ ਸੁਣਾਈ। ਮੇਜਰ ਸਿੰਘ ਧਾਲੀਵਾਲ ਨੇ ਪਿੱਛੇ ਰਹਿ ਗਏ ਸੁੰਨੇ ਵੇਹੜਿਆਂ ਦੀ ਬਾਤ ਪਾਉਦੀ ਕਵਿਤਾ ਸੁਣਾਈ। ਕੁਲਬੀਰ ਸਿੰਘ ਸ਼ੇਰ ਗਿੱਲ ਨੇ



‘ਮਿੱਟੀ’ ਨਾਂ ਦੀ ਕਵਿਤਾ ਸਾਂਝੀ ਕੀਤੀ। ਕੇਸਰ ਸਿੰਘ ਨੀਰ ਨੇ ਮਰਹੂਮ ਕਵੀ ਜਰਨੈਲ ਸਿੰਘ ਅਰਸ਼ੀ ਦੀ ਚਰਚਿਤ ਅਤੇ ਵਿਅੰਗਆਤਿਮਕ ਕਵਿਤਾ ‘ਗੁਰੂ ਨਾਨਕ ਨੂੰ’ ਸੁਣਾਈ। ਰਾਜਿੰਦਰ ਸਿੰਘ ਹੁੰਦਲ ਨੇ ਗੁਰੂ ਨਗਰੀ ਅੰਮ੍ਰਿਤਸਰ ਬਾਰੇ ਜਾਣਕਾਰੀ ਭਰਪੂਰ ਲੇਖ ਅੰਗਰੇਜ਼ੀ ਵਿੱਚ ਪੜ੍ਹਿਆ। ਹਰਜੀਤ ਗਿੱਲ ਨੇ ਪ੍ਰਸਿੱਧ ਸ਼ਾਇਰ ਕੇਸਰ ਸਿੰਘ ਨੀਰ ਦਾ ਲਿਖਿਆ ‘ਤੇਰੇ ਦੋ ਨੈਣਾ ਦੀ ਚਾਕਰੀ, ਅਸੀਂ ਕਰਦੇ ਹਾਰੇ ਵੇ’ ਗੀਤ ਗਾਇਆ

ਮਾ. ਬਚਿੱਤਰ ਸਿੰਘ ਗਿੱਲ ਨੇ ਕਰਨੈਲ ਸਿੰਘ ਪਾਰਸ ਦੀ ਲਿਖੀ ਕਵਿਤਾ ‘ਹੁਣ ਜਾਂਦੀ ਵਾਰੀ ਦੀ, ਦੇ ਲਾਂ ਪੂਰਨ ਪੱਤ ਨੂੰ ਲੋਰੀ’ ਕਵੀਵਸ਼ਰੀ ਰੰਗ ਵਿੱਚ ਪੇਸ਼ ਕੀਤੀ। ਇਨ੍ਹਾਂ ਤੋ ਇਲਾਵਾ ਬਲਵੰਤ ਸਿੰਘ ਸਰਾਂ, ਗੁਰਨਾਮ ਸਿੰਘ ਗਿੱਲ, ਨਛੱਤਰ ਸਿੰਘ ਢਿੱਲੋਂ, ਤੇਜਾ ਸਿੰਘ ਥਿਆੜਾ, ਨਿਰਮਲ ਸਿੰਘ ਧਾਰੀਵਾਲ, ਗੁਰਮੀਤ ਸਿੰਘ ਭੱਟੀ, ਬਖਤਾਵਰ ਸਿੰਘ ਬਰਾੜ, ਕੇਹਰ ਸਿੰਘ ਸਿੱਧੂ, ਅਦਰਸ਼ ਪਾਲ ਗਟੌੜਾ, ਤਰਲੋਚਨ ਡੂੜਾ, ਸੁਖਦੇਵ ਕੌਰ ਢਾਅ, ਨਗਿੰਦਰ ਸਿੰਘ, ਗੁਰਦੇਵ ਪੂੰਨੀ ਹੋਰਾਂ ਨੇ ਭਰਪੂਰ ਹਾਜ਼ਰੀ ਲਗਵਾਈ। ਅਖ਼ੀਰ ਤੇ ਸਤਨਾਮ ਸਿੰਘ ਢਾਅ ਨੇ ਹਰਦੀਪ ਢਿੱਲੋਂ ਦੀ ਦਰਦਨਾਕ ਮੌਤ ਤੇ ਅਫ਼ਸੋਸ ਕਰਦਿਆਂ ਢਿੱਲੋਂ ਪਰਿਵਾਰ ਨਾਲ ਦਿਲੀ ਹਮਦਰਦੀ ਪਰਗਟ ਕੀਤੀ।

# ਪੰਜਾਬ ਵਿਚ ਅਡਵਾਨੀ ਦੀ ਯਾਤਰਾ ਫ਼ਲਾਪ



ਚੰਡੀਗੜ੍ਹ, (ਨਦਬ) : ਪੰਜਾਬ ਵਿਚ ਚੋਣਾਂ ਨੂੰ ਧਿਆਨ ਵਿਚ ਰਖਦਿਆਂ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਜਨ ਚੇਤਨਾ ਯਾਤਰਾ ਤੋਂ ਲਾਭ ਲੈਣ ਦੀ ਰਣਨੀਤੀ ਨੂੰ ਸਹਿਯੋਗੀ ਅਕਾਲੀ ਦਲ ਨੇ ਕਰਾਰੀ ਸੱਟ ਮਾਰੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਕ ਰਣਨੀਤੀ ਤਹਿਤ ਪੂਰੇ ਪਰਿਵਾਰ ਨੂੰ ਅਡਵਾਨੀ ਦੀ ਯਾਤਰਾ ਵਿਚ ਲਾਈ ਰੱਖਿਆ, ਜਦਕਿ ਪੰਜਾਬ ਵਿਚ ਵੜਨ ਤੋਂ ਲੈ ਕੇ ਹਰਿਮੰਦਰ ਸਾਹਿਬ ਤਕ ਹੋਏ ਅਡਵਾਨੀ ਦੇ ਵਿਰੋਧ 'ਤੇ ਚੁੱਪ ਵੱਟੀ ਰੱਖੀ।

ਮਕਸਦ ਜੋ ਵੀ ਹੋਵੇ ਬਾਦਲ ਨੇ ਭਾਜਪਾ ਦੇ ਸੀਨੀਅਰ ਨੇਤਾ ਅਡਵਾਨੀ ਨੂੰ ਦਿਖਾ ਦਿਤਾ ਹੈ ਕਿ ਪੰਜਾਬ ਵਿਚ ਉਨ੍ਹਾਂ ਦੀ ਪਾਰਟੀ ਦੀ ਕੀ ਹੈਸੀਅਤ ਹੈ। ਇਹ ਕਿਵੇਂ ਸੰਭਵ ਹੈ ਕਿ ਸੂਬੇ ਦੀ ਸੱਤਾ ਵਿਚ ਭਾਜਪਾ ਕਾਬਜ਼ ਹੋਵੇ ਅਤੇ ਉਨ੍ਹਾਂ ਦੇ ਸੀਨੀਅਰ ਨੇਤਾ ਦੀ ਯਾਤਰਾ 'ਤੇ ਆਂਡੇ ਸੁੱਟੇ ਜਾਣ ਅਤੇ ਕਾਲੇ ਝੰਡੇ ਦਿਖਾਏ ਜਾਣ। ਇਹ ਵੀ ਅਜੀਬ ਹੈ ਕਿ ਐਸ.ਜੀ.ਪੀ.ਸੀ. ਦੀ ਕਮਾਨ ਮੁੱਖ ਮੰਤਰੀ ਬਾਦਲ ਦੇ ਹੱਥ ਵਿਚ ਹੋਵੇ ਅਤੇ ਦਰਬਾਰ ਸਾਹਿਬ ਵਿਚ ਅਡਵਾਨੀ ਨੂੰ ਸਿਰੋਪਾ ਨਾ ਮਿਲੇ। ਅਕਾਲੀ ਦਲ ਦੀ ਰਣਨੀਤ ਤੋਂ ਸੁਖਬੀਰ ਦੀ ਉਸ ਸੋਚ ਨੂੰ ਤਾਕਤ ਮਿਲਦੀ ਹੈ ਕਿ ਭਾਜਪਾ ਦੀਆਂ ਕੁਝ ਸੀਟਾਂ ਘੱਟ ਕਰ ਕੇ ਬਸਪਾ ਨਾਲ ਹੱਥ ਮਿਲਾਇਆ ਜਾਵੇ। ਉਧਰ, ਜਨ ਚੇਤਨਾ ਯਾਤਰਾ ਰਾਹੀਂ ਚੋਣਾਂ ਵਿਚ ਫ਼ਾਇਦਾ ਲੈਣ ਦਾ ਮਨਸੂਬਾ ਬਣਾਈ ਬੈਠੀ ਭਾਜਪਾ ਮੁੱਧੇ ਮੂੰਹ ਡਿੱਗੀ। ਪਾਰਟੀ ਸੂਤਰਾਂ ਅਨੁਸਾਰ 13 ਨਵੰਬਰ ਦੀ ਰਾਤ ਲੁਧਿਆਣਾ ਪਹੁੰਚਦਿਆਂ ਹੀ ਅਡਵਾਨੀ ਨੇ ਸੂਬੇ ਦੇ ਨੇਤਾਵਾਂ ਦੀ ਜ਼ੋਰਦਾਰ ਖਿਚਾਈ ਕੀਤੀ ਅਤੇ ਉਨ੍ਹਾਂ ਤੋਂ ਪੁੱਛਿਆ ਕਿ ਕੀ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਹੈ? ਅਤੇ ਜੇ ਹੈ ਤਾਂ ਉਨ੍ਹਾਂ ਦਾ ਸਰਕਾਰ ਵਿਚ ਕੋਈ ਯੋਗਦਾਨ ਜਾਂ ਦਖ਼ਲ ਹੈ ਵੀ ਜਾਂ ਨਹੀਂ।

# ਪਾਰਟੀ ਸਰਵੇਖਣ ਕਾਰਨ ਭਾਜਪਾ ਦੀ ਨੀਂਦ ਉੱਡੀ

ਚੰਡੀਗੜ੍ਹ, (ਨਦਬ) : ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੇ ਪ੍ਰਭਾਵ ਵਾਲੇ ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਵਲੋਂ ਕਰਵਾਏ ਗਏ ਸਰਵੇਖਣ ਦੀ ਰਿਪੋਰਟ ਭਾਜਪਾ ਦੇ ਅਨੁਕੂਲ ਨਹੀਂ ਆਈ। ਰਿਪੋਰਟ ਅਨੁਸਾਰ ਸ਼ਹਿਰੀ ਇਲਾਕਿਆਂ ਵਿਚ ਭਾਜਪਾ ਦਾ ਜਨ ਅਧਾਰ ਤੇਜ਼ੀ ਨਾਲ ਘੱਟ ਰਿਹਾ ਹੈ ਅਤੇ ਇਸ ਨੂੰ ਦੁਬਾਰਾ ਵਾਪਸ ਲਿਆਉਣ ਲਈ ਕੀਤੇ ਜਾ ਰਹੇ ਯਤਨ ਕਾਫੀ ਨਹੀਂ ਹਨ।

ਗਠਜੋੜ ਸਰਕਾਰ ਦੇ ਕਾਰਜਕਾਲ ਦੌਰਾਨ ਵਿਧਾਇਕਾਂ ਅਤੇ ਵਰਕਰਾਂ ਦੀ ਅਣਦੇਖੀ ਕਰਕੇ ਸਥਿਤੀ ਕਾਫ਼ੀ ਖਰਾਬ ਹੋਈ, ਜਦਕਿ ਖੁਰਾਣਾ ਰਿਸ਼ਵਤ ਕਾਂਡ ਤੋਂ ਬਾਅਦ ਇਸ ਵਿਚ ਹੋਰ ਵਾਧਾ ਹੋ ਗਿਆ। ਮੰਤਰੀ ਮੰਡਲ ਵਿਚ ਫੇਰਬਦਲ ਤੋਂ ਬਾਅਦ ਹੁਣ ਤਕ ਸਥਿਤੀ ਵਿਚ ਥੋੜ੍ਹਾ ਬਦਲਾਅ ਹੋਇਆ ਹੈ ਪਰ ਇਹ ਬਦਲਾਅ ਹਵਾ ਬਦਲਣ ਲਈ ਕਾਫੀ ਨਹੀਂ। ਸਰਵੇਖਣ ਰਿਪੋਰਟ ਦੀ ਜਾਣਕਾਰੀ ਸੂਬਾ ਭਾਜਪਾ ਨੂੰ ਦਿਤੀ ਜਾ ਚੁੱਕੀ ਹੈ ਅਤੇ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਤੇਜ਼ੀ ਨਾਲ ਕੰਮ ਕਰਨ ਦੀਆਂ ਹਦਾਇਤਾਂ ਵੀ ਜਾਰੀ ਕਰ ਦਿਤੀਆਂ ਗਈਆਂ ਹਨ। ਕੌਮੀ ਭਾਜਪਾ ਆਗੂਆਂ ਨੇ ਇਹ ਵੀ ਕਹਿ ਦਿਤਾ ਹੈ ਕਿ ਜੇਕਰ ਸਥਿਤੀ ਨਹੀਂ ਸੁਧਰੀ ਤਾਂ ਨੌਜਵਾਨਾਂ ਨੂੰ ਪਹਿਲ ਦਿਤੀ ਜਾਵੇਗੀ।

ਲਾਲ ਕ੍ਰਿਸ਼ਨ ਅਡਵਾਨੀ ਦੀ ਜਨ ਚੇਤਨਾ ਯਾਤਰਾ ਦੌਰਾਨ ਦੋ ਸਫ਼ਲ ਰੈਲੀਆਂ ਕਰ ਕੇ ਥੋੜ੍ਹੀ ਰਾਹਤ ਮਹਿਸੂਸ ਕੀਤੀ ਗਈ ਸੀ ਪਰ ਪੰਜਾਬ ਵਿਚ ਅਡਵਾਈ ਦੇ ਹੋਏ ਵਿਰੋਧ ਨੇ ਉਨ੍ਹਾਂ ਦੀ ਮਿਹਨਤ 'ਤੇ ਪਾਣੀ ਫੇਰ ਦਿਤਾ। ਵਿਰੋਧ ਕਾਰਨ ਅਡਵਾਨੀ ਐਨੇ ਨਰਾਜ਼ ਹੋਏ ਕਿ ਲੁਧਿਆਣਾ ਹੋਟਲ ਵਿਚ ਹੀ ਉਨ੍ਹਾਂ ਨੇ ਸੂਬੇ ਦੇ ਆਗੂਆਂ ਦੀ ਕਲਾਸ ਲਾ ਦਿਤੀ। ਸਿੱਧੀ ਜਹੀ ਗੱਲ ਹੈ ਕਿ ਪੰਜਾਬ ਯਾਤਰਾ ਦਾ ਫੀਡਬੈਕ ਕੌਮੀ ਭਾਜਪਾ ਕੋਲ ਪਹੁੰਚ ਚੁੱਕਾ ਹੈ ਅਤੇ ਇਸ ਨਾਲ ਸੂਬੇ ਦੇ ਭਾਜਪਾ ਆਗੂਆਂ ਦੀਆਂ ਮੁਸ਼ਕਲਾਂ ਵਿਚ ਵਾਧਾ ਹੋ ਗਿਆ ਹੈ।

## ਐਡਮਿੰਟਨ 'ਚ ਇੰਡੋ-ਕਨੇਡੀਅਨ ਭਾਈਚਾਰੇ ਲਈ ਬਣ ਰਹੇ ਖੇਡ ਕੰਪਲੈਕਸ ਵਾਰੇ ਖੁਸ਼ਖਬਰੀ

ਐਡਮਿੰਟਨ,(ਨਦਬ): ਪੰਜਾਬ ਯੁਨਾਇਟਿਡ ਸਪੋਰਟਸ ਐਂਡ ਹੈਰੀਟੇਜ ਐਸੋਸੀਏਸ਼ਨ ਦੇ ਨੁਮਾਇੰਦੇ ਬੜੇ ਮਾਣ ਨਾਲ ਇਸ ਖਬਰ ਦਾ ਐਲਾਨ ਕਰਨਾ ਚਾਹੁੰਦੇ ਹਨ ਕਿ ਕੰਪਲੈਕਸ ਯੋਜਨਾ ਲਈ ਐਡਮੰਟਨ ਸਿਟੀ ਕੌਂਸਲ ਨੇ 22 ਏਕੜ ਜਮੀਨ ਮੁਹੱਈਆ ਕਰਨ ਦੀ ਅਰਜ਼ੀ ਪ੍ਰਵਾਨ ਕਰ ਲਈ ਹੈ। ਜਿਸ ਅਧੀਨ ਇਸ ਐਸੋਸੀਏਸ਼ਨ ਨੂੰ ਕਬੱਡੀ, ਫੁੱਟਬਾਲ, ਫੀਲਡ ਹਾਕੀ, ਵਾਲੀਬਾਲ ਅਤੇ ਕ੍ਰਿਕਟ ਲਈ ਗਰਾਊਂਡਾਂ ਬਣਾਉਣ ਦਾ ਪਹਿਲਾ ਪੜਾਅ ਸੌਖਾ ਹੋ ਜਾਵੇਗਾ। ਇਹ ਜ਼ਮੀਨ 50 ਸਟਰੀਟ ਐਨਥਨੀ ਹੈਂਡੇ ਅਤੇ ਐਲਰਸਲੀ ਰੋਡ ਦੇ ਵਿਚਕਾਰ ਹੈ। ਇਹ ਐਡਮਿੰਟਨ ਦੇ ਭਾਈਚਾਰੇ ਲਈ ਇੱਕ ਵਿਰਾਸਤੀ ਕਾਰਜ ਹੋ ਨਿਬੜੇਗਾ। ਸੰਸਥਾ ਦੇ ਨੁਮਾਇੰਦੇ ਉਹਨਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੁੰਦੇ ਹਨ ਜਿਹਨਾਂ ਦੇ ਇਸ ਕਾਰਜ ਦੇ ਪਹਿਲੇ ਪੜਾਅ ਦੀ ਸਫਲਤਾ ਲਈ ਸਹਿਯੋਗ ਦਿੱਤਾ ਹੈ।

ਪੰਜਾਬ ਯੁਨਾਇਟਿਡ ਸਪੋਰਟਸ ਐਂਡ ਹੈਰੀਟੇਜ ਐਸੋਸੀਏਸ਼ਨ ਦੇ ਨੁਮਾਇੰਦੇ ਹੁਣ ਸਿਟੀ ਦੇ ਅਹੁੱਦੇਦਾਰਾਂ ਨਾਲ ਮਿਲ ਕੇ ਇਸ ਜ਼ਮੀਨ ਦੇ ਇਕਰਾਰਨਾਮੇ ਵਾਰੇ ਗੱਲਬਾਤ ਕਰਨਗੇ। ਸਿਟੀ ਦੀਆਂ ਇਸ ਵਾਰੇ ਕੁਝ ਸ਼ਰਤਾਂ ਹਨ ਜਿਹਨਾਂ ਵਿਚ ਵਕਤ ਸਿਰ ਪਹਿਲੇ ਪੜਾਅ ਦੀ ਪੂਰਤੀ ਲਈ ਉੱਚਤ ਰਕਮ ਇੱਕਠੀ ਕਰਨੀ ਵੀ ਹੈ। ਹੁਣ ਤੱਕ ਇਸ ਸੰਸਥਾ ਨੇ ਡੇਢ ਲੱਖ ਡਾਲਰ ਇੱਕਠਾ ਕਰ ਲਿਆ ਹੈ ਤੇ ਮਾਰਚ ਮਹੀਨੇ ਤੋਂ ਪਹਿਲਾਂ ਪਹਿਲਾਂ ਕੁੱਲ ਛੇ ਲੱਖ ਡਾਲਰ ਇੱਕਠਾ ਕਰਨਾ ਹੈ। ਐਸੋਸੀਏਸ਼ਨ ਆਉਣ ਵਾਲੇ ਸਮੇਂ ਵਿਚ ਗਰਾਂਟਾਂ ਲਈ ਵੀ ਅਪਲਾਈ ਕਰੇਗੀ ਪਰ ਇਹ ਗਰਾਂਟਾਂ ਤਾਂ ਹੀ ਮਿਲਦੀਆਂ ਹਨ ਜੇ ਪਹਿਲਾਂ ਭਾਈਚਾਰੇ ਵਿਚੋਂ ਫੰਡ ਇੱਕਠੇ ਕੀਤੇ ਹੋਏ ਹੋਣ। ਇਹ ਬਹੁਤ ਹੀ ਇਤਿਹਾਸਕ ਅਤੇ ਨਾਜ਼ੁਕ ਵਕਤ ਹੈ ਤਾਂ ਕਿ ਇਸ ਯੋਜਨਾਂ ਨੂੰ ਸਫਲਤਾ ਪੂਰਵਕ ਪੱਕਾ ਕੀਤਾ ਜਾ ਸਕੇ।

ਐਸੋਸੀਏਸ਼ਨ ਵਲੋਂ ਸਮੂੰਹ ਭਾਈਚਾਰੇ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਉ ਇੱਕਮੁੱਠ ਹੋ ਕੇ ਇਸ ਪ੍ਰੋਜੈਕਟ ਲਈ ਭਾਈਚਾਰਕ ਸਾਂਝ ਦੀ ਮਿਸਾਲ ਕਾਇਮ ਕਰੀਏ। ਸਾਰੀਆਂ ਸੰਸਥਾਵਾਂ ਭਾਵੇਂ ਸੱਭਿਆਚਾਰਕ, ਖੇਡਾਂ, ਧਾਰਮਿਕ ਜਾਂ ਸਮਾਜਿਕ ਹੋਣ, ਸਾਰੇ ਹੀ ਇਸ ਵਿਚ ਹਿੱਸਾ ਪਾ ਕੇ ਇਹ ਵਿਰਾਸਤੀ ਕਾਰਜ ਨੂੰ ਨੇਪਰੇ ਚਾੜ੍ਹ ਸਕਦੇ ਹਨ। ਖਾਸ ਕਰਕੇ ਸਹਿਯੋਗੀ ਸੰਸਥਾਵਾਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੇ ਮੈਂਬਰਾਂ ਦੇ ਸਹਿਯੋਗ ਨਾਲ ਵੱਧ ਤੋਂ ਵੱਧ ਹਿੱਸਾ ਪਾਉਣ ਜਿਵੇਂ ਕਿ $20,000 ਦੇ ਸਹਿਯੋਗ ਨਾਲ ਪਲੈਟੀਨਮ ਅਤੇ $10,000 ਨਾਲ ਗੋਲਡ ਸਪਾਂਸਰਸ਼ਿਪ ਮਿਲ ਸਕਦੀ ਹੈ।

ਇਸ ਪ੍ਰੋਜੈਕਟ ਵਾਰੇ ਕੋਈ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਮਹਿੰਦਰ ਬੰਗਾ -780 913 1820, ਇਕਬਾਲ ਮਾਹਲ – 780 995 7035, ਕਮਲਜੀਤ ਸਿੱਧੂ – 780 499 9913, ਰੌਕੀ ਜੋਸਨ – 780 441 5224 ਜਾਂ ਕਸ਼ਮੀਰ ਗਿੱਲ ਨਾਲ 780 951 2772 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਟੈਕਸੀ ਡਰਾਈਵਰਾਂ ਦੀਆਂ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ

ਐਡਮਿੰਟਨ (ਨਦਬ) ਇਥੋਂ ਦੇ ਐਡਮਿੰਟਨ ਹੋਟਲ ਵਿਚ ਯੈਲੋ ਕੈਬ, ਪ੍ਰੈਸਟੀਜ਼, ਚੈਕਰ ਤੇ ਬੈਰਲ, ਟੈਕਸੀ ਕੰਪਨੀਆਂ ਦੇ ਡਰਾਈਵਰਾਂ ਵਲੋਂ ਪਹਿਲੀ ਵਾਰ ਕਾਇਮ ਟੀਮਸਟਰ ਲੋਕਲ ਯੂਨੀਅਨ 987 ਦੀ ਆਮ ਮੀਟਿੰਗ ਹੋਈ। ਇਸ ਵਿਚ ਟੈਕਸੀ ਕੰਪਨੀ ਨਾਲ ਕੀਤੇ ਜਾ ਰਹੇ ਸਮਝੌਤੇ ਬਾਰੇ ਜਾਣਕਾਰੀ ਦਿੱਤੀ ਗਈ। ਯੂਨੀਅਨ ਦੇ ਬੁਲਾਰਿਆਂ ਵਲੋਂ ਇੰਸ਼ੋਰੈਂਸ ਚਾਰਜ ਖ਼ਤਮ ਕਰਨ, ਕੰਪਨੀ ਵਿਚੋਂ ਕੱਢੇ ਗਏ ਡਰਾਈਵਰਾਂ ਦੀ ਵਾਪਸੀ ਤੇ ਡਰਾਈਵਰ ਭਾਈਚਾਰੇ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਯੂਨੀਅਨ ਦੇ ਅਹੁਦੇਦਾਰਾਂ ਬਲਰਾਜ ਮਿਨਹਾਸ, ਮਨਜਿੰਦਰ ਪੂਨੀਆ, ਜਤਿੰਦਰ ਦਿਓਲ ਬਿੱਟੂ, ਗੁਰਪ੍ਰੀਤ ਬੜੈਚ, ਟਿਮ ਤੇ ਵੈਨ ਵਲੋਂ ਪੇਸ਼ ਸੁਝਾਅ ਕੰਪਨੀ ਅਧਿਕਾਰੀਆਂ ਨਾਲ ਸਾਂਝੇ ਕਰਨ ਬਾਰੇ ਫੈਸਲਾ ਕੀਤਾ ਗਿਆ।

### ਕੈਪਟਨ ਅਮਰਿੰਦਰ ਸਿੰਘ ਨੇ ਕੀਤਾ ਖੁਲਾਸਾ

# ਕਾਂਗਰਸ ਦੇ ਕੁਝ ਵਿਧਾਇਕਾਂ ਦੀ ਕੱਟੀ ਜਾ ਸਕਦੀ ਹੈ ਟਿਕਟ

ਚੰਡੀਗੜ੍ਹ, (ਨਦਬ) : ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਕਾਂਗਰਸ ਦੇ ਮੌਜੂਦਾ ਸਾਰੇ 43 ਵਿਧਾਇਕ ਨੂੰ ਟਿਕਟ ਨਹੀਂ ਮਿਲੇਗੀ। ਕੁਝ ਵਿਧਾਇਕਾਂ ਦੀਆਂ ਟਿਕਟਾਂ ਕੱਟੀਆਂ ਜਾ ਸਕਦੀਆਂ ਹਨ। ਜਿਨ੍ਹਾਂ ਨੂੰ ਟਿਕਟ ਨਹੀਂ ਮਿਲੇਗੀ ਉਨ੍ਹਾਂ ਨੂੰ ਸਰਕਾਰ ਵਿਚ ਕਿਤੇ ਨਾ ਕਿਤੇ ਅਡਜਸਟ ਕਰ ਲਿਆ ਜਾਵੇਗਾ। ਇਹ ਪੁੱਛੇ ਜਾਣ 'ਤੇ ਕਿ ਕੀ ਮੌਜੂਦਾ ਸਾਰੇ ਵਿਧਾਇਕਾਂ ਨੂੰ ਕਾਂਗਰਸ ਦੀ ਨੀਤੀ ਅਨੁਸਾਰ ਟਿਕਟ ਦਿਤੀ ਜਾਵੇਗੀ? ਤਾਂ ਕੈਪਟਨ ਨੇ ਕਿਹਾ ਕਿ ਨਹੀਂ। ਆਖਰੀ ਫੈਸਲਾ ਕਾਂਗਰਸ ਪ੍ਰਧਾਨ ਦਾ ਹੋਵੇਗਾ। ਇਹ ਜ਼ਰੂਰੀ ਨਹੀਂ ਕਿ ਸਾਰੇ ਵਿਧਾਇਕਾਂ ਨੂੰ ਟਿਕਟ ਦਿਤੀ ਜਾਵੇਗੀ ਅਤੇ ਇਹ ਵੀ ਜ਼ਰੂਰੀ ਨਹੀਂ ਕਿ ਸਾਰਿਆਂ ਦੀ ਹੀ ਟਿਕਟ ਕੱਟੀ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਕੇਵਲ ਜਿੱਤਣ ਵਾਲੇ ਉਮੀਦਵਾਰ ਨੂੰ ਹੀ ਟਿਕਟ ਮਿਲੇਗੀ। ਚਾਹੇ ਕੋਈ ਵੀ ਹੋਵੇ, ਇਕ ਇਕ ਸੀਟ 'ਤੇ ਚਰਚਾ ਹੋਵੇਗੀ।

### ਜਿਨ੍ਹਾਂ ਨੇ ਸਾਥ ਨਹੀਂ ਛੱਡਿਆ ਉਨ੍ਹਾਂ ਨੂੰ ਮਿਲੇਗਾ ਫ਼ਾਇਦਾ

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਜਿਨ੍ਹਾਂ ਨੇ ਪਿਛਲੇ ਸਾਢੇ ਚਾਰ ਸਾਲ ਵਿਚ ਅਕਾਲੀਆਂ ਵਿਰੁਧ ਲੜਾਈ ਵਿਚ ਉਨ੍ਹਾਂ ਦਾ ਸਾਥ ਦਿਤਾ ਹੈ, ਉਨ੍ਹਾਂ ਸਾਰਿਆਂ ਨੂੰ ਐਡਜਸਟ ਕੀਤਾ ਜਾਵੇਗਾ, ਸਰਕਾਰ ਵਿਚ ਬਹੁਤ ਅਹੁਦੇ ਹੁੰਦੇ ਹਨ। ਬਾਗੀਆਂ ਨਾਲ ਨਜਿੱਠਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਨੇ ਕਿਹਾ ਕਿ ਬਾਗੀ ਕੋਈ ਬਣੇਗਾ ਹੀ ਨਹੀਂ ਕਿਉਂਕਿ ਸਾਰਿਆਂ ਨੂੰ ਪਤਾ ਹੈ ਕਿ ਕਾਂਗਰਸ ਦੀ ਸਰਕਾਰ ਬਣਨ ਜਾਣ ਰਹੀ ਹੈ। ਇਸ ਲਈ ਟਿਕਟ ਲੈਣ ਵਾਲਿਆਂ ਦੀ ਵੀ ਲੰਮੀ ਲਾਈਨ ਹੈ।

### ਕੋਈ ਵੀ ਕਾਂਗਰਸੀ ਆਜ਼ਾਦ ਨਹੀਂ ਖੜੇਗਾ

ਉਨ੍ਹਾਂ ਨੇ ਕਿਹਾ ਕਿ ਜਦ ਕਾਂਗਰਸ ਪ੍ਰਧਾਨ ਇਕ ਵਾਰ ਟਿਕਟ ਦਾ ਫੈਸਲਾ ਕਰ ਦੇਵੇਗੀ ਤਾਂ ਬਾਕੀ ਦੇ ਉਸ ਦੀ ਮਦਦ ਕਰਨਗੇ। ਟਿਕਟ ਤੋਂ ਵਾਂਝੇ ਰਹਿਣ ਵਾਲਿਆਂ ਵਿਚੋਂ ਕੋਈ ਵੀ ਵਿਅਕਤੀ ਆਜ਼ਾਦ ਨਹੀਂ ਖੜੇਗਾ, ਕਿਉਂਕਿ ਉਹ ਸਰਕਾਰ ਦਾ ਹਿੱਸਾ ਬਣਨਾ ਚਾਹੇਗਾ। ਕਾਂਗਰਸ ਵਿਚ ਗੁੱਟਬਾਜ਼ੀ ਸਬੰਧੀ ਪੁੱਛੇ ਸਵਾਲ ਸਬੰਧੀ ਕੈਪਟਨ ਨੇ ਕਿਹਾ ਕਿ ਗੁੱਟਬਾਜ਼ੀ ਚੰਗੀ ਗੱਲ ਹੈ। ਇਸ ਦਾ ਮਤਲਬ ਹੁੰਦਾ ਹੈ ਕਿ ਕਾਂਗਰਸ ਜਿਉਂਦੀ ਜਾਗਦੀ ਪਾਰਟੀ ਹੈ। ਜਿਨ੍ਹਾਂ ਨੂੰ ਟਿਕਟ ਨਹੀਂ ਮਿਲੇਗਾ, ਉਨ੍ਹਾਂ ਸਾਰਿਆਂ ਨੂੰ ਜਾ ਕੇ ਮਿਲਾਂਗੇ ਅਤੇ ਮਨਾ ਲਵਾਂਗੇ।

# ਸ਼ਾਹਮੁਖੀ ਅਤੇ ਗੁਰਮੁਖੀ ਵਿਚ ਤਿੰਨ ਦੋਸਤਾਂ ਦਾ ਚੋਣਵਾਂ ਕਲਾਮ 'ਤ੍ਰਵੈਣੀ' ਲੋਕ ਅਰਪਣ

### ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ




ਕੈਲਗਰੀ, (ਜੱਸ ਚਾਹਲ) : ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਦੇ ਹਾਲ ਵਿਚ ਹੋਈ। ਪ੍ਰਧਾਨਗੀ ਮੰਡਲ ਵਿੱਚ ਫੋਰਮ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ, ਦੇਵਿੰਦਰ ਸ਼ੋਰੀ ਐਮ. ਪੀ., ਸ਼ਿਰਾਜ਼ ਸ਼ਰੀਫ਼ ਸਾਬਕਾ ਐਮ. ਐਲ. ਏ., ਬੀਬੀ ਸੁਖਰਾਜ (ਰਾਨੀ) ਢੱਟ ਅਤੇ ਮੀਤ ਪ੍ਰਧਾਨ ਸਲਾਹੁਦੀਨ ਸਬਾ ਸ਼ੇਖ਼ ਸ਼ਾਮਲ ਹੋਏ। ਫੋਰਮ ਦੇ ਸਕੱਤਰ ਜੱਸ ਚਾਹਲ ਨੇ ਸਭਨੂੰ ਜੀ ਆਇਆਂ ਆਖਿਆ ਅਤੇ ਪਿਛਲੀ ਇਕੱਤਰਤਾ ਦੀ ਰਿਪੋਰਟ ਪੜ੍ਹਕੇ ਸੁਣਾਈ ਜੋ ਕਿ ਸਭ ਵਲੋਂ ਪਰਵਾਨ ਕੀਤੀ ਗਈ। ਪਹਿਲੇ ਬੁਲਾਰੇ ਹਮਜ਼ਾ ਸ਼ੇਖ਼ ਦੇ ਤਲਾਵਤ ਪੜਨ ਨਾਲ ਸਭਾ ਦੀ ਸ਼ੁਰੂਆਤ ਹੋਈ।

ਜਤਿੰਦਰ ਸਿੰਘ 'ਸਵੈਚ' ਨੇ ਆਪਣੀ ਕਵਿਤਾ 'ਫੇਸ ਬੁੱਕ', ਸਾਲਿਹਾ ਹੱਕ ਨੇ ਅੰਗ੍ਰੇਜ਼ੀ ਦੀਆਂ ਦੋ ਕਵਿਤਾਵਾਂ, ਕਾਇਨਾਤ ਵਰੈਚ ਨੇ ਅੰਗ੍ਰੇਜ਼ੀ ਕਵਿਤਾ 'ਕੈਨੇਡਾ ਡੇ', ਮੋਹਤਰਮਾ ਅਮਤੁੱਲ ਮਤੀਨ ਖ਼ਾਨ ਨੇ 'ਵਾਅਦੋਂ ਕਾ ਅਸੀਰ' ਨਜ਼ਮ ਅਤੇ ਮੋਹਤਰਮਾ ਫ਼ਾਤਿਮਾ ਸ਼ੇਖ਼ ਨੇ ਨਜ਼ਮ ਨਾਲ ਤਾਲੀਆਂ ਲੁੱਟ ਲਈਆਂ। ਚੰਡੀਗੜ ਤੋਂ ਆਈ ਕਵਿਤ੍ਰੀ ਸੁਦਰਸ਼ਨ ਵਾਲੀਆ ਨੇ ਆਪਣੀ ਖ਼ੂਬਸੂਰਤ ਗ਼ਜ਼ਲ ਨਾਲ ਵਾਹ-ਵਾਹ ਖੱਟੀ।

ਬੀਬੀ ਸੁਖਰਾਜ ਢੱਟ 'ਤਬੱਸਮ' ਉਰਫ਼ ਰਾਨੀ ਢੱਟ ਨੇ ਅਪਣੇ ਪਿਤਾ ਪ੍ਰੋ. ਮੋਹਨ ਸਿੰਘ ਔਜਲਾ ਦੀ ਪਹਿਲੀ ਬਰਸੀ ਤੇ ਆਪਣੀ ਪਲੇਠੀ ਸੰਪਾਦਤ ਕਿਤਾਬ 'ਤ੍ਰਵੈਣੀ' ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਕਿਤਾਬ ਵਿੱਚ ਤਿੰਨ ਦੋਸਤਾਂ ਪ੍ਰੋ. ਮੋਹਨ ਸਿੰਘ ਔਜਲਾ, ਪ੍ਰੋ. ਸ਼ਮਸ਼ੇਰ ਸਿੰਘ ਸੰਧੂ ਅਤੇ ਜਨਾਬ ਸਬਾ ਸ਼ੇਖ਼ ਦੀਆਂ ਚੋਣਵੀਆਂ ਰਚਨਾਵਾਂ ਦਾ ਸੰਗਮ ਹੈ।ਤ੍ਰਵੈਣੀ ਦੀ ਇਕ ਖ਼ਾਸ ਗੱਲ ਇਹ ਵੀ ਹੈ ਕਿ ਇਸ ਵਿੱਚ ਹਰ ਰਚਨਾ ਗੁਰਮੁਖੀ ਅਤੇ ਸ਼ਾਹਮੁਖੀ, ਦੋਨੋਂ ਲਿਪੀਆਂ ਵਿੱਚ ਛਾਪੀ ਗਈ ਹੈ ਇਸ ਕਿਤਾਬ ਵਿੱਚ ਰਾਨੀ ਢੱਟ ਦੀਆਂ ਪੰਜ ਰਚਨਾਵਾਂ ਵੀ ਦਰਜ਼ ਹਨ। ਉਪਰੰਤ ਸੁਖਰਾਜ ਢੱਟ ਅਤੇ ਪ੍ਰੋ. ਸੰਧੂ ਨੇ ਦੇਵਿੰਦਰ ਸ਼ੋਰੀ, ਸ਼ਿਰਾਜ਼ ਸ਼ਰੀਫ਼, ਸਬਾ ਸ਼ੇਖ਼ ਤੇ ਜੱਸ ਚਾਹਲ ਨੇ 'ਤ੍ਰਵੈਣੀ' ਲੋਕ ਅਰਪਤ ਕਰਨ ਦੀ ਰਸਮ ਅਦਾ ਕੀਤੀ।

ਸ਼ਮਸ਼ੇਰ ਸਿੰਘ ਸੰਧੂ ਨੇ ਰਾਨੀ ਢੱਟ ਦੇ ਇਹ ਕਿਤਾਬ ਛਪਵਾਉਣ ਦੇ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਦੇਵਿੰਦਰ ਸ਼ੋਰੀ ਅਤੇ ਸ਼ਿਰਾਜ਼ ਸ਼ਰੀਫ਼ ਹੋਰਾਂ ਦਾ ਵੀ ਸਮਾਜਿਕ ਦੇ ਨਾਲ-ਨਾਲ ਸਾਹਿਤਿਕ ਕੰਮਾਂ ਵਿੱਚ ਵੀ ਪੂਰਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਸ਼ਮਸ਼ੇਰ ਸਿੰਘ ਸੰਧੂ ਨੇ ਆਪਣੀ ਅਤੇ ਔਜਲਾ ਹੋਰਾਂ ਦੀ ਇਕ ਇਕ ਗ਼ਜ਼ਲ ਵੀ ਸਾਂਝੀ ਕੀਤੀ।

ਦੇਵਿੰਦਰ ਸ਼ੋਰੀ ਨੇ ਸੁਖਰਾਜ ਢੱਟ ਦੇ ਇਸ ਸਾਹਿਤਿਕ ਉਦਮ ਲਈ ਉਹਨਾਂ ਨੂੰ ਵਧਾਈ ਦਿੰਦਿਆਂ ਪ੍ਰੋ. ਔਜਲਾ ਦੀਆਂ ਕੁਝ ਯਾਦਾਂ ਸਾਂਝੀਆਂ ਕੀਤੀਆਂ। ਸ਼ਿਰਾਜ਼ ਸ਼ਰੀਫ਼ ਹੋਰਾਂ ਰਾਈਟਰਜ਼ ਫੋਰਮ ਕੈਲਗਰੀ ਦੇ ਪੰਜਾਬੀ, ਹਿੰਦੀ ਤੇ ਉਰਦੂ ਨੂੰ ਇਕ ਸਾਂਝੇ ਪਲੇਟਫਾਰਮ ਤੇ ਇਕੱਠਾ ਕਰਨ ਦੀ ਸ਼ਲਾਘਾ ਕੀਤੀ।

ਸਲਾਹੁਦੀਨ ਸਬਾ ਸ਼ੇਖ਼ ਨੇ ਕਿਤਾਬ ਰਿਲੀਜ਼ ਦੀ ਵਧਾਈ ਦਿੰਦੇ ਹੋਏ ਅਪਣੇ ਵਿਛੜੇ ਦੋਸਤ ਦੀਆਂ ਪਿਆਰੀਆਂ ਯਾਦਾਂ ਸਾਝੀਆਂ ਕੀਤੀਆਂ। ਜੱਸ ਚਾਹਲਨੇ ਆਪਣੀ ਹਿੰਦੀ ਗ਼ਜ਼ਲ ਦੇ ਕੁਝ ਸ਼ਿਅਰ ਸੁਣਾਏ। ਚੰਡੀਗੜ ਤੋਂ ਆਏ ਆਰ. ਐੱਸ. 'ਫ਼ਰਾਜ਼' ਹੋਰਾਂ ਦੀ ਗ਼ਜ਼ਲ ਨੇ ਸਭ ਨੂੰ ਖ਼ੁਸ਼ ਕਰ ਦਿੱਤਾ। ਬੀਜਾ ਰਾਮ ਨੇ 'ਰਿਮੈਂਮਬਰੈਂਸ ਡੇ' ਤੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਆਪਣੀ ਸੁਰੀਲੀ ਅਵਾਜ਼ ਵਿੱਚ ਸ਼ਮਸ਼ੇਰ ਸੰਧੂ ਦੀਆਂ ਦੋ ਗ਼ਜ਼ਲਾਂ ਗਾਈਆਂ। ਡਾ. ਮਨਮੋਹਨ ਸਿੰਘ ਬਾਠ ਨੇ ਪੂਰੇ ਤਰੱਨਮ ਵਿੱਚ ਇਹ ਹਿੰਦੀ ਗੀਤ ਗਾ ਕੇ ਸਮਾਂ ਬੰਨ੍ਹ ਦਿੱਤਾ।

ਇਹਨਾਂ ਬੁਲਾਰਿਆਂ ਤੋਂ ਇਲਾਵਾ ਬੀਬੀ ਮਹਿੰਦਰ ਸੰਧੂ, ਬੀਬੀ ਸਰੀਨਾ ਸੰਧੂ, ਇੰਜ. ਗੁਰਦਿਆਲ ਸਿੰਘ ਖੈਹਰਾ, ਪੈਰੀ ਮਾਹਲ, ਪ੍ਰਭਦੇਵ ਸਿੰਘ ਗਿੱਲ, ਜੀ. ਸਿੰਘ, ਜਗੀਰ ਸਿੰਘ ਘੁੱਮਨ, ਬਲਵੰਤ ਸਿੰਘ ਧਾਲੀਵਾਲ, ਬੀਬੀ ਰਾਜਿੰਦਰ ਧਾਲੀਵਾਲ, ਬਲਵੰਤ ਸਿੰਘ ਧਾਲੀਵਾਲ, ਨਾਵੀਦ ਸ਼ਾਹ, ਖ਼ੁਰਸ਼ੀਦ ਅਸ਼ਰਫ਼, ਨਈਮ ਖ਼ਾਨ, ਨਿਘਤ ਸ਼ੇਖ਼, ਬੀਬੀ ਨਵਦੀਪ ਔਜਲਾ, ਬੀਬੀ ਸੁਨਾਵਰ ਔਜਲਾ, ਜਗਦੇਵ ਸੰਘਾ ਹੋਰਾਂ ਨੇ ਵੀ ਸਭਾ ਦੀ ਰੌਣਕ ਵਧਾਈ।

# ਮਿਲਵੁੱਡ ਹਲਕੇ ਤੋਂ ਪੀ.ਸ਼ੀ. ਪਾਰਟੀ ਦੀ ਨੋਮੀਨੇਸ਼ਨ 'ਚ ਕੁੱਦੇ ਰੌਨ ਰੰਧਾਵਾ

ਐਡਮਿੰਟਨ, (ਨਦਬ) : ਬੀਤੇ ਦਿਨੀਂ ਐਡਮਿੰਟਨ ਦੇ ਮਹਾਰਾਜਾ ਬੈਂਕਿਟ ਹਾਲ ਵਿਖੇ ਹਲਕਾ ਨਿਵਾਸੀਆਂ ਤੇ ਸਹਿਯੋਗੀਆਂ ਦਾ ਭਰਵਾਂ ਇਕੱਠ ਕਰ ਕੇ ਰੌਨ ਰੰਧਾਵਾ ਵਲੋਂ ਮਿਡਵੁਡਜ਼ ਵਿਧਾਨ ਸਭਾ ਹਲਕੇ ਤੋਂ ਪੀ.ਸੀ. ਪਾਰਟੀ ਦੀ ਨੋਮੀਨੇਸ਼ਨ ਚੋਣ ਲੜਨ ਦਾ ਐਲਾਨ ਕਰਨ ਉਪਰੰਤ ਬੀਤੀ 4 ਦਸੰਬਰ ਨੂੰ ਉਨ੍ਹਾਂ ਨੇ ਮਿਲਵੁਡ ਪਲਾਜ਼ਾ 34, 9261-34 ਐਵੀਨਿਊ ਸਥਿਤ ਆਪਣੇ ਦਫ਼ਤਰ ਦਾ ਉਦਘਾਟਨ ਕਰ ਦਿਤਾ। ਰੌਨ ਰੰਧਾਵਾ ਜੋ 2005 ਤੋਂ ਐਡਮਿੰਟਨ ਵਿਚ ਵਸ ਰਹੇ ਹਨ, ਛੋਟੇ ਹੁੰਦੇ ਕਨੇਡਾ ਆਏ ਸਨ ਅਤੇ ਉਨ੍ਹਾਂ ਨੇ ਕਨੇਡਾ ਵਿਚ ਹਾਇਰ ਐਜੂਕੇਸ਼ ਪ੍ਰਾਪਤ ਕੀਤੀ। ਰੌਨ ਰੰਧਾਵਾ ਨੇ ਰੌਨਾਲਡ ਸੀਨੀਅਰ ਸੈਕੰਡਰੀ ਸਕੂਲ ਵਿਕਟੋਰੀਆ ਤੋਂ ਆਪਣੀ ਸਕੂਲੀ ਪੜ੍ਹਾਈ ਮੁਕੰਮਲ ਕਰਨ ਤੋਂ ਬਾਅਦ 1987 ਵਿਚ ਯੂਨੀਵਰਸਿਟੀ ਆਫ਼ ਵਿਕਟੋਰੀਆ ਤੋਂ ਬੀ.ਐਸ.ਸੀ. ਬਾਇਓਲੌਜੀ ਅਤੇ ਇਸੇ ਯੂਨੀਵਰਸਿਟੀ ਤੋਂ 1989 'ਚ ਪੀ.ਐਸ.ਸੀ. ਸਾਈਕਾਲੋਜੀ ਕੀਤੀ। 1991 'ਚ ਰੰਧਾਵਾ ਨੇ ਮਾਸਟਰ ਆਫ਼ ਪਬਲਿਕ ਐਡਮਨਿਸਟਰੇਸ਼ਨ ਦੀ ਡਿਗਰੀ ਯੂਨੀਵਰਸਿਟੀ ਆਫ਼ ਵਿਕਟੋਰੀਆ ਤੋਂ ਪ੍ਰਾਪਤ ਕਰਨ ਤੋਂ ਬਾਅਦ ਆਪਣਾ ਕੈਰੀਅਰ ਸ਼ੁਰੂ ਕਰਦਿਆਂ ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਹੈਲਥ ਐਂਡ ਐਡਵਾਂਸ ਮਨਿਸਟਰੀ ਨਾਲ ਬਤੌਰ ਰਿਸਰਚ ਆਫੀਸਰ ਅਤੇ ਪ੍ਰੋਗਰਾਮ ਏਵੇਲਿਏਟਰ ਅਤੇ ਸਿਹਤ ਇਨਫ਼ਰਮੇਸ਼ਨ ਕੰਸਲਟੈਂਟ ਵਲੋਂ 13 ਸਾਲ ਕੰਮ ਕੀਤਾ।

ਇਸ ਤੋਂ ਇਲਾਵਾ ਰੌਲ ਰੰਧਾਵਾ ਸਮਾਜ ਸੇਵਕ ਵਜੋਂ ਕਈ ਸਰਕਾਰੀ, ਸਮਾਜਕ ਤੇ ਨਾਨ -ਪ੍ਰਾਫਿਟ ਸੰਸਥਾਵਾਂ ਨਾਲ ਵੀ ਕੰਮ ਕਰ ਰਹੇ ਹਨ। 2005 ਤੋਂ ਐਡਮਿੰਟਨ ਆ ਕੇ ਵੱਸਣ ਤੋਂ ਬਾਅਦ ਉਹ ਹੋਟਲ ਕਾਰੋਬਾਰ ਨਾਲ ਵੀ ਜੁੜੇ ਹੋਏ ਹਨ।

ਰੌਨ ਰੰਧਾਵਾ ਨੂੰ ਸਿਆਸਤ ਦੀ ਚੇਟਕ ਬਚਪਨ ਤੋਂ ਹੀ ਹੈ, ਉਨ੍ਹਾਂ ਦੇ ਦਾਦਾ ਜੀ ਜਥੇਦਾਰ ਸੋਹਣ ਸਿੰਘ ਜਲਾਲੁਉਸਮਾ ਪੰਜਾਬ ਦੀ ਸਿਆਸਤ ਦੇ ਘਾਗ ਵਿਅਕਤੀ ਰਹੇ ਹਨ ਅਤੇ ਉਹ ਪੰਜਾਬ ਸਰਕਾਰ ਵਿਚ ਮੰਤਰੀ ਵੀ ਰਹੇ। ਪਰਿਵਾਰ ਤੋਂ ਮਿਲੇ ਸਿਆਸੀ ਵਿਰਸੇ ਨੂੰ ਰੌਨ ਰੰਧਾਵਾ ਨੇ ਕਨੇਡਾ ਵਿਚ ਵੀ ਜਾਰੀ ਰੱਖਿਆ ਅਤੇ ਉਹ ਅਲਬਰਟਾ ਦੀ ਪੀ.ਸੀ. ਪਾਰਟੀ ਦੇ ਸਰਗਰਮ ਮੈਂਬਰ ਹੁੰਦਿਆਂ ਅੱਜਕਲ ਸ਼ੇਰਵੁੱਡ ਪਾਰਕ ਇਲਾਕੇ ਤੋਂ ਕੰਜ਼ਰਵੇਟਿਵ ਪਾਰਟੀ ਆਫ਼ ਕਨੇਡਾ ਦੇ ਡਾਇਰੈਕਟਰ ਹਨ। ਇਸ ਤੋਂ ਇਲਾ ਰੌਨ ਰੰਧਾਵਾ ਫੋਰਟ ਸਸਕੈਵੀਵਾਨ-ਵੈਗਰਵਿਲੇ ਹਲਕੇ ਤੋਂ ਪੀ.ਸੀ. ਐਸੋਸੀਏਸ਼ਨ ਦੇ ਵਾਇਸ ਪ੍ਰੈਜ਼ੀਡੈਂਟ ਵੀ ਹਨ।

ਰੌਨ ਰੰਧਾਵਾ ਜੋ ਪੜ੍ਹੇ ਲਿਖੇ ਤੇ ਤਜਰਬੇਕਾਰ ਵਿਅਕਤੀ ਹਨ, ਆਪਣੇ ਚੋਣ ਹਲਕੇ ਵਿਚ ਤੇ ਸੂਬੇ ਦੇ ਸਰਬਪੱਖੀ ਵਿਕਾਸ ਦੀ ਗੱਲ ਕਰਦਿਆਂ, ਹੈਲਥ ਕੇਅਰ, ਸੀਨੀਅਰਜ਼ ਲਈ ਪ੍ਰੋਗਰਾਮ, ਐਜੂਕੇਸ਼ਨ ਆਦਿ ਮੁੱਦਿਆਂ ਤੇ ਪਹਿਰਾ ਦੇਣ ਦਾ ਵਾਅਦਾ ਕਰਨ ਦੇ ਨਾਲ ਪਾਰਦਰਸ਼ਕ ਸਿਸਟਮ ਦੀ ਪ੍ਰੇਰਤਾ ਕਰਦਾ ਹੈ। ਰੌਨ ਰੰਧਾਵਾ ਦੀ ਨੋਮੀਨੇਸ਼ਨ ਜਾਂ ਉਨ੍ਹਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ 780-965-8871 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪਲਾਜ਼ਾ 34 ਵਿਖੇ ਦਫ਼ਤਰ ਦਾ ਉਦਘਾਟਨ



ਰੌਨ ਰੰਧਾਵਾ ਵਲੋਂ ਮਿਲੀ ਜਾਣਕਾਰੀ ਅਨੁਸਾਰ 10 ਦਸੰਬਰ 2011 (ਸਨਿੱਚਰਵਾਰ) ਨੂੰ ਸ਼ਾਮ 5 ਵਜੇ ਉਨ੍ਹਾਂ ਦੇ ਪਲਾਜ਼ਾ 34 ਸਥਿਤ ਦਫ਼ਤਰ ਵਿਖੇ ਹਲਕਾ ਵਾਸੀਆਂ ਦਾ ਇਕੱਠ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਮੀਟਿੰਗ ਵਿਚ ਲੋਕਾਂ ਨੂੰ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਬੇਨਤੀ ਕੀਤੀ ਗਈ। ਰੌਨ ਰੰਧਾਵਾ ਨਾਲ 780-965-8871 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਡਾਕੇ ਦੌਰਾਨ ਪੰਜਾਬੀ ਨੂੰ ਗੋਲੀ ਮਾਰਨ ਵਾਲੇ ਲੁਟੇਰੇ ਦੋਸ਼ੀ ਕਰਾਰ

ਵੈਨਕੂਵਰ (ਨਦਬ) : ਪਿਛਲੇ ਸਾਲ ਦਿਨ ਦਿਹਾੜੇ ਡਾਕੇ ਦੀ ਇਕ ਵਾਰਦਾਤ ਵਿਚ ਵਾਸ਼ਿੰਗਟਨ ਡੀ.ਸੀ. ਦੇ 30 ਸਾਲਾ ਪੰਜਾਬੀ ਨੂੰ ਗੋਲੀ ਮਾਰ ਕੇ ਕਤਲ ਕਰਨ ਵਾਲੇ ਦੋ ਲੁਟੇਰਿਆਂ ਨੂੰ ਕੋਰਟ ਦੀ 12 ਮੈਂਬਰੀ ਜਿਊਰੀ ਨੇ ਕਤਲ ਅਤੇ ਡਾਕੇ ਦੇ ਦੋਸ਼ੀ ਕਰਾਰ ਦਿੱਤਾ ਹੈ। ਮਾਣਯੋਗ ਜੱਜ ਨੇ 58 ਸਾਲਾ ਗਰੇਗੋਰੀ ਟਰੋਟੇਰ ਅਤੇ 51 ਸਾਲਾ ਇਰਨੈਸਟ ਪੀ. ਜੂਨੀਅਰ ਨੂੰ ਸਜ਼ਾ ਸੁਣਾਉਣ ਲਈ 10 ਫਰਵਰੀ ਤੱਕ ਫੈਸਲਾ ਰਾਖਵਾਂ ਰੱਖ ਲਿਆ ਹੈ। ਗਰੈਗਰੀ ਅਤੇ ਇਨਰਨੈਸਟ ਨੇ 17 ਜੂਨ 2010 ਵਾਲੇ ਦਿਨ ਡਾਕੇ ਦੀ ਵਾਰਦਾਤ ਨੂੰ ਅੰਜ਼ਾਮ ਦਿੰਦਿਆਂ ਸਿੱਖ ਪਰਿਵਾਰ ਦੇ 'ਚੈਕ ਕੈਸ਼ ਸਟੋਰ' ਉਪਰ ਧਾਵਾ ਬੋਲ ਦਿੱਤਾ ਸੀ। ਉਨ੍ਹਾਂ ਨੇ ਸਟੋਰ ਉਪਰ ਕੰਮ ਕਰਦੀ ਇਕ ਔਰਤ ਦੇ ਸਿਰ 'ਤੇ ਪਿਸਤੌਲ ਰੱਖ ਕੇ ਨਕਦੀ ਦੀ ਮੰਗ ਕੀਤੀ ਸੀ ਪਰ ਸਟੋਰ ਦੇ ਮਾਲਕ 30 ਸਾਲਾ ਪ੍ਰਭਜੋਤ ਸਿੰਘ ਨੇ ਔਰਤ ਨੂੰ ਬੰਦੀ ਬਣਾਉਣ ਵਾਲੇ ਹਮਲਾਵਰ ਨੂੰ ਪਿਛਿਉਂ ਜੱਫਾ ਮਾਰ ਲਿਆ ਸੀ। ਲੁਟੇਰੇ ਨੇ ਆਪਣੇ ਆਪ ਨੂੰ ਫਸਿਆ ਵੇਖ ਕੇ ਪ੍ਰਭਜੋਤ ਦੇ ਮੱਥੇ ਵਿਚ ਗੋਲੀ ਮਾਰ ਦਿੱਤੀ ਸੀ। ਬਾਅਦ ਵਿਚ ਸਟੋਰ ਵਿਚੋਂ 20 ਲੱਖ ਰੁਪਏ ਲੁੱਟਣ ਤੋਂ ਪਹਿਲਾਂ ਸਟੋਰ 'ਚ ਕੰਮ ਕਰਦੀਆਂ ਔਰਤਾਂ ਤੇ ਪ੍ਰਭਜੋਤ ਦੇ ਪਿਤਾ ਸਦਾਇੰਦਰ ਸਿੰਘ ਨੂੰ ਕੁੱਟ ਮਾਰ ਕਰਕੇ ਫੱਟੜ ਕਰ ਗਏ ਸਨ। ਪ੍ਰਭਜੋਤ ਸਿੰਘ ਨੂੰ ਪੁਲਿਸ ਨੇ ਮੈਡੀਕਲ ਸੈਂਟਰ ਭਰਤੀ ਕਰਵਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਪ੍ਰਭਜੋਤ ਨਾਲ ਹੱਥੋਪਾਈ 'ਚ ਗਰੈਗੋਰੀ ਦਾ ਸੈਲਫੋਨ ਅਤੇ ਬੇਸਪਾਲ ਕੈਪ (ਟੋਪੀ) ਘਟਨਾ ਸਥਾਨ 'ਤੇ ਰਹਿ ਗਏ ਸਨ ਜਿੱਥੋਂ ਪੁਲਿਸ ਨੇ 48 ਘੰਟਿਆਂ ਅੰਦਰ ਹੀ ਹਮਲਾਵਰਾਂ ਦੀ ਪੈੜ ਕੱਢ ਲਈ ਸੀ। ਦਸ ਘੰਟਿਆਂ ਦੀ ਬੰਦ ਕਮਰੇ 'ਚ ਵਿਚਾਰ ਵਟਾਂਦਰੇ ਪਿੱਛੋਂ ਜਿਊਰੀ ਨੇ ਦੋਵਾਂ ਹਮਲਾਵਰਾਂ ਨੂੰ ਡਾਕੇ ਅਤੇ ਪ੍ਰਭਜੋਤ ਦੇ ਕਤਲ ਲਈ ਦੋਸ਼ੀ ਕਰਾਰ ਦਿੱਤਾ। ਦੋਵੇਂ ਘੱਟੋ-ਘੱਟੋ 30-30 ਸਾਲ ਅਤੇ ਜਾਂ ਫੇਰ ਪੂਰੀ ਜ਼ਿੰਦਗੀ ਲਈ ਜੇਲ੍ਹ ਜਾਣਗੇ।

## ਮਿਲਵੁੱਡਜ਼ ਸੁਜ਼ੂਕੀ ਦੀ ਇਨਾਮੀ ਸਕੀਮ



ਐਡਮਿੰਟਨ, (ਨਦਬ) : ਮਿਲਵੁੱਡਜ਼ ਸੁਜ਼ੂਕੀ ਦੇ ਜੈਸੀ ਪਰਿਹਾਰ ਨੇ ਦਸਿਆ ਕਿ ਖਪਤਕਾਰਾਂ ਨੂੰ ਆਕਰਸ਼ਤ ਕਰਨ ਲਈ 17 ਦਸੰਬਰ ਤਕ ਡਰਾਅ ਕੱਢੇ ਜਾਣਗੇ ਜਿਸ ਤਹਿਤ ਤਿੰਨ ਵਿਅਕਤੀਆਂ ਨੂੰ ਸੁਜ਼ੂਕੀ SX4 ਇਨਾਮ ਵਿਚ ਦਿੱਤੀ ਜਾਵੇਗੀ। ਆਖਰੀ ਗੇੜ 'ਚ ਦਾਖਲ ਹੋਣ ਲਈ ਹੁਣ ਤਕ ਆਏ ਨਾਵਾਂ 'ਚੋਂ ਡਰਾਅ ਰਾਹੀਂ ਚੁਣੇ ਗਏ ਸਟੀਫਨ ਹਾਰਟ, ਪੰਕਜ ਬਿਲਾਂਦਨੀ ਤੇ ਰੇਨਾਤਾ ਮਾਰਕੀਵਿਕ ਨੂੰ ਸੇਲਜ਼ ਮੈਨੇਜਰ ਗਰੈਗ ਹੈਰੀਸਨ ਨੇ ਵਧਾਈ ਦਿਤੀ। ਤੁਸੀਂ 10 ਦਸੰਬਰ ਸ਼ਨੀਵਾਰ ਨੂੰ ਮਿਲਵੁੱਡਜ਼ ਟਾਊਨ ਸੈਂਟਰ ਵਿਖੇ ਪੁੱਜੋ। ਇਸ ਦਾ ਆਖਰੀ ਡਰਾਅ 17 ਦਸੰਬਰ ਨੂੰ ਸ਼ਾਮ 7 ਵਜੇ ਕੱਢਿਆ ਜਾਵੇਗਾ। ਅੱਜ ਹੀ ਮਿਲਵੁੱਡਜ਼ ਸੁਜ਼ੂਕੀ 3403-93 ਵਿਖੇ ਪਹੁੰਚ ਕੇ ਆਪਣਾ ਮੁਫ਼ਤ ਐਂਟਰੀ ਪਾਸ ਪ੍ਰਾਪਤ ਕਰੋ।

## ਅਕਾਲੀ ਦਲ ਤੇ ਭਾਜਪਾ ਦਫ਼ਤਰਾਂ ਲਈ ਕੌਡੀਆਂ ਦੇ ਭਾਅ ਜ਼ਮੀਨਾਂ ਅਲਾਟ

ਜਲੰਧਰ (ਨਦਬ) : ਅਕਾਲੀ ਭਾਜਪਾ ਸਰਕਾਰ ਨੂੰ ਸਮਾਜਕ ਅਤੇ ਧਾਰਮਕ ਜਥੇਬੰਦੀਆਂ ਨਾਲੋਂ ਜ਼ਿਆਦਾ ਚਿੰਤਾ ਸਿਆਸੀ ਪਾਰਟੀਆਂ ਦੀ ਹੈ। ਇਸੇ ਲਈ ਸਿਆਸੀ ਪਾਰਟੀਆਂ ਦੇ ਦਫਤਰਾਂ ਲਈ ਜ਼ਮੀਨ ਦੇਣ ਦੀ ਨੀਤੀ ਹੀ ਬਦਲ ਦਿਤੀ ਗਈ ਹੈ। ਸਮਾਜਕ ਤੇ ਧਾਰਮਕ ਜਥੇਬੰਦੀਆਂ ਨੂੰ ਬਿਨਾਂ ਕਿਸੇ ਛੋਟ ਦੇ ਅਤੇ ਸਿਆਸੀ (ਹੁਣ ਤਕ ਅਕਾਲੀ ਅਤੇ ਭਾਜਪਾ) ਨੂੰ ਵਿਸ਼ੇਸ਼ ਛੋਟ 'ਤੇ ਜ਼ਮੀਨ ਦਿਤੀ ਜਾ ਰਹੀ ਹੈ।

ਸਰਕਾਰ ਨੇ ਸੂਬੇ ਵਿਚ ਇੰਪਰੂਵਮੈਂਟ ਟਰੱਸਟਾਂ ਵਿਚ ਅਕਾਲੀ - ਭਾਜਪਾ ਦਫ਼ਤਰਾਂ ਲਈ ਜ਼ਮੀਨ ਅਲਾਟ ਕਰ ਦਿਤੀ ਹੈ ਅਤੇ ਉਹ ਵੀ ਸਰਕਾਰੀ ਰਾਖਵੀਂ ਕੀਮਤ ਦਾ ਕੇਵਲ 25 ਫੀਸਦੀ ਲੈ ਕੇ। ਖਾਸ ਗੱਲ ਇਹ ਹੈ ਕਿ ਪ੍ਰਸਤਾਵਿਤ ਅਕਸ਼ਰ ਧਾਮ ਮੰਦਰ ਅਤੇ ਐਸ.ਜੀ.ਪੀ.ਸੀ. ਵਲੋਂ ਬਣਾਏ ਜਾ ਰਹੇ ਬਿਰਧ ਆਸ਼ਰਮ ਲਈ ਜ਼ਮੀਨ 100 ਫੀਸਦੀ ਰਾਖਵੀਂ ਕੀਮਤ 'ਤੇ ਹੀ ਦਿਤੀ ਗਈ ਹੈ।

ਭਾਜਪਾ ਨੇ ਅਕਸ਼ਰ ਧਾਮ ਮੰਦਰ ਟਰੱਸਟ ਅਤੇ ਐਸ.ਜੀ.ਪੀ.ਸੀ. ਨੇ ਜ਼ਮੀਨ ਅਲਾਟ ਹੋਣ ਤੋਂ ਬਾਅਦ ਪੈਸਾ ਜਮ੍ਹਾਂ ਵੀ ਕਰਵਾ ਦਿਤਾ ਹੈ, ਪਰ ਅਕਾਲੀ ਦਲ ਨੇ ਅਜੇ ਜ਼ਮੀਨ ਦਾ ਪੈਸਾ ਜਮ੍ਹਾਂ ਨਹੀਂ ਕਰਵਾਇਆ। ਟਰੱਸਟ ਨੇ ਕਰੋੜਾਂ ਰੁਪਏ ਦੀ ਜ਼ਮੀਨ ਨੂੰ 75 ਫੀਸਦੀ ਛੋਟ 'ਤੇ ਦੇਣ ਦੀ ਨੀਤੀ ਉਨ੍ਹਾਂ ਸਿਆਸੀ ਪਾਰਟੀਆਂ ਲਈ ਬਣਾਈ ਹੈ ਜਿਨ੍ਹਾਂ ਕੋਲ ਪੈਸੇ ਦੀ ਕੋਈ ਕਮੀ ਨਹੀਂ ਹੈ।

ਬਿਰਧ ਆਸ਼ਰਮ ਅਤੇ ਹੋਰਨਾਂ ਜਥੇਬੰਦੀਆਂ ਵਲੋਂ ਖੋਲ੍ਹੀਆਂ ਜਾਣ ਵਾਲੀਆਂ ਸੰਸਥਾਵਾਂ ਜਿਨ੍ਹਾਂ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਆਮ ਜਨਤਾ ਨੂੰ ਲਾਭ ਮਿਲੇਗਾ, ਨੂੰ ਕੋਈ ਛੋਟ ਨਹੀਂ ਦਿਤੀ ਜਾ ਰਹੀ। ਇਸ ਸਮੇਂ ਗੁਰੂ ਗੋਬਿੰਦ ਸਿੰਘ ਐਵੀਨਿਊ ਵਿਚ ਪ੍ਰਤੀ ਮਰਲਾ 3 ਤੋਂ 4 ਲੱਖ ਰੁਪਏ ਤਕ ਪਹੁੰਚ ਚੁੱਕਾ ਹੈ। ਸ਼ਹੀਦ ਭਗਤ ਸਿੰਘ ਕਾਲੋਨੀ ਵਿਚ ਜ਼ਮੀਨ ਦੀ ਕੀਮਤ ਪ੍ਰਤੀ ਮਰਲਾ 2.50 ਤੋਂ 3 ਲੱਖ ਰੁਪਏ ਚਲ ਰਹੀ ਹੈ। ਹੁਸ਼ਿਆਰਪੁਰ, ਪਠਾਨਕੋਟ ਅਤੇ ਬਠਿੰਡਾ ਟਰੱਸਟ ਨੇ ਵੀ 16 ਮਰਲੇ ਤੋਂ ਲੈ ਕੇ 32 ਮਰਲੇ ਜ਼ਮੀਨ ਪਾਰਟੀ ਦਫ਼ਤਰਾਂ ਨੂੰ ਦਿਤੀ ਹੈ।

### ਪੂਰੇ ਸੂਬੇ ਵਿਚ ਵੰਡੀ 'ਸੌਗਾਤ'

ਸਰਕਾਰ ਨੇ ਪਾਰਟੀਆਂ ਦੇ ਦਫ਼ਤਰਾਂ ਲਈ ਜਗ੍ਹਾ ਸਿਰਫ ਜਲੰਧਰ ਇੰਪਰੂਵਮੈਂਟ ਟਰੱਸਟ ਵਿਚ ਨਹੀਂ ਬਲਕਿ ਪਠਾਨਕੋਟ, ਬਠਿੰਡਾ ਅਤੇ ਹੁਸ਼ਿਆਰਪੁਰ ਵਿਚ ਵੀ ਦਿਤੀ ਹੈ ਪਰ ਇਹ ਦਫ਼ਤਰ ਅਜੇ ਤਕ ਸਿਰਫ ਅਕਾਲੀ-ਭਾਜਪਾ ਪਾਰਟੀਆਂ ਦੇ ਹੀ ਹਨ। ਹੋਰ ਕਿਸੇ ਪਾਰਟੀ ਨੂੰ ਅਜੇ ਤਕ ਦਫ਼ਤਰ ਲਈ ਕੋਈ ਜ਼ਮੀਨ ਅਲਾਟ ਨਹੀਂ ਕੀਤੀ ਗਈ।

### ਭਾਜਪਾ ਦਫ਼ਤਰ

ਇੰਪਰੂਵਮੈਂਟ ਟਰੱਸਟ ਨੇ ਗੁਰੂ ਗੋਬਿੰਦ ਸਿੰਘ ਐਵੀਨਿਊ ਵਿਚ ਭਾਜਪਾ ਨੂੰ ਦਫ਼ਤਰ ਬਣਾਉਣ ਲਈ ਜ਼ਮੀਨ ਪ੍ਰਤੀ ਵਰਗ ਗਜ 500 ਰੁਪਏ ਵਿਚ ਅਲਾਟ ਕੀਤੀ ਹੈ, ਜਦਕਿ ਉਥੇ 2000 ਰੁਪਏ ਪ੍ਰਤੀ ਵਰਗ ਗਜ਼ ਜ਼ਮੀਨ ਦਾ ਰਾਖਵਾਂ ਭਾਅ ਹੈ। ਭਾਜਪਾ ਨੂੰ 4 ਕਨਾਲ ਜ਼ਮੀਨ ਕੇਵਲ 54 ਲੱਖ ਰੁਪਏ ਵਿਚ ਅਲਾਟ ਹੋਈ ਹੈ। ਪਾਰਟੀ ਨੇ ਪੈਸਾ ਜਮ੍ਹਾਂ ਵੀ ਕਰਵਾ ਦਿਤਾ ਹੈ। ਛੇਤੀ ਹੀ ਜ਼ਮੀਨ ਦੀ ਰਜਿਸਟਰੀ ਵੀ ਹੋ ਜਾਵੇਗੀ।

### ਐਸ.ਜੀ.ਪੀ.ਸੀ. ਬਿਰਧ ਆਸ਼ਰਮ

ਸ਼ਹੀਦ ਭਗਤ ਸਿੰਘ ਕਾਲੋਨੀ ਵਿਚ ਅਕਾਲੀ ਦਲ ਦੇ ਦਫ਼ਤਰ ਲਈ ਜ਼ਮੀਨ 25 ਹਜ਼ਾਰ ਰੁਪਏ ਮਰਲਾ ਕੀਮਤ 'ਤੇ ਦਿਤੀ ਗਈ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਣਾਏ ਜਾ ਰਹੇ ਬਿਰਧ ਆਸ਼ਰਮ ਨੂੰ ਜ਼ਮੀਨ ਇਕ ਲੱਖ ਰੁਪਏ ਪ੍ਰਤੀ ਮਰਲਾ ਦੇ ਹਿਸਾਬ ਨਾਲ ਦਿਤੀ ਗਈ ਹੈ। ਆਸ਼ਰਮ ਨੂੰ ਵੀ 4 ਕਨਾਲ ਜ਼ਮੀਨ ਅਲਾਟ ਕੀਤੀ ਗਈ ਹੈ ਅਤੇ ਉਨ੍ਹਾਂ ਨੇ 80 ਲੱਖ ਰੁਪਏ ਜਮ੍ਹਾਂ ਵੀ ਕਰਵਾ ਦਿਤੇ ਹਨ।

### ਸ਼੍ਰੋਮਣੀ ਅਕਾਲੀ ਦਲ ਦਫ਼ਤਰ

ਟਰੱਸਟ ਨੇ ਸ਼ਹੀਦ ਭਗਤ ਸਿੰਘ ਕਾਲੋਨੀ ਵਿਚ ਅਕਾਲੀ ਦਲ ਨੂੰ ਦਫ਼ਤਰ ਬਣਾਉਣ ਲਈ ਅਲਾਟ ਕੀਤੀ ਗਈ 4 ਕਲਾਨ ਜ਼ਮੀਨ ਲਈ ਕੇਵਲ 21 ਲੱਖ ਰੁਪਏ ਵਸੂਲਣੇ ਹਨ। ਜਦਕਿ ਇਹ ਜ਼ਮੀਨ ਰਾਖਵੀਂ ਕੀਮਤ 'ਤੇ ਹੀ ਇਕ ਕਰੋੜ ਰੁਪਏ ਦੀ ਹੈ। ਅਜੇ ਅਕਾਲੀ ਦਲ ਨੇ ਇਸ ਜ਼ਮੀਨ ਦਾ ਕੋਈ ਪੈਸਾ ਜਮ੍ਹਾਂ ਨਹੀਂ ਕਰਵਾਇਆ।

### ਅਕਸ਼ਰ ਧਾਮ ਮੰਦਰ

ਗੁਰੂ ਗੋਬਿੰਦ ਸਿੰਘ ਐਵੀਨਿਊ ਵਿਚ ਭਾਜਪਾ ਨੂੰ 25 ਫੀਸਦੀ ਅਰਥਾਤ 500 ਪ੍ਰਤੀ ਵਰਗ ਗਜ ਕੀਮਤ 'ਤੇ ਜ਼ਮੀਨ ਦਿਤੀ ਗਈ ਹੈ, ਉਥੇ ਹੀ ਅਕਸ਼ਰ ਧਾਮ ਮੰਦਰ ਲਈ ਜ਼ਮੀਨ ਦੀ ਕੀਮਤ 6475 ਰੁਪਏ ਪ੍ਰਤੀ ਵਰਗ ਲਾਈ ਗਈ ਹੈ। ਅਕਸ਼ਰ ਧਾਮ ਮੰਦਰ ਟਰੱਸਟ ਨੇ ਇਸ ਜ਼ਮੀਨ ਦੀ ਕੀਮਤ ਕਰੀਬ 3.70 ਕਰੋੜ ਰੁਪਏ ਜਮ੍ਹਾਂ ਵੀ ਕਰਵਾ ਦਿਤੀ ਹੈ।


Edmonton-Ellerslie Christmas Open House

with MLA Naresh Bhardwaj





Bring a Donation Item for the Food Bank

Naresh Bhardwaj
MLA, Edmonton Ellerslie

when: Friday December 9, 2011
Time: 5:00 - 8:00 pm
Where: Southwood Community Hall
1880-37 St, Edmonton (Beside Daly Grove Scholl)

I look forward to seeing your there!

Please visit my website www.nareshbhardwaj.com for more information regarding the Government of Alberta's proposed Legislation for the Fall session, which includes:

- Alberta Traffic Safety Amendment Act
- Child and Youth Advocate Act
- Election Amendment Act
- Expropriation Act
- Health Inquiry Act

Wishing everyone a healthy and happy holiday season!

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: Making Life Easy

Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**





What we Offer

- Home / Auto Insurance
- RV Insurance
- Life and Financial Services
- Travel Insurance
- Emergency Road Services
- Auto Mobile Warranty Services
- Commercial Insurance
- D&O Coverage / E&O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

Discounts up to 60%

Payment Options available

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

**We Provide Services In English, Punjabi, Gujrati, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਸ਼ਾਲੂ ਬਦੇਸ਼ਾ, ਕਿਰਤਮੀਤ ਸਿੰਘ, ਦੀਪਕ ਸ਼ਾਹ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

# ਸੁਪਰ ਵੀਜ਼ੇ ਲਈ ਅਰਜ਼ੀਆਂ ਲੈਣ ਦਾ ਸਿਲਸਿਲਾ ਸ਼ੁਰੂ



ਪੇਰੈਂਟ ਜਾਂ ਗ੍ਰੈਂਡ ਪੇਰੈਂਟ ਸੁਪਰ ਵੀਜ਼ਾ ਲਈ ਅਰਜ਼ੀਆਂ ਲੈਣ ਦਾ ਸਿਲਸਿਲਾ ਪਹਿਲੀ ਦਸੰਬਰ ਤੋਂ ਸੁਰੂ ਕਰ ਦਿੱਤਾ ਗਿਆ ਹੈ। ਪੇਰੈਂਟ ਜਾਂ ਗ੍ਰੈਂਡ ਪੇਰੈਂਟ ਸੁਪਰ ਵੀਜ਼ਾ ਅਪਲਾਈ ਕਰਨ ਵਾਲਿਆਂ ਨੂੰ ਕੁੱਝ ਅਹਿਮ ਗੱਲਾਂ ਦਾ ਖਿਆਲ ਰੱਖਣਾ ਹੋਵੇਗਾ। ਬਿਨੈਕਾਰ ਨੂੰ ਕੈਨੇਡੀਅਨ ਨਾਗਰਿਕ ਜਾਂ ਪੱਕੇ ਵਾਸੀ ਦੇ ਪੇਰੈਂਟ ਜਾਂ ਗ੍ਰੈਂਡ ਪੇਰੈਂਟ ਨਾਲ ਰਿਸ਼ਤੇ ਸਬੰਧੀ ਸਬੂਤ ਮੁਹੱਈਆ ਕਰਵਾਉਣਾ ਹੋਵੇਗਾ। ਪੇਰੈਂਟ ਜਾਂ ਗ੍ਰੈਂਡ ਪੇਰੈਂਟ ਦੇ ਕੈਨੇਡਾ ਦੌਰੇ ਸਮੇਂ ਉਨ੍ਹਾਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਦਾ ਵੀ ਚਾਈਲਡ ਜਾਂ ਗ੍ਰੈਂਡਚਾਈਲਡ ਨੂੰ ਇੱਕ ਪੱਤਰ ਲਿਖ ਕੇ ਤੇ ਸਹੀ ਪਾ ਕੇ ਭਰੋਸਾ ਦਿਵਾਉਣਾ ਹੋਵੇਗਾ। ਅਰਜ਼ੀ ਦੇ ਨਾਲ ਪਰਿਵਾਰ ਵੱਲੋਂ ਮੁਹੱਈਆ ਕਰਵਾਈ ਜਾਣ ਵਾਲੀ ਆਰਥਿਕ ਮਦਦ ਲਈ ਲੋੜੀਂਦੀ ਸਮਰੱਥਾ ਦਾ ਵੇਰਵਾ ਵੀ ਦੇਣਾ ਹੋਵੇਗਾ। ਮਾਪਿਆਂ ਜਾਂ ਬਾਬੇ ਦਾਦਿਆਂ ਦੀ ਮਦਦ ਦੀ ਕਾਬਲੀਅਤ ਘੱਟ ਤੋਂ ਘੱਟ ਆਮਦਨ ਉੱਤੇ ਅਧਾਰਿਤ ਹੋਵੇਗੀ।

ਪੇਰੈਂਟ ਜਾਂ ਗ੍ਰੈਂਡ ਪੇਰੈਂਟ ਸੁਪਰ ਵੀਜ਼ੇ ਲਈ ਅਰਜ਼ੀ ਦੇਣ ਵਾਲੇ ਬਿਨੈਕਾਰ ਨੂੰ ਇਸ ਗੱਲ ਦਾ ਸਬੂਤ ਵੀ ਨੱਥੀ ਕਰਨਾ ਹੋਵੇਗਾ ਕਿ ਉਨ੍ਹਾਂ ਨੇ ਕੈਨੇਡੀਅਨ ਮੈਡੀਕਲ ਇੰਸੋਰੈਂਸ ਖਰੀਦ ਲਈ ਹੈ ਤੇ ਜੋ ਕਿ:

- ਕੈਨੇਡਾ ਵਿੱਚ ਦਾਖਲ ਹੋਣ ਤੋਂ ਲੈ ਕੇ ਇੱਕ ਸਾਲ ਦੇ ਅਰਸੇ ਲਈ ਜਾਇਜ਼ ਹੈ
- ਇਸ ਲਈ ਘੱਟੋ ਘੱਟੋ 100,000 ਡਾਲਰ ਦੀ ਕਵਰੇਜ ਕਰਨੀ ਜ਼ਰੂਰੀ ਹੈ
- ਇਸ ਤਹਿਤ ਬਿਨੈਕਾਰ ਨੂੰ ਹੈਲਥ ਕੇਅਰ, ਹਸਪਤਾਲ ਵਿੱਚ ਇਲਾਜ ਤੇ ਵਾਪਿਸ ਦੇਸ਼ ਭੇਜਣਾ ਆਦਿ ਸ਼ਾਮਲ ਹਨ। ਬਿਨੈਕਾਰ ਨੂੰ ਕੈਨੇਡਾ ਵਿੱਚ ਦਾਖਲ ਹੋਣ ਸਬੰਧੀ ਸਾਰੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖ ਕੇ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਹੋਣਗੀਆਂ। ਕਈ ਕਾਰਨ ਹੋ ਸਕਦੇ ਹਨ ਜਦੋਂ ਤੁਹਾਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਜਾਵੇ ਜਾਂ ਵੀਜ਼ੇ ਨੂੰ ਮਨਜੂਰੀ ਨਾ ਦਿੱਤੀ ਜਾਵੇ।
- ਸੁਪਰ ਵੀਜ਼ਾ ਜਾਰੀ ਕੀਤੇ ਜਾਣ ਤੋਂ ਪਹਿਲਾਂ ਬਿਨੈਕਾਰਾਂ ਨੂੰ ਇਮੀਗ੍ਰੇਸ਼ਨ ਮੈਡੀਕਲ ਐਗਜ਼ਾਮੀਨੇਸ਼ਨ (ਆਈਐਮਈ) ਪਾਰ ਕਰਨਾ ਹੋਵੇਗਾ ਤੇ ਇਸ ਤੋਂ ਬਾਅਦ ਹੀ ਵੀਜ਼ਾ ਆਫਿਸਰ ਇਹ ਤੈਅ ਕਰੇਗਾ ਕਿ ਸਬੰਧਤ ਬਿਨੈਕਾਰ ਕੈਨੇਡਾ ਆ ਸਕਦਾ ਹੈ ਜਾਂ ਨਹੀਂ।

ਪੇਰੈਂਟ ਜਾਂ ਗ੍ਰੈਂਡ ਪੇਰੈਂਟ ਜਿਹੜੇ ਪਹਿਲਾਂ ਹੀ ਕੈਨੇਡਾ ਦੇ ਦੌਰੇ ਉੱਤੇ ਹਨ ਉਨ੍ਹਾਂ ਲਈ:

- ਪੇਰੈਂਟ ਜਾਂ ਗ੍ਰੈਂਡ ਪੇਰੈਂਟ, ਜਿਹੜੇ ਇਸ ਸਮੇਂ ਕੈਨੇਡਾ ਵਿੱਚ ਹੀ ਹਨ, ਇੱਕ ਅਰਜ਼ੀ ਦੇ ਕੇ ਦੋ ਸਾਲਾਂ ਤੱਕ ਆਪਣੇ ਕੈਨੇਡਾ ਵਿੱਚ ਰਹਿਣ ਦੀ ਮਿਆਦ ਨੂੰ ਹੋਰ ਵਧਾ ਸਕਦੇ ਹਨ, ਬਸ਼ਰਤੇ ਬਿਨੈਕਾਰ ਬਾਕੀ ਸ਼ਰਤਾਂ ਪੂਰੀਆਂ ਕਰਦੇ ਹੋਣ। ਇਹ ਅਰਜ਼ੀਆਂ ਹਰੇਕ ਕੇਸ ਦੇ ਅਧਾਰ ਉੱਤੇ ਜਾਂਚੀਆਂ ਜਾਂਦੀਆਂ ਹਨ।

ਉਨ੍ਹਾਂ ਮੁਲਕਾਂ ਦੇ ਪੇਰੈਂਟ ਜਾਂ ਗ੍ਰੈਂਡ ਪੇਰੈਂਟ ਜਿਨ੍ਹਾਂ ਨੂੰ ਵੀਜ਼ਾ ਤੋਂ ਛੋਟ ਦਿੱਤੀ ਗਈ ਹੈ:

- ਕੈਨੇਡੀਅਨ ਸਿਟੀਜ਼ਨਜ਼ ਤੇ ਸਥਾਈ ਵਾਸੀਆਂ ਦੇ ਪੇਰੈਂਟ ਜਾਂ ਗ੍ਰੈਂਡ ਪੇਰੈਂਟ, ਜੋ ਅਜਿਹੇ ਮੁਲਕਾਂ ਤੋਂ ਹਨ ਜਿਨ੍ਹਾਂ ਲਈ ਕੈਨੇਡਾ ਵਿੱਚ ਦਾਖਲ ਹੋਣ ਵਾਸਤੇ ਵੀਜ਼ਾ ਦੀ ਲੋੜ ਨਹੀਂ, ਵੀ ਦੋ ਸਾਲ ਤੱਕ ਸੁਪਰ ਵੀਜ਼ਾ ਤਹਿਤ ਨਿਰਧਾਰਤ ਸਟੇਅ ਦਾ ਆਨੰਦ ਮਾਣ ਸਕਦੇ ਹਨ। ਉਹ ਕੈਨੇਡੀਅਨ ਵੀਜ਼ਾ ਆਫਿਸ (ਕੋਈ ਫੀਸ ਨਹੀਂ ਲੱਗੇਗੀ) ਵਿੱਚ ਅਪਲਾਈ ਕਰ ਸਕਦੇ ਹਨ ਤੇ ਦੱਸ ਸਕਦੇ ਹਨ ਕਿ ਉਹ ਸੁਪਰ ਵੀਜ਼ਾ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ।
- ਸਾਰੇ ਮਾਪਦੰਡਾਂ ਉੱਤੇ ਖਰਾ ਉਤਰਨ ਵਾਲੇ ਬਿਨੈਕਾਰਾਂ ਨੂੰ ਵੀਜ਼ਾ ਆਫਿਸ ਵੱਲੋਂ ਇੱਕ ਚਿੱਠੀ ਜਾਰੀ ਕੀਤੀ ਜਾਵੇਗੀ ਜੋ ਉਹ ਕੈਨੇਡਾ ਪਹੁੰਚਣ ਉੱਤੇ ਕੈਨੇਡਾ ਵਿੱਚ ਦਾਖਲ ਹੋਣ ਸਮੇਂ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਧਿਕਾਰੀ ਨੂੰ ਵਿਖਾਉਣਗੇ। ਅਧਿਕਾਰੀ ਦੋ ਸਾਲਾਂ ਲਈ ਵੀ ਕੈਨੇਡਾ ਦੇ ਦੌਰੇ ਦੀ ਮਨਜੂਰੀ ਦੇ ਸਕਦਾ ਹੈ।

ਜਿਕਰਯੋਗ ਹੈ ਕਿ ਕਨੇਡਾ 'ਚ 2014 ਤੱਕ ਮਾਪਿਆਂ ਨੂੰ ਸਪਾਂਸਰ ਕਰਨ ਦੀਆਂ ਅਰਜ਼ੀਆਂ ਬੰਦ ਰਹਿਣਗੀਆਂ ਤੇ ਬਦਲ ਵਜੋਂ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਵਰ੍ਹਿਆਂ ਤੋਂ ਉਡੀਕਦੇ ਮਾਪਿਆਂ ਤੇ ਬਜ਼ੁਰਗਾਂ ਲਈ ਸੁਪਰ ਵੀਜ਼ਾ ਜਾਰੀ ਕੀਤਾ ਜਾਵੇਗਾ ਜਿਸ ਰਾਹੀਂ ਮਾਪੇ ਕੈਨੇਡਾ ਵਿੱਚ ਲੰਮਾ ਚਿਰ ਰਹਿ ਸਕਣਗੇ। ਅਜਿਹੇ ਕਦਮ ਅੰਬੈਸੀਆਂ ਵਿੱਚ ਬਕਾਇਆ ਅਰਜ਼ੀਆਂ ਦੇ ਨਿਬੇੜੇ ਲਈ ਚੁੱਕੇ ਗਏ ਹਨ।

ਯੋਜਨਾ ਦੇ ਪਹਿਲੇ ਹਿੱਸੇ ਨੂੰ ਜਾਰੀ ਕਰਦਿਆਂ ਮੁਲਕ ਦੇ ਆਵਾਸ ਮੰਤਰੀ ਜੇਸਨ ਕੈਨੀ ਨੇ ਕਿਹਾ ਸੀ ਕਿ ਸਰਕਾਰ 2012 ਵਿੱਚ 25 ਹਜ਼ਾਰ ਮਾਪਿਆਂ ਨੂੰ ਸੱਦੇਗਾ ਜੋ 2011 ਤੋਂ 46 ਫੀਸਦੀ ਵੱਧ ਹੈ ਪਰ ਸ਼ਰਨਾਰਥੀਆਂ, ਨੈਨੀਆਂ ਤੇ ਮਨੁੱਖਤਾ ਦੇ ਆਧਾਰ 'ਤੇ ਆਉਣ ਵਾਲਿਆਂ ਲਈ ਅਜੇ ਬਹੁਤੀ ਖੁੱਲ੍ਹ ਨਹੀਂ ਦਿੱਤੀ ਜਾਵੇਗੀ। ਇਸ ਵੇਲੇ ਤਕਰੀਬਨ 1,60,000 ਮਾਪੇ ਤੇ ਬਜ਼ੁਰਗ ਆਪਣੇ ਪਰਿਵਾਰਾਂ ਕੋਲ ਪਹੁੰਚਣ ਦੀ ਉਮੀਦ ਲਈ ਬੈਠੇ ਹਨ ਪਰ ਅੰਬੈਸੀਆਂ ਹਰ ਸਾਲ ਮਸਾਂ 15-16 ਹਜ਼ਾਰ ਅਰਜ਼ੀਆਂ ਦਾ ਹੀ ਨਿਬੇੜਾ ਕਰਦੀਆਂ ਹਨ ਤੇ ਇਸ ਤਰ੍ਹਾਂ ਹਰ ਸਾਲ 14-15 ਹਜ਼ਾਰ ਅਰਜ਼ੀਆਂ ਬਗੈਰ ਨਜ਼ਰਸਾਨੀ ਤੋਂ ਰਹਿ ਜਾਂਦੀਆਂ ਹਨ।


ADVANCED Roofing Systems Ltd.
Residential/Commercial Insurance Claims • Asphalt & Specialty Shingles • Siding, Soffits, Fascia • 2 Ply Membranes (SBS) • Cedar Shakes • New & Re-Roof Specialists • Condominums Welcome • Steep Roofs Welcome • Licaenced & Insured • Pine Shake Replacement • Roof Top Snow removel • FREE Estimates
Gill Olson (Manager)
RESIDENTIAL COMMERCIAL
5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

HARRY'S EXCAVATING
Ph 780-918-2252
Specialist in : Digging Basements & All Kind of Services
ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

C.J. Auto & Transmission Repair Ltd. & Body Shop
Specialize in Propane Repair & Body Shop
Nindy Rao (Manager)
Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

KOPY CENTRE & PRINTING
"On Time ~ Every Time"
Digital Printing & Photo Copy
• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...
We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Gurkeerat Holding Ltd.
• We Build New Houses
• We Build Basements
• We do Renovations
• Kitchen Cabinets
ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸ਼ਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ
Ph. 780-996-2873

# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਸਵਾਲਾਂ 'ਚ ਘਿਰਿਆ ਕਬੱਡੀ ਕੱਪ



ਪੰਜਾਬ ਸਰਕਾਰ ਦੇ ਪ੍ਰਬੰਧਾਂ ਹੇਠ ਪਰਲਜ਼ ਕੰਪਨੀ ਵਲੋਂ ਪ੍ਰਯੋਜਿਤ 'ਪਰਲਜ਼ ਵਿਸ਼ਵ ਕਬੱਡੀ ਕੱਪ-2011' ਆਪਣੇ ਪਿਛੇ ਬਹੁਤ ਸਾਰੇ ਸਵਾਲ ਛੱਡ ਗਿਆ ਹੈ। ਪ੍ਰਮੁੱਖ ਸਵਾਲ ਇਹ ਹੈ ਕਿ ਸੱਚਮੁਚ ਹੀ ਵਿਸ਼ਵ ਕਬੱਡੀ ਕੱਪ ਸੀ? ਜੇਕਰ ਇਹ ਮੁਕਾਬਲਾ ਵਿਸ਼ਵ ਪੱਧਰ ਦਾ ਹੁੰਦਾ ਤਾਂ ਇਸ ਵਿਚ ਵਿਸ਼ਵ ਦੇ ਵੱਖ ਵੱਖ ਭਾਗਾਂ ਤੋਂ ਵੱਖ ਵੱਖ ਕੌਮਾਂ ਦੀਆਂ ਪ੍ਰਤੀਨਿਧ ਟੀਮਾਂ ਦੀ ਸ਼ਮੂਲੀਅਤ ਹੋਣੀ ਸੀ। ਅਜਿਹਾ ਹੋਣਾ ਸ਼ਾਇਦ ਸੰਭਵ ਹੀ ਨਹੀਂ ਸੀ ਕਿਉਂਕਿ ਨਾ ਤਾਂ ਇਹ ਖੇਡ ਵਿਸ਼ਵ ਪੱਧਰ 'ਤੇ ਪ੍ਰਚਲਤ ਹੀ ਹੋਈ ਹੈ ਤੇ ਨਾ ਹੀ ਇਸ ਪੜਾਅ 'ਤੇ ਕਬੱਡੀ ਦਾ ਕੋਈ ਮਿਆਰੀਕਰਨ ਹੀ ਹੋਇਆ ਹੈ। ਵਿਸ਼ਵ ਕਬੱਡੀ ਮੁਕਾਬਲੇ ਵਿਚ ਭਾਗ ਲੈਣ ਵਾਲੀਆਂ ਟੀਮਾਂ ਵੀ ਆਪੋ ਆਪਣੇ ਮੁਲਕਾਂ ਦੀਆਂ ਮਾਨਤਾਪ੍ਰਾਪਤ ਟੀਮਾਂ ਨਹੀਂ ਸਨ। ਸੋ, ਨੁਮਾਇੰਦਗੀ ਪੱਖੋਂ ਇਸ ਮੁਕਾਬਲੇ ਨੂੰ 'ਵਿਸ਼ਵ ਕਬੱਡੀ ਮੁਕਾਬਲਾ' ਕਹਿਣਾ ਐਵੇਂ ਤੱਥਾਂ ਨੂੰ ਅਣਡਿੱਠ ਕਰਨਾ ਹੀ ਹੈ। ਇਸ ਮੁਕਾਬਲੇ ਦਾ ਦੂਜਾ ਵੱਡਾ ਸਵਾਲ ਇਹ ਹੈ ਕਿ ਇਸ ਵਿਚ ਭਾਗ ਲੈਣ ਵਾਲੇ ਵਧੇਰੇ ਖਿਡਾਰੀ ਵਾਕਿਆ ਹੀ ਕਬੱਡੀ ਖਿਡਾਰੀ ਸਨ? ਪੰਜਾਬ ਦੇ ਖਿਡਾਰੀਆਂ ਨੂੰ ਛੱਡ ਕੇ ਬਾਕੀਆਂ 'ਚੋਂ ਬਹੁਤੇ ਖਿਡਾਰੀ ਢਿੱਲਮ ਢਿੱਲੇ ਜੁੱਸਿਆਂ ਵਾਲੇ ਹੀ ਸਨ, ਜਿਨ੍ਹਾਂ ਦੇ ਭਾਰੀ ਭਰਕਮ ਜੁੱਸਿਆਂ ਵਿਚ ਫੁਰਤੀ ਘੱਟ ਤੇ ਚਰਬੀ ਵਧੇਰੇ ਵਿਖਾਈ ਦਿੰਦੀ ਸੀ, ਉਪਰੋਂ ਬੇਸੁਆਦੀ ਹੋਰ ਵੀ ਵੱਧ ਗਈ ਜਦੋਂ ਲਗਭਗ ਢਾਈ ਦਰਜਨ ਖਿਡਾਰੀਆਂ ਦੇ ਡੋਪ ਟੈਸਟ ਪਾਜ਼ੀਟਿਵ ਪਾਏ ਗਏ। ਕੀ ਕਿਸੇ ਵਿਸ਼ਵ ਪੱਧਰ ਦੇ ਮੁਕਾਬਲੇ ਵਿਚ ਅਜਿਹਾ ਵਾਪਰਦਾ ਦੇਖਿਆ ਗਿਆ ਹੈ? ਵਿਸ਼ਵ ਕਬੱਡੀ ਮੁਕਾਬਲੇ 'ਤੇ ਸਰਕਾਰੀ ਖਰਚ ਨੇ ਵੀ ਸਹੀ ਸੋਚ ਵਾਲੇ ਲੋਕਾਂ ਨੂੰ ਇਹ ਸਵਾਲ ਕਰਨ ਦਾ ਮੌਕਾ ਦਿਤਾ ਕਿ ਉਸ ਸਮੇਂ ਜਦੋਂ ਪੰਜਾਬ ਦੇ ਆਮ ਆਦਮੀ ਦੀ ਆਰਥਿਕਤਾ ਲੀਹੋਂ ਲੱਥੀ ਹੋਈ ਹੈ, ਸਰਕਾਰ ਦਾ ਖ਼ਜ਼ਾਨਾ ਖ਼ਾਲੀ ਹੈ ਤੇ ਪੰਜਾਬ ਸਿਰ ਕਰਜ਼ੇ ਦਾ ਬੋਝ ਵੱਧ ਰਿਹਾ ਹੈ ਤਾਂ ਕੀ ਇਸ ਸਥਿਤੀ 'ਚ ਸੂਬੇ ਸਿਰ ਵਿਸ਼ਵ ਕਬੱਡੀ ਕੱਪ ਦਾ ਬੋਝ ਪਾਉਣਾ ਉਚਿਤ ਸੀ? ਕੀ ਫਿਲਮ ਸਟਾਰਾਂ ਦੇ ਨਾਚ ਸਰਕਾਰ ਦੀ ਜਨਤਕ ਜਵਾਬਦੇਹੀ ਨੂੰ ਦਾਗ਼ਦਾਰ ਨਹੀਂ ਕਰ ਰਹੇ ਸਨ? ਹੋਰ ਵੀ ਬਹੁਤ ਸਾਰੇ ਸਵਾਲ ਇਹ ਕਬੱਡੀ ਕੱਪ ਮਗਰ ਛੱਡ ਗਿਆ ਹੈ। ਸਾਰੇ ਸਵਾਲਾਂ ਦਾ ਫਿਲਹਾਲ ਇਕੋ ਜਵਾਬ ਸਾਹਮਣੇ ਆ ਰਿਹਾ ਹੈ ਕਿ ਇਸ ਮੁਕਾਬਲੇ ਦਾ ਪ੍ਰਬੰਧ ਕਰਨ ਵਾਲਿਆਂ ਨੇ ਇਹ 'ਸ਼ੋਅ' ਕੇਵਲ ਤੇ ਕੇਵਲ ਸਿਆਸੀ ਲਾਭ ਲੈਣ ਤੇ ਸਸਤੀ ਸ਼ੁਹਰਤ ਖੱਟਣ ਲਈ ਹੀ ਕੀਤਾ ਹੈ।

### ਵਿਵਾਦਾਂ 'ਚ ਘਿਰਿਆ ਰਿਹਾ ਵਿਰਾਸਤ-ਏ-ਖ਼ਾਲਸਾ ਦਾ ਉਦਘਾਟਨ



ਸ੍ਰੀ ਅਨੰਦਪੁਰ ਸਾਹਿਬ ਵਿਖੇ 25 ਨਵੰਬਰ ਨੂੰ ਵਿਰਾਸਤ-ਏ-ਖਾਲਸਾ ਦੀ ਅਦਭੁਤ ਇਮਾਰਤ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਸ. ਪ੍ਰਕਾਸ਼ ਸਿੰਘ ਬਾਦਲ ਨੇ ਸੰਤਾਂ ਤੇ ਸੰਗਤਾਂ ਦੀ ਮੌਜੂਦਗੀ ਵਿਚ ਕਰ ਦਿਤਾ ਹੈ। ਇਸ ਇਮਾਰਤ ਦਾ ਨਕਸ਼ਾ ਇਜ਼ਰਾਈਲੀ ਨਕਸ਼ਾ ਨਵੀਸ ਮੌਸ਼ੇ ਸੇਫਟੀ ਨੇ ਤਿਆਰ ਕੀਤਾ ਹੈ ਤੇ ਇਸ ਉਪਰ ਤਿੰਨ ਅਰਬ ਰੁਪਏ ਖ਼ਰਚ ਆਇਆ ਹੈ। ਇਸ ਇਮਾਰਤ ਨੂੰ ਦੁਨੀਆ ਦੇ ਅੱਠਵੇਂ ਅਜੂਬੇ ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਇਸ ਦੇ ਚੁਣਾਵੀ ਲਾਭ ਨੂੰ ਵੀ ਪੰਜਾਬ ਦੇ ਹਾਕਮ ਗਠਜੋੜ ਨੇ ਕਾਫ਼ੀ ਮਹੱਤਵ ਦਿਤਾ ਹੈ ਤੇ ਕਿਸੇ ਨਾ ਕਿਸੇ ਬਹਾਨੇ ਪੰਜਾਬ ਦੀਆਂ ਦੋਵਾਂ ਪ੍ਰਮੁੱਖ ਪਾਰਟੀਆਂ ਨੇ ਇਸ ਨੂੰ ਜਾਂ ਇਸ ਦੇ ਉਦਘਾਟਨ ਨੂੰ ਰਾਜਨੀਤਕ ਮੁੱਦਾ ਬਣਾਉਣ ਦਾ ਯਤਨ ਕੀਤਾ ਹੈ। ਜਦੋਂ ਡਾ. ਮਨਮੋਹਨ ਸਿੰਘ ਦਵਾਰਾ ਵਿਰਾਸਤ-ਏ-ਖਾਲਸਾ ਦਾ ਉਦਘਾਟਨ ਕਰਨ ਦੀ ਪੰਜਾਬ ਸਰਕਾਰ ਦੀ ਤਜਵੀਜ਼ ਸਾਹਮਣੇ ਆਈ ਤਾਂ ਪੰਜਾਬ ਪ੍ਰਦੇਸ਼ ਕਾਂਗਰਸ ਨੇ ਇਸ ਤਜਵੀਜ਼ ਦਾ ਕਰੜਾ ਵਿਰੋਧ ਕੀਤਾ ਤੇ ਡਾ. ਮਨਮੋਹਨ ਸਿੰਘ ਨੇ ਇਹ ਤਜਵੀਜ਼ ਠੁਕਰਾ ਦਿਤੀ। ਕਾਂਗਰਸ ਨੂੰ ਇਹ ਤਜਵੀਜ਼ ਵਾਰਾ ਨਹੀਂ ਸੀ ਖਾਂਦੀ, ਇਹ ਕਿਵੇਂ ਹੋ ਸਕਦਾ ਸੀ ਕਿ ਉਨ੍ਹਾਂ ਦੇ ਪ੍ਰਧਾਨ ਮੰਤਰੀ ਦਾ ਸਿਆਸੀ ਲਾਹਾ ਬਾਦਲਾਂ ਨੂੰ ਮਿਲੇ। ਇਸ ਤੋਂ ਮਗਰੋਂ ਇਹ ਖ਼ਬਰਾਂ ਵੀ ਆਈਆਂ ਕਿ ਉਦਘਾਟਨ ਸਮਾਗਮ ਵਿਚ ਇਕੱਠ ਦਿਖਾਉਣ ਲਈ ਅਮਿਤਾਭ ਬੱਚਨ ਵਰਗੇ ਫਿਲਮੀ ਸਿਤਾਰੇ ਬੁਲਾਏ ਜਾ ਰਹੇ ਹਨ। ਇਸ ਪ੍ਰਸਤਾਵ ਦਾ ਵਿਰੋਧ ਪੰਥ ਦੇ ਅੰਦਰੋਂ ਹੀ ਹੋਇਆ, ਦਲੀਲ ਇਹ ਸੀ ਕਿ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਨਿਕਟਵਰਤੀ ਭਲਾ ਕਿਉਂ ਇਸ ਉਦਘਾਟਨ ਮੌਕੇ ਹਾਜ਼ਰ ਹੋਵੇ? ਫਿਲਮੀ ਸਿਤਾਰਿਆਂ ਦੀ ਉਦਘਾਟਨ ਮੌਕੇ ਮੌਜੂਦਗੀ ਦਾ ਪ੍ਰਸਤਾਵ ਸ. ਬਾਦਲ ਦੀ ਪੰਥਕ ਟੀਮ ਨੇ ਠੁਕਰਾ ਦਿਤਾ ਤੇ ਆਖਰ ਕੁਝ ਚਰਚਿਤ ਸੰਤਾਂ ਸ੍ਰੀ ਸ੍ਰੀ ਰਵੀਸ਼ੰਕਰ, ਬਾਪੂ ਆਸਾ ਰਾਮ, ਭਾਜਪਾ ਦੇ ਕੌਮੀ ਪ੍ਰਧਾਨ ਗਡਕਰੀ ਦੀ ਮੌਜੂਦਗੀ ਵਿਚ ਮੁੱਖ ਮੰਤਰੀ ਪੰਜਾਬ ਨੇ 'ਵਿਰਾਸਤ-ਏ-ਖਾਲਸਾ' ਮਾਨਵਤਾ ਨੂੰ ਸਮਰਪਿਤ ਕਰ ਦਿਤੀ।

### ਜੇਲ੍ਹ ਪ੍ਰਸ਼ਾਸਨ ਫੇਲ੍ਹ

ਜੇਲ ਨੂੰ ਸੁਧਾਰ ਘਰ ਦਾ ਨਾਮ ਦੇਣ ਦਾ ਯਤਨ ਤਾਂ ਕਾਫੀ ਕੀਤਾ ਜਾ ਰਿਹਾ ਹੈ, ਪਰ ਸਾਡਾ ਜੇਲ੍ਹ ਸਭਿਆਚਾਰ ਹੀ ਕੁਝ ਅਜਿਹਾ ਹੈ ਕਿ ਇਹ ਬਦਲਿਆ ਹੋਇਆ ਨਾਮ ਲੋਕਾਂ ਦੀ ਜ਼ੁਬਾਨ 'ਤੇ ਨਹੀਂ ਚੜ੍ਹ ਰਿਹਾ। ਜੇਲ੍ਹ ਦਾ ਨਿਜ਼ਾਮ ਉਹੀ ਸਦੀਆਂ ਪੁਰਾਣਾ ਚੱਲਿਆ ਜਾ ਰਿਹਾ ਹੈ।



ਜੇਲ੍ਹ ਪ੍ਰਸ਼ਾਸਕਾਂ ਦਾ ਜੇਲ੍ਹ ਨਿਜ਼ਾਮ ਨੂੰ ਬਦ ਤੋਂ ਬਦਤਰ ਬਣਾਉਣ ਵਿਚ ਬੜਾ ਭਾਰੀ ਯੋਗਦਾਨ ਹੈ। ਨਵੰਬਰ ਮਹੀਨੇ ਦੇ ਇਕ ਦਿਨ ਸੂਬੇ ਦੀ ਆਧੁਨਿਕ ਅਖਵਾਉਂਦੀ ਜੇਲ੍ਹ ਅੰਦਰ ਇਕ ਅਜਿਹੀ ਘਟਨਾ ਵਾਪਰੀ, ਜਿਸ ਨੂੰ ਪੰਜਾਬ ਪੁਲੀਸ ਦੀ ਇਕ ਨੀਵੇਂ ਪੱਧਰ ਦੀ ਅਣਮਨੁੱਖੀ ਕਾਰਵਾਈ ਹੀ ਕਿਹਾ ਜਾ ਸਕਦਾ ਹੈ। ਹੋਇਆ ਇਸ ਤਰ੍ਹਾਂ ਕਿ ਰਾਤ ਸਮੇਂ ਕਪੂਰਥਲਾ ਦੀ ਜੇਲ੍ਹ ਦੀ ਬੈਰਕ ਨੰਬਰ 3 ਵਿਚ ਬੰਦ ਕੈਦੀ ਦੀ ਤਬੀਅਤ ਅਚਾਨਕ ਖ਼ਰਾਬ ਹੋ ਗਈ। ਉਸ ਨੇ ਜੇਲ੍ਹ ਪ੍ਰਸ਼ਾਸਨ ਤੋਂ ਦਵਾਈ ਦੀ ਮੰਗ ਕੀਤੀ, ਪਰ ਉਸ ਦੀ ਮੰਗ ਨਜ਼ਰਅੰਦਾਜ਼ ਕਰ ਦਿਤੀ ਗਈ। ਉਲਟਾ ਜੇਲ੍ਹ ਗਾਰਦ ਵਿਚ ਤਾਇਨਾਤ ਪੁਲੀਸ ਕਰਮਚਾਰੀਆਂ ਨੇ ਉਸ ਨਾਲ ਕੁਟਮਾਰ ਕੀਤੀ, ਸਿੱਟੇ ਵਜੋਂ ਕੈਦੀ ਦੀ ਮੌਤ ਹੋ ਗਈ, ਜਿਸ 'ਤੇ ਜੇਲ੍ਹ ਅੰਦਰ ਬੰਦ ਬਾਕੀ ਕੈਦੀ ਭੜਕ ਉਠੇ ਤੇ ਕਰਮਚਾਰੀਆਂ ਨਾਲ ਉਨ੍ਹਾਂ ਦਾ ਟਕਰਾਉ ਸ਼ੁਰੂ ਹੋ ਗਿਆ। ਪੁਲੀਸ ਕਰਮਚਾਰੀਆਂ ਨੇ ਹਵਾਲਾਤੀਆਂ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਸਿਰ 'ਚ ਗੋਲੀ ਲੱਗਣ ਨਾਲ ਇਕ ਹੋਰ ਹਵਾਲਾਤੀ ਦੀ ਮੌਤ ਹੋ ਗਈ। ਇਸ ਮੰਦਭਾਗੀ ਘਟਨਾ ਨੂੰ ਵਾਪਰਨੋਂ ਰੋਕਿਆ ਜਾ ਸਕਦਾ ਸੀ ਜੇਕਰ ਉਸ ਕੈਦੀ ਨੂੰ ਕੁੱਟਮਾਰ ਕਰਨ ਦੀ ਥਾਂ ਦਵਾਈ ਮੁਹੱਈਆ ਕਰਵਾਈ ਜਾਂਦੀ। ਕੋਈ ਭਲਾ ਪੁਰਸ਼ ਪੁੱਛ ਸਕਦਾ ਹੈ ਕਿ ਅਪਰਾਧੀ ਤਾਂ ਦੁਸ਼ਮਣ ਹੁੰਦੇ ਹਨ, ਤਾਂ ਫਿਰ ਦੁਸ਼ਮਣਾਂ ਪ੍ਰਤੀ ਹਮਦਰਦੀ ਕਿਉਂ ਦਿਖਾਈ ਜਾਵੇ? ਜੇਕਰ ਅਸੀਂ ਇਸੇ ਦਲੀਲ 'ਤੇ ਅੜਿੰਗ ਰਹਿੰਦੇ ਹਾਂ ਤਾਂ ਫਿਰ ਅਸੀਂ ਭਾਈ ਘਨੱਈਆ ਦੇ ਵਾਰਸ ਅਖਵਾਉਣ ਦੇ ਬਿਲਕੁਲ ਹੱਕਦਾਰ ਨਹੀਂ ਹਾਂ।

### ਰਾਮੂਵਾਲੀਏ ਦੀ ਘਰ ਵਾਪਸੀ



ਬਾਈ ਸਾਲ ਬਾਅਦ ਆਖਰ ਰਾਮੂਵਾਲੀਆ ਮੁੜ ਸ਼੍ਰੋਮਣੀ ਅਕਾਲੀ ਦਲ (ਬ) ਵਿਚ ਵਾਪਸ ਪਰਤ ਗਿਆ ਹੈ, ਅਜਿਹੀ ਆਸ ਵੀ ਪ੍ਰਗਟਾਈ ਜਾ ਰਹੀ ਸੀ। ਪੰਜਾਬ ਵਿਧਾਨ ਸਭਾ ਚੋਣਾਂ ਸਿਰ 'ਤੇ ਹੋਣ ਦੇ ਬਾਵਜੂਦ ਰਾਮੂਵਾਲੀਏ ਨੇ ਆਪਣੀਆਂ ਚੁਣਾਵੀ ਸਰਗਰਮੀਆਂ ਠੱਪ ਰੱਖੀਆਂ ਹੋਈਆਂ ਸਨ, ਤੀਜੇ ਮੋਰਚੇ ਵੱਲ ਹੱਥ ਵਧਾਉਣ ਤੋਂ ਉਸ ਨੇ ਸਾਫ ਨਾਂਹ ਕਰ ਦਿਤੀ ਸੀ। ਉਸ ਦੀ ਅਗਲੀ ਰਣਨੀਤੀ ਦਾ ਕੋਈ ਥਹੁ ਪਤਾ ਨਾ ਲਗਦਾ ਹੋਣ ਕਾਰਨ ਹੀ ਸ਼ਾਇਦ ਉਸ ਦੇ ਵਰਕਰ ਦੂਜੀਆਂ ਪਾਰਟੀਆਂ ਵੱਲ ਖਿਸਕਣੇ ਸ਼ੁਰੂ ਹੋ ਗਏ ਸਨ। ਜਾਪਦਾ ਸੀ ਕਿ ਕੁਝ ਹੋਰ ਸਮਾਂ ਲੰਘ ਗਿਆ ਤਾਂ ਰਾਮੂਵਾਲੀਏ ਕੋਲ ਪਾਰਟੀ ਦਾ ਬਿਨ ਵਰਕਰੋਂ ਕੇਵਲ ਖੋਖਲਾ ਢਾਂਚਾ ਹੀ ਰਹਿ ਜਾਵੇਗਾ। 'ਖੱਟਿਆ ਸੋ ਵੱਟਿਆ' ਦੀ ਨੀਤੀ ਨੂੰ ਬਿਹਤਰ ਖ਼ਿਆਲ ਕਰਦਿਆਂ ਰਾਮੂਵਾਲੀਆ ਨੇ ਪਿੰਡ ਬੱਦੋਵਾਲ (ਲੁਧਿਆਣਾ) ਵਿਖੇ ਇਕੱਠ ਕਰ ਕੇ, ਬਾਦਲਾਂ ਦੀ ਮੌਜੂਦਗੀ ਵਿਚ, ਆਪਣੀ ਪਾਰਟੀ ਦਾ ਭੋਗ ਪਾ ਕੇ ਸ਼੍ਰੋਮਣੀ ਅਕਾਲੀ ਦਲ (ਬ) ਵਿਚ ਰਲੇਵਾਂ ਕਰ ਲਿਆ। ਅਜਿਹੇ ਰਲੇਵੇਂ ਦੀ ਪੇਸ਼ਕਸ਼ ਉਸ ਨੂੰ ਪਿਛਲੀਆਂ ਲੋਕ ਸਭਾ ਚੋਣਾਂ ਸਮੇਂ ਕਾਂਗਰਸ ਪਾਰਟੀ ਵਲੋਂ ਵੀ ਹੋਈ ਸੀ, ਪਰ ਇਹ ਸ. ਰਾਮੂਵਾਲੀਆ ਨੇ ਪ੍ਰਵਾਨ ਨਹੀਂ ਸੀ ਕੀਤੀ, ਸ਼ਾਇਦ ਇਸ ਕਾਰਨ ਕਿ ਉਦੋਂ ਲੋਕਪਾ ਦੀ ਹਾਲਤ ਇੰਨੀ ਪਤਲੀ ਨਹੀਂ ਸੀ ਹੋਈ। ਕੁਝ ਖਾਸ ਕਿਸਮ ਦੇ ਮਸਲੇ ਜਿਵੇਂ ਕਿ ਪਰਦੇਸੀ ਲਾੜਿਆਂ ਦੀਆਂ ਸਤਾਈਆਂ ਧੀਆਂ ਤੇ ਠੱਗ ਟਰੈਵਲਰ ਏਜੰਟਾਂ ਦੀ ਧੋਖਾਧੜੀ ਦਾ ਸ਼ਿਕਾਰ ਲੋਕਾਂ ਨੂੰ ਇਨਸਾਫ ਦਿਵਾਉਣਾ ਆਦਿ, ਹੱਲ ਕਰਵਾਉਣ ਵਿਚ ਇਸ ਸਿਆਸੀ ਆਗੂ ਦਾ ਕੋਈ ਤੋੜ ਨਹੀਂ, ਪਰ ਲੋਕਾਂ ਨੇ ਉਸ ਨੂੰ ਇਨ੍ਹਾਂ ਮਾਮਲਿਆਂ ਦਾ ਕੇਵਲ ਵਕੀਲ ਹੀ ਸਮਝ ਲਿਆ ਤੇ ਉਹ ਵੀ ਮੁਫ਼ਤ। ਇਉਂ ਤੀਜੇ ਮੋਰਚੇ ਰਾਹੀਂ ਸ. ਰਾਮੂਵਾਲੀਆ ਨੂੰ ਆਪਣੀਆਂ ਰਾਜਸੀ ਅਕਾਂਖਿਆਵਾਂ ਪੂਰੀਆਂ ਕਰਨ ਦਾ ਅਵਸਰ ਪ੍ਰਾਪਤ ਨਹੀਂ ਹੋਇਆ। ਉਹ ਨਿਰਾਸ਼ ਸੀ। ਰਲੇਵੇਂ ਮੌਕੇ ਜਿਹੜਾ ਅੱਖਾਂ ਭਰ ਭਰ ਕੇ ਉਸ ਨੇ ਭਾਸ਼ਨ ਦਿਤਾ ਉਸ ਵਿਚੋਂ ਵੀ ਅੰਤਾਂ ਦੀ ਨਿਰਾਸ਼ਾ ਝਲਕਦੀ ਸੀ, ਜਾਪਦਾ ਸੀ ਜਿਵੇਂ ਉਹ ਕਿਸੇ ਗਹਿਰੇ ਸਦਮੇ ਜਾਂ ਮਾਨਸਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੋਵੇ। ਉਹ ਤਾਂ ਆਪਣੀਆਂ ਭਾਵਨਾਵਾਂ ਇਉਂ ਪ੍ਰਗਟ ਕਰ ਰਿਹਾ ਸੀ ਜਿਵੇਂ ਕੋਈ ਸਿਆਸੀ ਫੈਸਲਾ ਨਾ ਲੈ ਰਿਹਾ ਹੋਵੇ ਸਗੋਂ ਕਿਸੇ ਗੁਨਾਹ ਦਾ ਪਛਤਾਵਾ ਕਰ ਰਿਹਾ ਹੋਵੇ ਜਾਂ ਫਿਰ ਕਿਸੇ ਦੀ ਈਨ ਮੰਨ ਰਿਹਾ ਹੋਵੇ। ਰਾਮੂਵਾਲੀਏ ਦੇ ਸ਼੍ਰੋਮਣੀ ਅਕਾਲੀ ਦਲ (ਬ) ਵਿਚ ਰਲੇਵੇਂ ਨਾਲ ਉਸ ਦੀ ਉਹ ਝਾਕ ਖਤਮ ਹੋ ਗਈ ਹੈ, ਜਿਹੜੀ ਉਸ ਨੇ ਪਿਛਲੇ ਕੁਝ ਸਮੇਂ ਤੋਂ ਕਾਂਗਰਸ ਅਤੇ ਅਕਾਲੀ ਦਲ ਤੋਂ ਬਰਾਬਰ-ਬਰਾਬਰ ਰੱਖੀ ਹੋਈ ਸੀ। ਸ਼੍ਰੋਮਣੀ ਅਕਾਲੀ ਦਲ (ਬ) ਵਿਚ ਰਾਮੂਵਾਲੀਆ ਦੀ ਸ਼ਮੂਲੀਅਤ ਨੂੰ ਉਸ ਦੀ ਘਰ ਵਾਪਸੀ ਕਿਹਾ ਗਿਆ ਹੈ, ਜੇਕਰ ਕਾਂਗਰਸ ਵਿਚ ਚਲਾ ਜਾਂਦਾ ਤਾਂ ਧਰਮ ਨਿਰਪੇਖ ਤਾਕਤਾਂ ਦੀ ਮਜ਼ਬੂਤੀ ਲਈ ਚੁੱਕਿਆ ਕਦਮ ਕਰਾਰ ਦੇ ਦਿਤਾ ਜਾਣਾ ਸੀ। ਅਸਲੀਅਤ ਇਹ ਹੈ ਕਿ ਅਜੋਕੀ ਰਾਜਨੀਤੀ ਵਿਚ ਵੋਟਾਂ ਦਾ ਗਣਿਤ ਮੁੱਲਾਂ ਤੇ ਮੁੱਦਿਆਂ 'ਤੇ ਬੁਰੀ ਤਰ੍ਹਾਂ ਭਾਰੂ ਹੋ ਗਿਆ ਹੈ।

### ਤਾਏ ਦੀ ਧੀ ਚੱਲੀ...

ਭਾਰਤੀ ਲੋਕਤੰਤਰ ਵਾਸਤਵ ਵਿਚ ਵੋਟਤੰਤਰ ਹੀ ਹੈ। ਵੋਟਾਂ ਖ਼ਾਤਰ ਪਾਰਟੀਆਂ ਇਕ ਦੂਜੀ ਤੋਂ ਅੱਗੇ ਨਿਕਲਣ ਦੇ ਯਤਨ 'ਚ ਰਹਿੰਦੀਆਂ ਹਨ। ਵੋਟਰਾਂ ਨੂੰ ਲੁਭਾਉਣ ਤੇ ਭਰਮਾਉਣ ਲਈ ਕਈ ਵਾਰ ਤਾਂ ਵਿਰੋਧੀਆਂ ਦੇ ਕਦਮ ਚਿੰਨ੍ਹਾਂ 'ਤੇ ਚੱਲਣ ਤੋਂ ਵੀ ਸੰਕੋਚ ਨਹੀਂ ਕੀਤਾ ਜਾਂਦਾ। ਮਨਪ੍ਰੀਤ ਸਿੰਘ ਬਾਦਲ ਨੇ ਆਪਣੀ ਨਵੀਂ ਪਾਰਟੀ ਦਾ ਗਠਨ ਧਰਮ ਨਿਰਪੱਖਤਾ ਦੇ ਦਾਅਵੇ ਨਾਲ ਕੀਤਾ ਸੀ। ਆਸ ਸੀ ਕਿ ਉਸ ਦਾ ਧਰਮ ਨਿਰਪੇਖਤਾ ਦਾ ਸੰਕਲਪ ਵਿਹਾਰਿਕ ਪੱਖੋਂ ਕਾਂਗਰਸ ਨਾਲੋਂ ਬਿਹਤਰ ਹੋਵੇਗਾ। ਪਰ ਮਨਪ੍ਰੀਤ ਸਿੰਘ ਬਾਦਲ ਨੇ ਵੀ ਆਪਣਾ ਰਾਜਨੀਤਕ ਮੁਹਾਂਦਰਾ ਤੇ ਮੁਹਾਵਰਾ ਪੂਰੀ ਤਰ੍ਹਾਂ ਧਰਮ ਤੋਂ ਮੁਕਤ ਨਹੀਂ ਕੀਤਾ। ਉਹ ਤਾਂ ਵੋਟਾਂ ਖ਼ਾਤਰ ਡੇਰਾ ਸੱਚਾ ਸੌਦਾ ਦਾ ਗੇੜਾ ਵੀ ਲਾ ਆਇਆ ਹੈ। ਅਜੇ ਕੁਝ ਦਿਨ ਪਹਿਲਾਂ ਹੀ ਡੇਰਾ ਸੱਚਾ ਸੌਦਾ ਦਾ ਅਜਿਹਾ ਇਕ ਗੇੜਾ ਕੈਪਟਨ ਅਮਰਿੰਦਰ ਸਿੰਘ ਨੇ ਵੀ ਲਾਇਆ ਹੈ। ਮਨਪ੍ਰੀਤ ਸਿੰਘ ਬਾਦਲ ਨੇ ਕਰੀਬ 10 ਮਿੰਟ ਵਿਵਾਦਗ੍ਰਸਤ ਡੇਰਾ ਮੁਖੀ ਨਾਲ ਗੱਲਬਾਤ ਕੀਤੀ ਪਰ ਮੀਟਿੰਗ ਬਾਰੇ ਮੀਡੀਆ 'ਚ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕੀਤਾ। ਡੇਰੇ ਦੇ ਰਾਜਸੀ ਬੁਲਾਰੇ ਨੇ ਦਸਿਆ ਕਿ ਮਨਪ੍ਰੀਤ ਨੇ ਡੇਰਾ ਮੁਖੀ ਨਾਲ ਕੁਝ ਭਖਦੇ ਮਸਲਿਆਂ ਜਿਵੇਂ ਕਿ ਭ੍ਰਿਸ਼ਟਾਚਾਰ, ਨਸ਼ਿਆਂ ਦੀ ਵਰਤੋਂ ਅਤੇ ਬੇਰੁਜ਼ਗਾਰੀ ਦੀ ਚਰਚਾ ਕੀਤੀ। ਰਾਜਸੀ ਬੁਲਾਰੇ ਨੇ ਇਹ ਵੀ ਕਿਹਾ ਕਿ ਕਾਂਗਰਸ ਪ੍ਰਧਾਨ ਸਮੇਤ ਬਹੁਤ ਸਾਰੇ ਸਿਆਸੀ ਆਗੂ ਇਨ੍ਹੀਂ ਦਿਨੀਂ ਡੇਰਾ ਸੱਚਾ ਸੌਦਾ ਦਾ ਚੱਕਰ ਲਗਾ ਚੁੱਕੇ ਹਨ। ਇਨ੍ਹਾਂ ਸਿਆਸੀ ਆਗੂਆਂ ਬਾਰੇ ਕਹਿਣਾ ਬਣਦਾ ਹੈ ਕਿ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ!'

### ਛੇਕੜਲੀ ਗੱਲ

ਪੰਜਾਬ ਦਾ ਖ਼ਜ਼ਾਨਾ ਖਾਲੀ ਹੈ!

ਖ਼ਾਲੀ ਖ਼ਜ਼ਾਨੇ ਨੂੰ ਛੱਡਣ ਦੇ ਵਿਚਾਰ ਨਾਲ ਹੀ ਬਾਦਲਾਂ ਨੂੰ ਜਿਵੇਂ ਹੌਲ ਜਿਹਾ ਪੈਂਦਾ ਹੈ, ਬਿਲਕੁਲ ਉਵੇਂ ਜਿਵੇਂ ਲਾਵਾਂ 'ਤੇ ਬੈਠੇ ਵਿਆਂਦੜ ਦੇ ਫੇਰੇ ਕਰਵਾਉਂਦਿਆਂ ਪੰਡਤ ਨੇ ਵਿਆਂਦੜ ਨੂੰ ਕਿਹਾ ;

"ਅੱਖਾਂ ਬੰਦ ਕਰ ਕੇ, ਈਸ਼ਵਰ ਦਾ ਧਿਆਨ ਧਰ ਕੇ, ਸੰਕਲਪ ਕਰੋ ਕਿ ਜੋ ਕੁਝ ਮੇਰੇ ਪਾਸ ਹੈ, ਅੱਜ ਤੋਂ ਮੇਰੀ ਪਤਨੀ ਦਾ ਹੈ।"

ਅਜਿਹਾ ਕਰਦਿਆਂ ਵਿਆਂਦੜ ਦੇ ਮੂੰਹੋਂ ਬਦੋਬਦੀ ਨਿਕਲ ਗਿਆ, "ਲੈ ਬਈ, ਹੁਣ ਤਾਂ ਆਪਾਂ ਸੈਕਲ (ਸਾਈਕਲ) ਤੋਂ ਵੀ ਗਏ।"

ਪੰਜਾਬ ਦੇ ਹਾਕਮ ਪਰਿਵਾਰ ਦੁਆਰਾ ਕੁਝ ਜ਼ਿਆਦਾ ਹੀ ਗਰੀਬੀ ਦਿਖਾਈ ਜਾ ਰਹੀ ਹੈ।

## 17 ਕਿਸਾਨ ਤੇ ਹੋਰਨਾਂ ਜੱਥੇਬੰਦੀਆਂ ਵਲੋਂ ਜਲੰਧਰ-ਅੰਮ੍ਰਿਤਸਰ ਹਾਈਵੇ ਜਾਮ

ਬਿਆਸ (ਨਦਬ) : ਸਥਾਨਕ ਕਸਬਾ ਬਿਆਸ ਉਸ ਵੇਲੇ ਕਿਸਾਨਾਂ ਦੇ ਸਰਕਾਰ ਵਿਰੋਧੀ ਲਗਾਏ ਗਏ ਨਾਅਰਿਆਂ ਨਾਲ ਗੂੰਜ ਉੱਠਿਆ ਜਦੋਂ 17 ਕਿਸਾਨ ਤੇ ਹੋਰਨਾਂ ਜੱਥੇਬੰਦੀਆਂ ਦੇ ਹਜ਼ਾਰਾਂ ਲੋਕ ਚੰਡੀਗੜ੍ਹ ਦੇ ਮਟਕਾ ਚੌਕ ਵਿਖੇ ਨਿਰਧਾਰਤ 6 ਦਸੰਬਰ ਨੂੰ ਉਲੀਕੇ ਗਏ ਧਰਨਾ ਪ੍ਰਦਰਸ਼ਨ ਦੇਣ ਲਈ ਵੱਡੇ ਕਾਫਲੇ ਦੇ ਰੂਪ 'ਚ ਜਾ ਰਹੇ ਸਨ। ਇਹ ਸਾਰੀਆਂ ਜੱਥੇਬੰਦੀਆਂ ਦੇ ਆਗੂ ਤੇ ਸੈਂਕੜੇ ਕਿਸਾਨ ਤੇ ਮਜ਼ਦੂਰ ਇੱਕਠੇ ਹੋ ਕੇ ਵੱਖ-ਵੱਖ ਵਾਹਨਾਂ 'ਤੇ ਸਵਾਰ ਹੋ ਕੇ ਡਾ. ਸ਼ਤਨਾਮ ਸਿੰਘ ਅਜਨਾਲਾ ਸੁਬਾਈ ਪ੍ਰਧਾਨ ਜਮਹੂਰੀ ਕਿਸਾਨ ਸਭਾ ਪੰਜਾਬ ਸਤਨਾਮ ਸਿੰਘ ਪੰਨੂ ਸੁਬਾਈ ਪ੍ਰਧਾਨ ਕਿਸਾਨ ਸੰਘਰਸ਼ ਕਮੇਟੀ ਗੁਰਨਾਮ ਸਿੰਘ ਦਾਊਦ ਜਨਰਲ ਸੈਕਟਰੀ ਦਿਹਾਤੀ ਮਜ਼ਦੂਰ ਸਭਾ ਪੰਜਾਬ ਅਮਰੀਕ ਸਿੰਘ ਕਾਮਰੇਡ ਦਾਊਦ ਅਤੇ ਧਰਮਿੰਦਰ ਸਿੰਘ ਦੀ ਗਵਾਹੀ ਵਿੱਚ ਕਸਬਾ ਬਿਆਸ ਵਿਖੇ ਪਹੁੰਚਕੇ ਆਪਣੇ ਹੱਕ ਪ੍ਰਾਪਤ ਕਰਨ ਲਈ ਚੰਡੀਗੜ੍ਹ ਜਾ ਰਹੇ ਸਨ, ਤਾਂ ਇੱਥੇ ਪੁਲੀਸ ਟੀਮ, ਨੇ ਇਨ੍ਹਾਂ ਵਾਹਨਾਂ 'ਤੇ ਸਵਾਰ ਕਿਸਾਨਾ ਨੂੰ ਬੈਰੀਅਰ ਲਗਵਾ ਕੇ ਰੋਕ ਲਿਆ। ਇੱਥੇ ਤਾਂ ਐਸ.ਪੀ. ਸਾਹਿਬ ਦੇ ਸਮਝਾਉਣ 'ਤੇ ਇਹ ਸ਼ਾਂਤ ਹੋ ਗਏ ਪਰ ਥੋੜ੍ਹਾ ਅੱਗੇ ਜਾ ਕੇ ਬੈਰੀਅਰ ਤੋੜਦੇ ਹੋਏ ਅੱਗੇ ਵੱਧ ਗਏ ਜਿਸ 'ਤੇ ਪੁਲਿਸ ਨੇ ਆਪਣੀ ਕਾਰਵਾਈ ਕਰਦਿਆਂ ਹੋਇਆ ਇਨ੍ਹਾਂ ਨਾਲ ਸਖਤੀ ਨਾਲ ਨਿਪਟਦਿਆਂ ਦਰਿਆ ਬਿਆਸ ਦੇ ਪੁੱਲ ਦੀ ਹੱਦ ਅੰਮ੍ਰਿਤਸਰ ਦੇ ਅੰਦਰ ਰੋਕ ਲਿਆ। ਜਿਸ 'ਤੇ ਕਿਸਾਨ ਜੱਥੇਬੰਦੀਆਂ ਗੁੱਸੇ ਵਿੱਚ ਆ ਗਈਆਂ ਤੇ ਉਨਾਂ ਨੇ ਹਾਈਵੇ ਜੀ.ਟੀ.ਰੋਡ ਉੱਪਰ ਆਪਣਾ ਡੇਰਾ ਲਾ ਕੇ ਜਾਮ ਲਾ ਦਿੱਤਾ। ਉਪਰੰਤ ਵੱਖ ਵੱਖ ਜੱਥੇਬੰਦੀਆਂ ਹੋਰ ਵੀ ਪਹੁੰਚਣੀਆਂ ਸ਼ੁਰੂ ਹੋ ਗਈਆਂ ਜਿੰਨਾਂ ਵਿੱਚ ਔਰਤਾਂ, ਬੱਚਿਆਂ ਸਮੇਤ ਬਜ਼ੁਰਗ ਵੀ ਸ਼ਾਮਲ ਸਨ। ਉਕਤ ਆਗੂਆਂ ਨੇ ਕਿਹਾ ਕਿ ਸਾਡਾ ਆਮ ਜਨਤਾ ਨਾਲ ਕੋਈ ਵੈਰ ਨਹੀਂ ਕਿ ਉਹ ਪ੍ਰੇਸ਼ਾਨ ਹੋਵੇ। ਇਹ ਖੁਦ ਪੰਜਾਬ ਸਰਕਾਰ ਕਰਵਾ ਰਹੀ ਹੈ। ਸਾਡੀਆਂ ਮੰਗਾਂ ਕੇਵਲ ਪੇਂਡੂ ਮਜਦੂਰਾਂ ਦੇ ਘਰੇਲੂ ਬਿਜਲੀ ਦੇ ਬਿੱਲ ਬਿਨਾਂ ਕਿਸੇ ਸ਼ਰਤ ਮੁਆਫ ਕੀਤੇ ਜਾਣ, ਕਿਸਾਨਾਂ ਦੀਆਂ ਬਿਜਲੀ ਮੋਟਰਾਂ 250 ਕਰੋੜ ਦੇ ਬਕਾਇਆ ਬਿੱਲ ਨਹਿਰੀ ਮਾਮਲਾ ਖਤਮ ਕੀਤੇ ਜਾਣ ਤੇ ਬਿਜਲੀ ਪਾਣੀ ਦਾ ਪੱਕਾ ਨੋਟੀਫੀਕੇਸ਼ਨ ਜਾਰੀ ਕੀਤਾ ਜਾਵੇ ਇਸੇ ਤਰ੍ਹਾਂ ਮਜਦੂਰਾਂ ਦੇ ਕਰਜ਼ੇ ਰੱਦ ਕੀਤੇ ਜਾਣ ਅਤੇ ਕਰਜਾ ਕਾਨੂੰਨ ਬਣਾਇਆ ਜਾਵੇ।

# ਊਰਜਾ ਨੀਤੀ ਬਾਰੇ ਪ੍ਰੀਮੀਅਰ ਰੈਡਫ਼ੋਰਡ ਦੀ ਕਥਨੀ ਅਤੇ ਕਰਨੀ ਆਪਾ-ਵਿਰੋਧੀ

ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਵਾਸਤੇ ਵਿੱਢੀ ਮੁਹਿੰਮ ਦੌਰਾਨ ਪ੍ਰੀਮੀਅਰ ਐਲੀਸਨ ਰੈਡਫੋਰਡ ਨੇ ਸਾਫ਼ ਤੌਰ 'ਤੇ ਕਿਹਾ ਸੀ ਕਿ ਊਰਜਾ ਖੇਤਰ ਦੀ ਯੋਜਨਾ ਦੇ ਮਾਮਲੇ ਵਿਚ ਉਹ ਮਹਿਸੂਸ ਕਰਦੇ ਹਨ ਕਿ ਐਲਬਰਟਾਂ ਦੇ ਪ੍ਰੀਮੀਅਰ ਕੋਲ ਭਵਿੱਖ ਬਾਰੇ ਉਸਾਰੂ ਨਜ਼ਰੀਆ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਅਮਲੀ ਰੂਪ ਦੇਣ ਲਈ ਅਸਰਦਾਰ ਯੋਜਨਾ ਵੀ। ਅਫ਼ਸੋਸ ਵਾਲੀ ਗੱਲ ਹੈ ਕਿ ਰੈਡਫ਼ੋਰਡ ਦਾ ਸੂਬੇ ਦੇ ਊਰਜਾ ਖੇਤਰ ਬਾਰੇ ਨਜ਼ਰੀਆ ਸਪੱਸ਼ਟ ਨਹੀਂ ਅਤੇ ਇਹ ਵੀ ਮਹਿਸੂਸ ਨਹੀਂ ਹੁੰਦਾ ਕਿ ਅੱਗੇ ਵਧਣ ਲਈ ਉਨ੍ਹਾਂ ਕੋਲ ਕੋਈ ਅਸਰਦਾਰ ਯੋਜਨਾ ਹੈ। ਅਸਲ ਵਿਚ ਊਰਜਾ ਖੇਤਰ ਬਾਰੇ ਉਨ੍ਹਾਂ ਦੇ ਵੱਖ-ਵੱਖ ਬਿਆਨ ਅਤੇ ਚੁੱਕੇ ਗਏ ਕਦਮ ਥੋਥੇ ਹਨ। ਐਲਬਰਟਾ ਸਰਕਾਰ ਨੇ 9 ਨਵੰਬਰ ਨੂੰ ਇਕ ਪ੍ਰੈੱਸ ਬਿਆਨ ਜਾਰੀ ਕੀਤਾ, ਜਿਸਦੇ ਦੋ ਉਦੇਸ਼ ਸਨ। ਪਹਿਲਾਂ ਇਹ ਕਿ ਅਗਲੇ ਹਫ਼ਤੇ ਰੈਡਫ਼ੋਰਡ ਪਹਿਲੀ ਸਰਕਾਰੀ ਯਾਤਰਾ 'ਤੇ ਅਮਰੀਕਾ ਜਾਣਗੇ ਅਤੇ ਮਾਹਿਰਾਂ ਤੇ ਨੀਤੀ ਘਾੜਿਆਂ ਨਾਲ ਮੁਲਾਕਾਤ ਕਰਨਗੇ। ਦੂਜਾ ਇਹ ਕਿ ਕੈਲਗਰੀ ਦਾ ਸਾਬਕਾ ਮੇਅਰ ਡੇਵ ਬਰੌਂਕੋਨੀਅਰ ਨੂੰ ਅਮਰੀਕਾ ਵਿਚ ਸੂਬੇ ਦਾ ਨਵਾਂ ਅੰਤਰਮ ਸਫ਼ੀਰ ਨਿਯੁਕਤ ਕੀਤਾ ਗਿਆ ਹੈ। ਰੈਡਫ਼ੋਰਡ ਨੇ ਬਰੌਂਕੋਨੀਅਰ ਦੀ ਨਿਯੁਕਤੀ ਅਤੇ ਅਪਣੀ ਯਾਤਰਾ ਨੂੰ ਸਹੀ ਠਹਿਰਾਇਆ ਕਿਹਾ ਸੀ, ''ਤੇਲ ਕਾਰਨ ਅਮਰੀਕਾ ਦੀ ਨਜ਼ਰ ਐਲਬਰਟਾ 'ਤੇ ਹੈ ਅਤੇ ਸਾਨੂੰ ਰਣਨੀਤਕ ਤੇ ਉਸਾਰੂ ਪਹੁੰਚ ਅਪਨਾਉਣੀ ਪਾਵੇਗੀ ਤਾਂ ਜੋ ਅਹਿਮ ਫ਼ੈਸਲੇ ਲੈਂਦੇ ਸਮੇਂ ਸਾਨੂੰ ਧਿਆਨ ਵਿਚ ਰੱਖਿਆ ਜਾਵੇ।'' ਸਮਾਂ ਆਉਣ 'ਤੇ ਵਫ਼ਦ ਵਾਸ਼ਿੰਗਟਨ ਪੁੱਜ ਗਿਆ ਭਾਵੇਂ ਅਮਰੀਕਾ ਸਰਕਾਰ ਨੇ ਪਹਿਲਾਂ ਹੀ ਐਲਾਨ ਕਰ ਦਿਤਾ ਸੀ ਕਿ ਕੀਸਟੋਨ ਐਕਸ.ਐਲ ਪਾਈਪ ਲਾਈਨ ਦੀ ਯੋਜਨਾ ਮੁਲਤਵੀ ਕਰ ਦਿਤੀ ਗਈ ਹੈ ਅਤੇ ਇਹ 2012 ਦੀਆਂ ਚੋਣਾਂ ਤੋਂ ਬਾਅਦ ਹੀ ਅੱਗੇ ਵਧੇਗੀ। ਇਹ ਸਪੱਸ਼ਟ ਸੀ ਕਿ ਪਾਈਪਲਾਈਨ ਦੀ ਯੋਜਨਾ ਅਤੇ ਐਲਬਰਟਾ ਦਾ ਬਿਟੂਮਨ ਦੱਖਣ ਵਿਚ ਰਹਿੰਦੇ ਗੁਆਂਢੀਆਂ ਨੂੰ ਭੇਜਣਾ ਪ੍ਰੀਮੀਅਰ ਦੇ ਏਜੰਡੇ ਵਿਚ ਸਭ ਤੋਂ ਉਪਰ ਹੈ। ਰੈਡਫ਼ੋਰਡ ਨੇ ਕਈ ਮੌਕਿਆਂ 'ਤੇ ਇਹ ਵੀ ਆਖਿਆ ਸੀ ਕਿ ਉਨ੍ਹਾਂ ਵਲੋਂ ਨਿਰਧਾਰਤ ਅਹਿਮ ਟੀਚਿਆਂ ਵਿਚੋਂ ਇਕ ਉਤਰੀ ਅਮਰੀਕਾ ਦੀ ਊਰਜਾ ਰਣਨੀਤੀ ਹੈ ਜੋ ਅਮਰੀਕਾ ਬਾਜ਼ਾਰ ਨੂੰ ਲੰਮੇ ਸਮੇਂ ਲਈ ਐਲਬਰਟਾ ਵਾਸਤੇ ਸੁਰੱਖਿਅਤ ਕਰਦਾ ਹੈ।



ਅਮਰੀਕਾ ਵਲੋਂ ਕੀਸਟੋਨ ਪਾਈਪ ਲਾਈਨ ਦਾ ਫ਼ੈਸਲਾ ਲੈਣ ਦੇ ਮੱਦੇਨਜ਼ਰ ਸਰਕਾਰ ਨੇ ਇਕ ਹੋਰ ਪ੍ਰੈੱਸ ਬਿਆਨ ਜਾਰੀ ਕੀਤਾ, ਜਿਸ ਵਿਚ ਰੈਡਫ਼ੋਰਡ ਨੇ ਕਿਹਾ, ''ਮੇਰੀ ਸਰਕਾਰ ਇਸ ਗੱਲ ਦੀ ਵਕਾਲਤ ਕਰਨਾ ਜਾਰੀ ਰੱਖੇਗੀ ਕਿ ਅਸੀਂ ਅਮਰੀਕਾ ਵਾਸਤੇ ਤੇਲ ਦਾ ਸੁਰੱਖਿਅਤ ਅਤੇ ਜ਼ਿੰਮੇਵਾਰ ਸਰੋਤ ਹਾਂ।'' ਇਸ ਬਿਆਨ ਵਿਚ ਉਨ੍ਹਾਂ ਦਾਅਵਾ ਕੀਤਾ ਸੀ ਕਿ ਸਰਕਾਰ ਦਾ ਫ਼ੈਸਲਾ ਸ਼ਬਦ ਅੰਡਬਰ ਅਤੇ ਅਤਿਕਥਨੀ 'ਤੇ ਆਧਾਰਤ ਨਹੀਂ ਹੈ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਸੀ। ਐਲਬਰਟਾ ਸਰਕਾਰ ਸੂਬੇ ਦੇ ਤੇਲ ਅਤੇ ਗੈਸ ਉਦਯੋਗ ਵਲ ਅਮਰੀਕੀ ਸਰਕਾਰ ਨੂੰ ਆਕਰਸ਼ਿਤ ਕਰਨ ਲਈ ਲੱਖਾਂ ਡਾਲਰ ਖ਼ਰਚ ਕਰ ਚੁੱਕੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਵੀ ਕਿ ਐਲਬਰਟਾ ਦਾ ਤੇਲ ਦੱਖਣ ਵਲ ਜਾਂਦਾ ਰਹੇ ਅਤੇ ਪੈਸਾ ਊਰਜਾ ਕਾਰਪੋਰੇਸ਼ਨਾਂ ਦੇ ਖਾਤਿਆਂ ਵਿਚ ਪਹੁੰਚਦਾ ਰਹੇ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਰੈਡਫ਼ੋਰਡ ਅਤੇ ਬਰੌਂਕੋਨੀਅਰ ਐਲਬਰਟਾ ਦਾ ਤੇਲ ਅਮਰੀਕਾ ਨੂੰ ਵੇਚਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਸ ਸਮੇਂ ਪ੍ਰੀਮੀਅਰ ਵਲੋਂ ਤੇਲ ਦੀ ਦਰਾਮਦ ਲਈ ਅਮਰੀਕੀ ਬਾਜ਼ਾਰ ਉਪਰ ਨਿਰਭਰਤਾ ਬਾਰੇ ਬਿਆਨ ਆ ਰਹੇ ਹਨ। ਇਸ ਤਰੀਕੇ ਨਾਲ ਕੰਮ ਕਰਨ ਦੀ ਬਜਾਏ ਵਿਵਾਦਤ ਨੌਰਦਨ ਗੇਟਵੇਅ ਪਾਈਪ ਲਾਈਨ ਲਈ ਬੁਨਿਆਦੀ ਢਾਂਚਾ ਵਿਕਸਤ ਕਰਨਾ ਚਾਹੀਦਾ ਹੈ ਜਿਸ ਰਾਹੀਂ ਐਲਬਰਟਾ, ਉਭਰਦੇ ਏਸ਼ੀਆਈ ਅਰਥਚਾਰਿਆਂ ਨੂੰ ਤੇਲ ਭੇਜ ਸਕੇਗਾ। ਹੋਰ ਵੀ ਹੈਰਾਨ ਕਰ ਦੇਣ ਵਾਲੀ ਗੱਲ ਰੈਡਫ਼ੋਰਡ ਦੇ ਕੈਨੇਡਾ ਪਰਤਣ 'ਤੇ ਹੋਈ ਜਦੋਂ ਉਨ੍ਹਾਂ ਨੇ ਨਿਊ ਡੈਮਕ੍ਰੈਟ ਪਾਰਟੀ ਦੇ ਐਮ.ਪੀਜ਼ ਨੂੰ ਵਾਸ਼ਿੰਗਟਨ ਜਾ ਕੇ ਅਮਰੀਕੀ ਸਿਆਸਤਦਾਨਾਂ ਕੋਲ ਪਾਈਪ ਲਾਈਨ ਬਾਰੇ ਵਿਰੋਧਤਾ ਦਰਜ ਕਰਵਾਉਣ 'ਤੇ ਉਨ੍ਹਾਂ ਦੀ ਝਾੜਝੰਬ ਕੀਤੀ ਅਤੇ ਜ਼ੋਰ ਦੇ ਕੇ ਆਖਿਆ ਕਿ ਕੈਨੇਡਾ ਦੇ ਸਿਆਸਤਦਾਨਾਂ ਦਾ ਅਮਰੀਕੀ ਸਿਆਸਤਦਾਨਾਂ ਨੂੰ ਜਾ ਕੇ ਮਿਲਣ ਦਾ ਕੋਈ ਮਤਲਬ ਨਹੀਂ ਬਣਦਾ।



ਰਿਕਾਰਡੋ ਐਕਿਊਨਾ
780-492-8558

ਰੈਡਫ਼ੋਰਡ ਵਲੋਂ ਦਿਤੇ ਉਹ ਬਿਆਨ ਭੰਬਲਭੂਸਾ ਪੈਦਾ ਕਰਨ ਵਾਲੇ ਸਨ, ਜੋ ਉਨ੍ਹਾਂ ਨੇ ਇਕਨਾਮਿਕ ਕਲੱਬ ਆਫ਼ ਕੈਨੇਡਾ ਵਿਚ ਦਿਤੇ ਭਾਸ਼ਣ ਤੋਂ ਇਕ ਦਿਨ ਪਹਿਲਾਂ ਦਿਤੇ। ਉਨ੍ਹਾਂ ਕਿਹਾ ਸੀ ''ਸਾਨੂੰ ਆਪਸੀ ਵੈਰ-ਵਿਰੋਧ ਪਿਛੇ ਛਡਣਾ ਹੋਵੇਗਾ ਅਤੇ ਅਸੀਂ ਅਲੋਚਨਾ ਤੇ ਅਸਹਿਮਤੀ ਤੋਂ ਨਹੀਂ ਭੱਜ ਸਕਦੇ।'' ਉਨ੍ਹਾਂ ਇਹ ਵੀ ਦਲੀਲ ਦਿਤੀ ਸੀ ਕਿ ਸਰਕਾਰਾਂ ਨੂੰ ਵਾਤਾਵਰਣ ਪੱਖੀ ਜਥੇਬੰਦੀਆਂ ਦੀ ਸੁਣਨੀ ਚਾਹੀਦੀ ਹੈ। ਜੇ ਅਸੀਂ ਰੈਡਫ਼ੋਰਡ ਦੇ ਨਜ਼ਰੀਏ ਅਤੇ 'ਐਲਬਰਟਾ ਲਈ ਊਰਜਾ ਰਣਨੀਤੀ ਬਾਰੇ' ਕਰਵਾਈਆਂ ਨੂੰ ਸਾਹਮਣੇ ਰੱਖੀਏ ਤਾਂ ਇਹ ਹੇਠ ਲਿਖੇ ਅਨੁਸਾਰ ਦਿਖਾਈ ਦੇਣਗੇ।

*ਐਲਬਰਟਾ ਸਰਕਾਰ ਸੂਬੇ ਦੇ ਊਰਜਾ ਉਦਯੋਗ ਦੀ ਵਾਸ਼ਿੰਗਟਨ ਕੋਲ ਵਕਾਲਤ ਜਾਰੀ ਰੱਖੇਗੀ ਪਰ ਕੈਨੇਡਾ ਦੇ ਸਿਆਸਤਦਾਨਾਂ ਵਲੋਂ ਊਰਜਾ ਨੀਤੀ ਬਾਰੇ ਅਮਰੀਕਾ ਉਪਰ ਪ੍ਰਭਾਵ ਪਾਉਣ ਦਾ ਕੋਈ ਮਤਲਬ ਨਹੀਂ ਬਣਦਾ।

*ਅਸੀਂ ਚਾਹੁੰਦੇ ਹਾਂ ਕਿ ਕੀਸੋਟੋਨ ਪਾਈਪ ਲਾਈਨ ਬਣੇ ਅਤੇ ਉਤਰੀ ਅਮਰੀਕੀ ਊਰਜਾ ਰਣਨੀਤੀ ਦੀ ਲੋਚਦੇ ਹਾਂ ਜਿਸ ਰਾਹੀਂ ਅਮਰੀਕੀ ਬਾਜ਼ਾਰ ਵਿਚ ਐਲਬਰਟਾ ਦੇ ਤੇਲ ਦੀ ਭੂਮਿਕਾ ਵਧ ਜਾਵੇਗੀ ਪਰ ਸਾਨੂੰ ਤੇਲ ਵਾਸਤੇ ਅਮਰੀਕੀ ਬਾਜ਼ਾਰ ਉਪਰ ਨਿਰਭਰਤਾ ਘਟਾਉਣੀ ਹੋਵੇਗੀ।

*ਵਾਤਾਵਰਣ ਦੀ ਸਥਿਰਤਾ ਸਾਡੇ ਲਈ ਬਹੁਤ ਜ਼ਰੂਰੀ ਹੈ ਪਰ ਸਾਨੂੰ ਤੇਲ ਦੀ ਬਰਾਮਦ ਵਧਾਉਣੀ ਜਾਰੀ ਰੱਖਣੀ ਹੋਵੇਗੀ ਅਤੇ ਦੇਸ਼ ਦੇ ਵਾਤਾਵਰਣ ਪੱਖੋਂ ਸੰਵੇਦਨਸ਼ੀਲ ਇਲਾਕਿਆਂ ਰਾਹੀਂ ਪੱਛਮੀ ਕਿਨਾਰੇ 'ਤੇ ਪਾਈਪਨ ਲਾਈਨਜ਼ ਵਿਛਾਉਣੀਆਂ ਹੋਣਗੀਆਂ। ਪ੍ਰੀਮੀਅਰ ਰੈਡਫ਼ੋਰਡ ਨੂੰ ਉਨ੍ਹਾਂ ਦੀ ਸਮਝ ਲਈ ਸ਼ਾਬਾਸ਼ੀ ਮਿਲਣੀ ਚਾਹੀਦੀ ਕਿ ਐਲਬਰਟਾ ਅਤੇ ਕੈਨੇਡਾ ਨੂੰ ਊਰਜਾ ਰਣਨੀਤੀ ਅਤੇ ਨਜ਼ਰੀਏ ਦੀ ਲੋੜ ਹੈ, ਖ਼ਾਸ ਤੌਰ 'ਤੇ ਉਸ ਸਮੇਂ ਜਦੋਂ ਮੌਜੂਦਾ ਰਣਨੀਤੀ ਸਿਰਫ਼ ਬਿਟੂਮਨ ਦੀ ਖੁਦਾਈ ਅਤੇ ਇਸ ਨੂੰ ਵੇਚਣ 'ਤੇ ਆਧਾਰਤ ਹੈ ਜਦਕਿ ਵਾਤਾਵਰਣ, ਸਿਹਤ ਅਤੇ ਆਰਥਿਕਤਾ ਉਪਰ ਪੈਣ ਵਾਲੇ ਅਸਰਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਪਰ ਐਲਬਰਟਾ ਦੇ ਲੋਕ ਚਾਹੁੰਦੇ ਹਨ ਕਿ ਉਨ੍ਹਾਂ ਦੀ ਪ੍ਰੀਮੀਅਰ ਸਪੱਸ਼ਟ ਤੌਰ 'ਤੇ ਦੱਸੇ ਕਿ ਉਹ ਕਿਸ ਤਰੀਕੇ ਦੀ ਊਰਜਾ ਰਣਨੀਤੀ ਚਾਹੁੰਦੀ ਹੈ ਕਿਉਂਕਿ ਮੌਜੂਦਾ ਸਮੇਂ ਵਿਚ ਉਨ੍ਹਾਂ ਦੇ ਬਿਆਨ ਆਪਾ ਵਿਰੋਧੀ ਜਾਪਦੇ ਹਨ।

*(ਲੇਖਕ ਯੂਨੀਵਰਸਿਟੀ ਆਫ਼ ਐਲਬਰਟਾ ਵਿਖੇ ਸਥਿਤ ਪਾਰਕਲੈਂਡ ਇੰਸਟੀਚਿਊਟ ਦੇ ਕਾਰਜਕਾਰੀ ਡਾਇਰੈਕਟਰ ਹਨ।)*



# ਕਿੱਥੇ ਗਈ ਵਰਲਡ ਕਲਾਸ ਯੂਨੀਵਰਸਿਟੀ?

ਅੰਮ੍ਰਿਤਸਰ, (ਨਦਬ) : ਉੱਚ ਸਿੱਖਿਆ ਸੰਸਥਾਵਾਂ ਦੇ ਨਾਂ 'ਤੇ ਹਰ ਵਾਰ ਗੁਰੂ ਦੀ ਨਗਰੀ ਨੂੰ ਅਣਗੌਲਿਆ ਹੀ ਗਿਆ ਹੈ। ਕੇਂਦਰ ਸਰਕਾਰ ਵਲੋਂ ਅੰਮ੍ਰਿਤਸਰ ਨੂੰ ਦਿੱਤੀ ਗਈ ਸੈਂਟਰਲ ਯੂਨੀਵਰਸਿਟੀ ਪੰਜਾਬ ਸਰਕਾਰ ਨੇ ਬਠਿੰਡਾ ਸ਼ਿਫਟ ਕਰ ਦਿੱਤੀ ਤੇ ਅੱਜ ਅੰਮ੍ਰਿਤਸਰ ਵਿਚ ਬਣਨ ਵਾਲੀ ਵਰਲਡ ਕਲਾਸ ਯੂਨੀਵਰਸਿਟੀ ਦਾ ਐਲਾਨ ਹੋਏ ਨੂੰ ਲਗਭਗ 5 ਸਾਲ ਹੋਣ ਨੂੰ ਹਨ ਪਰ ਯੂਨੀਵਰਸਿਟੀ ਕਦੋਂ ਹੋਂਦ ਵਿਚ ਆਵੇਗੀ? ਇਹ ਕੋਈ ਪਤਾ ਨਹੀਂ ਹੈ। ਇਹ ਸੁਪਨੇ ਵਾਂਗ ਹੀ ਲੱਗਦੀ ਹੈ ਕਿਉਂਕਿ ਪੰਜਾਬ ਸਰਕਾਰ ਇਸ ਪ੍ਰਤੀ ਕਦੀ ਵੀ ਗੰਭੀਰ ਨਹੀਂ ਦਿਸੀ। ਵਿਧਾਨ ਸਭਾ ਚੋਣਾਂ ਦੌਰਾਨ ਸੈਂਟਰਲ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਹੀ ਰਹਿਣ ਦੇ ਅਕਾਲੀ-ਭਾਜਪਾ ਦੇ ਐਲਾਨ ਵੀ ਅਮਲ ਵਿਚ ਨਹੀਂ ਆਏ। ਕੋਈ ਵੀ ਅਕਾਲੀ-ਭਾਜਪਾ ਆਗੂ ਇਸ ਸਬੰਧੀ ਸਿੱਧੇ ਤੌਰ 'ਤੇ ਆਪਣਾ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹੈ। ਅੰਮ੍ਰਿਤਸਰ ਵਿਕਾਸ ਰੰਗਮੰਚ ਹੁਣ ਵਰਲਡ ਕਲਾਸ ਯੂਨੀਵਰਸਿਟੀ ਜਲਦੀ ਤੋਂ ਜਲਦੀ ਅੰਮ੍ਰਿਤਸਰ 'ਚ ਬਣਾਉਣ ਲਈ ਸੰਘਰਸ਼ ਦੇ ਰੌਂਅ 'ਚ ਹੈ। ਮੰਚ ਵਲੋਂ ਤਿੰਨ ਸਾਲ ਪਹਿਲਾਂ ਕੇਂਦਰ ਸਰਕਾਰ ਨੂੰ ਲਿਖਿਆ ਗਿਆ ਸੀ, ਜਿਸਦਾ ਭਰੋਸਾ ਵੀ ਮਿਲਿਆ ਸੀ ਪਰ ਅੱਜ ਇੰਨਾ ਸਮਾਂ ਲੰਘ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ ਹੈ। ਪੰਜਾਬ ਸਰਕਾਰ ਦੇ ਅੰਮ੍ਰਿਤਸਰ ਪ੍ਰਤੀ ਨਾਕਾਰਾਤਮਕ ਰਵੱਈਏ ਦੇ ਚਲਦੇ ਸ਼ਹਿਰਵਾਸੀਆਂ ਵਿਚ ਰੋਸ ਹੈ।

# ਚੋਣਾਂ ਨੇ ਮਨਪ੍ਰੀਤ ਦਾ ਏਜੰਡਾ ਬਦਲਿਆ

## ਚੋਣ ਮਜਬੂਰੀ : ਪਹਿਲਾਂ ਸਬਸਿਡੀ ਹਟਾਉਣ ਦੀ ਗੱਲ ਕਰਦੇ ਸਨ ਤੇ ਹੁਣ ਦੇਣ ਦੀ

ਚੰਡੀਗੜ੍ਹ, (ਨਦਬ) : ਚੋਣਾਂ ਨੇ ਪੀਪਲਜ਼ ਪਾਰਟੀ ਆਫ ਪੰਜਾਬ (ਪੀ.ਪੀ.ਪੀ.) ਦੇ ਮੁਖੀ ਮਨਪ੍ਰੀਤ ਸਿੰਘ ਬਾਦਲ ਦਾ ਏਜੰਡਾ ਬਦਲ ਦਿਤਾ ਹੈ। ਸ਼੍ਰੋਮਣੀ ਅਕਾਲੀ ਦਲ ਵਿਚ ਰਹਿੰਦੇ ਹੋਏ ਜਿਨ੍ਹਾਂ ਮੁੱਦਿਆਂ 'ਤੇ ਮਨਪ੍ਰੀਤ ਪਾਰਟੀ ਵਿਚ ਵਖਰਾ ਸਟੈਂਡ ਲੈਂਦੇ ਰਹੇ, ਹੁਣ ਉਨ੍ਹਾਂ ਮੁੱਦਿਆਂ ਦੇ ਪੱਖ ਵਿਚ ਦਿਖਾਈ ਦਿੰਦੇ ਹਨ।

ਢੁੱਡੀਕੇ (ਮੋਗਾ) ਵਿਚ ਇੱਜ਼ਤ ਸੰਭਾਲ ਯਾਤਰਾ ਸ਼ੁਰੂ ਕਰਨ ਸਮੇਂ ਕਰਵਾਈ ਗਈ ਵਿਸ਼ਾਲ ਰੈਲੀ ਵਿਚ ਪੀ.ਪੀ.ਪੀ., ਸੀ.ਪੀ.ਆਈ., ਸੀ.ਪੀ.ਆਈ.ਐਮ. ਅਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸਾਂਝੇ ਪ੍ਰੋਗਰਾਮ ਵਿਚ ਉਨ੍ਹਾਂ ਨੂੰ ਦੋ ਰੁਪਏ ਕਿੱਲੋ ਆਟਾ ਅਤੇ ਤਿੰਨ ਰੁਪਏ ਦਾਲ, ਡਾ. ਅੰਬੇਦਕਰ ਦੇ ਨਾਮ 'ਤੇ ਮਕਾਨ ਨਿਰਮਾਣ ਯੋਜਨਾ, ਹਰ ਸਾਲ ਇਕ ਲੱਖ ਰੁਜ਼ਗਾਰ ਦੇਣ ਸਮੇਤ ਕਈ ਯੋਜਨਾਵਾਂ ਦਾ ਐਲਾਨ ਕੀਤਾ।

ਅਕਾਲੀ ਦਲ ਵਿਚ ਰਹਿੰਦੇ ਸਮੇਂ ਮਨਪ੍ਰੀਤ ਬਾਦਲ ਨੇ ਕਿਹਾ ਸੀ ਕਿ ਪਾਰਟੀਆਂ ਨੂੰ ਲੋਕ ਭਰਮਾਊ ਨਾਅਰਿਆਂ ਨੂੰ ਛੱਡਣਾ ਚਾਹੀਦਾ ਹੈ। ਇਸ ਲਈ ਸਬਸਿਡੀਆਂ ਦੀ ਇਕ ਸੀਮਾ ਤਹਿ ਕਰਨੀ ਪਵੇਗੀ। ਇਸ ਤਰੀਕੇ ਨਾਲ ਪੰਜਾਬ ਨਹੀਂ ਚਲ ਸਕਦਾ। ਕਿਸਾਨਾਂ ਨੂੰ ਮੁਫਤ ਬਿਜਲੀ ਹੋਵੇ, ਜਾਂ ਫਿਰ ਗਰੀਬਾਂ ਨੂੰ ਦੋ ਸੌ ਯੂਨਿਟ ਮੁਫਤ ਬਿਜਲੀ ਇਸ 'ਤੇ ਮਨਪ੍ਰੀਤ ਦੀ ਰਾਇ ਪਾਰਟੀ ਤੋਂ ਵੱਖ ਸੀ। ਜ਼ਿਕਰਯੋਗ ਹੈ ਕਿ ਇਸ ਵੱਖਰੀ ਰਾਇ ਕਾਰਨ ਹੀ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਛੱਡ ਦਿਤਾ ਸੀ।

### ਪੀਪਲਜ਼ ਪਾਰਟੀ ਬਣਾਉਣ ਤੋਂ ਪਹਿਲਾਂ

- ਪੰਜਾਬ ਪਾਪੂਲਿਜ਼ਮ ਨੇ ਬਰਬਾਦ ਕਰ ਦਿਤਾ ਹੈ। ਇਸ ਲਈ ਲੋਕ ਭਰਮਾਊ ਯੋਜਨਾਵਾਂ 'ਤੇ ਪੁਨਰਵਿਚਾਰ ਕਰਨਾ ਹੋਵੇਗਾ।
- ਸਬਸਿਡੀ ਨੂੰ ਘੱਟ ਕਰ ਕੇ ਟੈਕਸ ਪ੍ਰਣਾਲੀ ਵਿਚ ਸੁਧਾਰ ਕਰਨਾ ਹੋਵੇਗਾ।
- ਨਿਵੇਸ਼ਕਾਂ ਨੂੰ ਸਰਕਾਰੀ ਬਾਬੂਆਂ ਦੇ ਚੱਕਰ ਕੱਟਣ ਤੋਂ ਮੁਕਤ ਕਰਨਾ ਹੋਵੇਗਾ।
- ਪੰਜਾਬੀਆਂ ਨੂੰ ਮੰਗਣ ਵਾਲਾ ਬਣਾਉਣ ਦੀ ਬਜਾਏ ਵਿਕਾਸ ਰਾਹੀਂ ਕਮਾ ਕੇ ਰੋਟੀ ਖਾਣ ਦੇ ਲਾਇਕ ਬਣਾਇਆ ਜਾਵੇ।

### ਹੁਣ ਦਾ ਏਜੰਡਾ

- ਸ਼੍ਰੋਮਣੀ ਅਕਾਲੀ ਦਲ ਦੇ ਚਾਰ ਕਿਲੋ ਆਟਾ ਅਤੇ 20 ਰੁਪਏ ਕਿਲੋ ਦਾਲ ਦੇ ਮੁਕਾਬਲੇ 2 ਰੁਪਏ ਆਟਾ ਅਤੇ ਤਿੰਨ ਰੁਪਏ ਕਿਲੋ ਦਾਲ ਦਾ ਵਾਅਦਾ
- ਗਰੀਬਾਂ ਦੀ ਸਬਸਿਡੀਆਂ ਜਾਰੀ ਰੱਖਣ ਦਾ ਵਾਅਦਾ।
- ਸਰਕਾਰੀ ਖੇਤਰ ਵਿਚ ਸਕੂਲ ਅਤੇ ਕਾਲਜ ਖੋਲ੍ਹਣ ਦਾ ਵਾਅਦਾ।
- ਗਰੀਬਾਂ ਲਈ ਡਾ. ਅੰਬੇਦਕਰ ਯੋਜਨਾ ਤਹਿਤ ਘਰ ਨਿਰਮਾਣ ਕਰ ਕੇ ਦੇਣ ਦਾ ਵਾਅਦਾ।



ਮਨਪ੍ਰੀਤ ਪੂਰੀ ਤਰ੍ਹਾਂ ਇਸ ਗੱਲ ਨਾਲ ਸਹਿਮਤ ਹੋਏ ਹਨ ਕਿ ਕਾਰਪੋਰੇਟ ਹੀ ਭ੍ਰਿਸ਼ਟਾਚਾਰ ਦਾ ਕਾਰਨ ਹੈ। ਗਰੀਬਾਂ ਨੂੰ ਸਬਸਿਡੀ ਦਿਤੇ ਜਾਣਾ ਸਮੇਂ ਦੀ ਜ਼ਰੂਰਤ ਹੈ। ਕਿਸੇ ਵੀ ਵਿਅਕਤੀ ਵਿਚ ਬਦਲਾਅ ਦੀ ਸੰਭਾਵਨਾ ਹੁੰਦੀ ਹੈ ਅਤੇ ਚੰਗੇ ਲਈ ਬਦਲਾਅ ਹੋਣਾ ਵੱਡੀ ਗੱਲ ਹੁੰਦੀ ਹੈ।

*ਡਾ. ਜੋਗਿੰਦਰ ਦਲਾਲ, ਕੇਂਦਰੀ ਕਮੇਟੀ ਮੈਂਬਰ, ਸੀ.ਪੀ.ਆਈ.*

ਏਜੰਡੇ ਵਿਚ ਕੋਈ ਤਬਦੀਲੀ ਨਹੀਂ ਹੈ। ਇਹ ਸਾਂਝੇ ਮੋਰਚੇ ਦਾ ਸਾਂਝਾ ਪ੍ਰੋਗਰਾਮ ਹੈ। ਪੀਪਲਜ਼ ਪਾਰਟੀ ਆਪਣੇ ਵਿਸਥਾਰਤ ਏਜੰਡੇ ਵਿਚ ਵਿੱਤੀ ਅਨੁਸ਼ਾਸਨ ਦੇ ਮੁੱਦੇ 'ਤੇ ਵਿਸਥਾਰ ਨਾਲ ਗੱਲਬਾਤ ਕਰੇਗੀ।

*ਪ੍ਰੋ. ਐਸ.ਐਸ. ਜੌਹਲ, ਅਰਥਸ਼ਾਸਤਰੀ ਅਤੇ ਸਰਪ੍ਰਸਤ ਪੀਪਲਜ਼ ਪਾਰਟੀ*

# ਲੋਕ-ਹਿਤੈਸ਼ੀ ਸਭਿਆਚਾਰ ਨੂੰ ਪ੍ਰਣਾਈ ਸ਼ੀਲਾ ਦੀਦੀ ਦੀ ਇਪਟਾ ਨੂੰ ਦੇਣ ਸਦਾ ਚੇਤੇ ਰਹੇਗੀ



ਚੰਡੀਗੜ੍ਹ, (ਨਦਬ) : ਇਪਟਾ ਪੰਜਾਬ ਨੇ ਕਿਹਾ ਹੈ ਕਿ ਲੋਕ-ਹਿੱਤਾਂ ਅਤੇ ਲੋਕ-ਹਿਤੈਸ਼ੀ ਸਭਿਆਚਾਰ ਨੂੰ ਆਖਰੀ ਸਾਹਾਂ ਤੱਕ ਪ੍ਰਣਾਏ ਹੋਏ ਸ਼ੀਲਾ ਦੀਦੀ ਦੀ ਇਪਟਾ ਪੰਜਾਬ ਦੇ ਆਰੰਭਲੇ ਦੌਰ ਵਿਚ ਦੇਣ ਨੂੰ ਸਦਾ ਚੇਤੇ ਰੱਖਿਆ ਜਾਵੇਗਾ। ਪੇਸ਼ੇ ਵੱਜੋਂ ਵਕੀਲ ਸ਼ੀਲਾ ਨੇ ਨਾ ਕੇਵਲ ਖ਼ੁੱਦ ਅਤੇ ਆਪਣੇ ਪਤੀ ਕਾਮਰੇਡ ਦੀਦੀ ਨੂੰ ਲੋਕ ਸੰਘਰਸ਼ਾਂ ਦੀ ਅਗਵਾਈ ਕਰਨ ਵਿਚ ਸਾਥ ਦਿੱਤਾ ਬਲਕਿ ਆਪਣੇ ਬੱਚਿਆ ਨੂੰ ਵੀ ਆਪਣੇ ਰਾਹੇ ਤੋਰਿਆ।

ਇਪਟਾ ਪੰਜਾਬ ਦੇ ਪ੍ਰਧਾਨ ਦਵਿੰਦਰ ਦਮਨ, ਜਨਰਲ ਸੱਕਤਰ ਸੰਜੀਵਨ ਸਿੰਘ ਤੋਂ ਇਲਾਵਾ ਚੰਡੀਗੜ੍ਹ, ਪੁਆਧ, ਦੁਆਬਾ ਮਾਝਾ ਅਤੇ ਮਾਲਵਾ ਇਕਾਈਆਂ ਦੇ ਆਗੂ ਸਰਵਸ਼੍ਰੀ ਬਲਕਾਰ ਸਿੱਧੂ, ਕੰਵਰਨੈਨ ਸਿੰਘ ਸੇਖੋਂ, ਫੁਲਵੰਤ ਸਿੰਘ ਮਨੋਚਾ, ਰਾਬਿੰਦਰ ਸਿੰਘ ਰੱਬੀ, ਮੱਖਣ ਕਰਾਂਤੀ, ਰਾਣਾ ਸੋਢੀ. ਇੰਦਰਜੀਤ ਰੂਪੋਵਾਲੀ, ਹਰਦੀਪ ਗਿੱਲ, ਨਰਿੰਦਰ ਸਾਂਘੀ, ਹੰਸਾ ਸਿੰਘ ਬਿਆਸ, ਦਰਬਾਰ ਸਿੰਘ ਅਤੇ ਗੁਰਦਿਆਲ ਨਿਰਮਾਣ ਨੇ ਸ਼ੀਲਾ ਦੀਦੀ ਦੀ ਧੀ ਪੂਨਮ ਪ੍ਰੀਤਲੜੀ ਅਤੇ ਹੋਰ ਪਰਿਵਾਰਕ ਮੈਂਬਰਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਕਿਹਾ ਕਿ ਬਹੁਤ ਘੱਟ ਲੋਕ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਲੋਕਾਂ ਲੇਖੇ ਲਾਉਂਦੇ ਹਨ।

ਇਸ ਦੇ ਨਾਲ ਹੀ ਸਰਗੀ ਕਲਾ ਕੇਂਦਰ ਮੁਹਾਲੀ ਦੇ ਰੰਗਕਰਮੀ ਸੈਵੀ ਸਤਵਿੰਦਰ ਕੌਰ , ਰੰਜੀਵਨ ਸਿੰਘ, ਸੰਜੀਵ ਦੀਵਾਨ, ਲਖਵਿੰਦਰ ਸਿੰਘ ਮੁਕੇਸ਼, ਗੁਰਪ੍ਰੀਤ ਅਤੇ ਰਿਤੂਰਾਗ ਕੌਰ ਨੇ ਵੀ ਸ਼ੀਲਾ ਦੀਦੀ ਦੇ ਵਿਛੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਮਾਚਿਸ ਦੇ ਆਕਾਰ ਦਾ ਯੰਤਰ ਬਚਾਏਗਾ ਰੇਲ ਗੱਡੀਆਂ ਨੂੰ ਲੀਹੋਂ ਲੱਥਣ ਤੋਂ

ਕਾਨਪੁਰ, (ਨਦਬ) : ਰੇਲਵੇ ਵਿਚ ਲਗਾਤਾਰ ਰੇਲ ਗੱਡੀਆਂ ਦੇ ਲੀਹੋਂ ਲੱਥਣ ਦੀਆਂ ਵਾਪਰ ਰਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਮਾਚਿਸ ਦੀ ਡੱਬੀ ਦੇ ਆਕਾਰ ਦੇ ਇਕ ਯੰਤਰ ਨੂੰ ਤਿਆਰ ਕੀਤਾ ਗਿਆ ਹੈ, ਜੋ ਗੱਡੀ ਨੂੰ ਲੀਹੋਂ ਲੱਥਣ ਤੋਂ ਪਹਿਲਾਂ ਹੀ ਟ੍ਰੈਕ ਦੇ ਨੁਕਸ ਬਾਰੇ ਜਾਣੂ ਕਰਵਾ ਦੇਵੇਗਾ।

ਆਈ. ਆਈ. ਟੀ. ਕਾਨਪੁਰ ਨੇ ਇਸ ਸੰਬੰਧੀ ਇਕ ਵਿਸ਼ੇਸ਼ ਕਿਸਮ ਦਾ ਯੰਤਰ ਤਿਆਰ ਕੀਤਾ ਹੈ, ਜੋ ਮਾਚਿਸ ਦੀ ਡੱਬੀ ਦੇ ਆਕਾਰ ਦਾ ਹੈ। ਸਲਿੱਪਰ 'ਤੇ ਸਹੀ ਢੰਗ ਨਾਲ ਨਾ ਬੈਠੇ ਹੋਣ ਜਾਂ ਫਿਰ ਬੋਲਟ ਦੇ ਢਿੱਲਾ ਹੋਣ ਵਰਗੇ ਕਾਰਨਾਂ ਕਾਰਨ ਅਕਸਰ ਹੀ ਗੱਡੀਆਂ ਲੀਹੋਂ ਲੱਥ ਜਾਂਦੀਆਂ ਹਨ ਪਰ ਵਾਇਬ੍ਰੇਟ ਹੋਣ ਵਾਲੇ ਇਸ ਯੰਤਰ ਵਿਚ ਇਸ ਤਰ੍ਹਾਂ ਦਾ ਨੁਕਸ ਵੀ ਦਰਜ ਹੋ ਜਾਵੇਗਾ। ਮਿਲੀ ਜਾਣਕਾਰੀ ਮੁਤਾਬਕ ਇਹ ਯੰਤਰ ਰੇਲ ਗੱਡੀ ਦੇ ਹੇਠਾਂ ਲਾਇਆ ਜਾਏਗਾ, ਜਿਹੜਾ ਜੀ. ਪੀ. ਐਸ. ਪ੍ਰਣਾਲੀ ਨਾਲ ਜੁੜਿਆ ਹੋਵੇਗਾ। ਜੇ ਚੱਲਦੀ ਟ੍ਰੇਨ ਵਿਚ ਇਸ ਯੰਤਰ ਨੂੰ ਟ੍ਰੈਕ ਵਿਚ ਕਿਤੇ ਵੀ ਨੁਕਸ ਮਹਿਸੂਸ ਹੋਵੇਗਾ ਤਾਂ ਉਹ ਜੀ. ਪੀ. ਐਸ. ਸਿਸਟਮ ਰਾਹੀਂ ਵਿਭਾਗ ਨੂੰ



ਸੂਚਿਤ ਕਰ ਦੇਵੇਗਾ। ਰੇਲਵੇ ਸੂਤਰਾਂ ਦਾ ਕਹਿਣਾ ਹੈ ਕਿ ਟ੍ਰੈਕ ਦੇ ਇਕ ਬੋਲਟ ਦੇ ਢਿੱਲਾ ਹੋਣ 'ਤੇ ਵੀ ਇਹ ਯੰਤਰ ਸੂਚਿਤ ਕਰੇਗਾ ਅਤੇ ਟ੍ਰੇਨ ਵਿਚ ਇਕ ਤੋਂ ਵੱਧ ਯੰਤਰ ਲਗਾ ਕੇ ਇਨ੍ਹਾਂ ਨੂੰ ਪਰਖਣ ਦਾ ਕੰਮ ਚੱਲ ਰਿਹਾ ਹੈ। ਇਸ ਸਮੇਂ ਰੇਲਵੇ ਵਲੋਂ ਜੋ ਪ੍ਰਣਾਲੀ ਵਰਤੋਂ ਵਿਚ ਲਿਆਂਦੀ ਜਾ ਰਹੀ ਹੈ, ਉਹ ਕੰਮ ਤਾਂ ਕਰ ਰਹੀ ਹੈ ਪਰ ਉਸ ਵਿਚ ਤਕਨੀਕੀ ਨੁਕਸ ਹਨ। ਇਸ ਯੰਤਰ ਨੂੰ ਆਈ. ਆਈ. ਟੀ. ਦੇ ਕਿਸ਼ਿਤਜ ਡੇ ਅਤੇ ਹੋਰ ਵਿਦਿਆਰਥੀਆਂ ਨੇ ਮਿਲ ਕੇ ਤਿਆਰ ਕੀਤਾ ਹੈ।

# ਮਹਾਨ ਵਿਗਿਆਨੀ ਹਰਗੋਬਿੰਦ ਖੁਰਾਣਾ ਦਾ ਚਲਾਣਾ

ਭਾਰਤ ਮਹਾਨ ਪ੍ਰਤਿਭਾ ਦੀ ਜਨਮ ਭੂਮੀ ਤਾਂ ਹੈ ਪਰ ਪਛਾਣ ਭੂਮੀ ਨਹੀਂ। ਭਾਰਤ ਨੂੰ ਬੜੀ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ, ਜਦੋਂ ਭਾਰਤ ਵਿਚ ਜੰਮੀਆਂ ਕਈ ਸ਼ਖ਼ਸੀਅਤਾਂ ਵਿਦੇਸ਼ਾਂ ਵਿਚ ਜਾ ਕੇ ਪ੍ਰਵਾਨ ਚੜ੍ਹਦੀਆਂ ਤੇ ਆਪਣਾ ਯੋਗ ਮਹੱਤਵ ਹਾਸਲ ਕਰਦੀਆਂ ਹਨ। ਹਰਗੋਬਿੰਦ ਖੁਰਾਣਾ ਵੀ ਉਨ੍ਹਾਂ ਸ਼ਖ਼ਸੀਅਤਾਂ ਵਿਚੋਂ ਇਕ ਹਨ, ਜਿਨ੍ਹਾਂ ਨੂੰ ਭਾਰਤ ਵਿਚ ਰਹਿਣ ਸਮੇਂ ਅਣਗੌਲਿਆ ਹੀ ਰਹਿਣ ਦਿਤਾ ਗਿਆ। ਇਹੀ ਹਰਗੋਬਿੰਦ ਖੁਰਾਣਾ ਜਦੋਂ ਭਾਰਤ ਛੱਡ ਗਏ ਤਾਂ ਜੀਵ ਵਿਗਿਆਨ ਦੇ ਖੇਤਰ ਵਿਚ ਇਕ ਤੋਂ ਬਾਅਦ ਇਕ ਪ੍ਰਾਪਤੀਆਂ ਇਨ੍ਹਾਂ ਦੇ ਨਾਂ ਨਾਲ ਜੁੜਦੀਆਂ ਗਈਆਂ ਤੇ ਜੀਵ ਵਿਗਿਆਨ ਦੇ ਖੇਤਰ ਵਿਚ ਯੁੱਗ ਪਲਟਾਊ ਖੋਜਾਂ ਲਈ ਇਨ੍ਹਾਂ ਨੂੰ ਨੋਬਲ ਇਨਾਮ ਨਾਲ ਨਿਵਾਜਿਆ ਗਿਆ।

ਡਾ. ਹਰਗੋਬਿੰਦ ਖੁਰਾਣਾ ਦਾ ਜਨਮ 2 ਜਨਵਰੀ, 1922 ਨੂੰ ਪੱਛਮੀ ਪੰਜਾਬ ਦੇ ਪਿੰਡ ਰਾਜਪੁਰ ਵਿਖੇ ਹੋਇਆ ਸੀ। ਪਿਤਾ ਰਾਜਪੁਰ ਗ੍ਰਾਮੀਣ ਟੈਕਸ ਕੁਲੈਕਟਰ ਸਨ। ਪਿੰਡ ਵਿਚ ਸਿਰਫ ਇਹੋ ਇਕ ਪੜ੍ਹਿਆ ਲਿਖਿਆ ਪਰਿਵਾਰ ਸੀ। ਉਹ ਪਰਿਵਾਰ ਦੇ ਪੰਜ ਭੈਣ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਪੜ੍ਹਾਈ ਵਿਚ ਹੋਣਹਾਰ ਹਰਗੋਬਿੰਦ ਖੁਰਾਣਾ ਨੇ ਮੁਢਲੀ ਵਿਦਿਆ ਸਥਾਨਕ ਸਕੂਲ ਵਿਚ ਪ੍ਰਾਪਤ ਕੀਤੀ।

ਡਾ. ਖੁਰਾਣਾ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਬੀ.ਐਸ.ਸੀ. ਅਤੇ ਐਮ.ਐਮ.ਐਸ ਸੀ. ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ। ਸੰਨ 1845 ਈ. ਵਿਚ ਉਹ ਉਚ ਸਿਖਿਆ ਪ੍ਰਾਪਤ ਕਰਨ ਲਈ ਮਾਂਨਚੈਸਟਰ ਯੂਨੀਵਰਸਿਟੀ, ਲਿਵਰਪੂਲ, ਇੰਗਲੈਂਡ ਚਲੇ ਗਏ। ਇਥੇ ਹੀ ਉਨ੍ਹਾਂ ਨੇ ਕੈਂਬਰਿਜ਼ ਯੂਨੀਵਰਸਿਟੀ ਵਿਚ ਪਲੈਕਜੈਂਡਰ ਟਾਡ ਨਾਲ



ਕੰਮ ਕਰਨਾ ਆਰੰਭ ਕੀਤਾ। ਸੰਨ 1952 ਵਿਚ ਉਹ ਕੈਨੇਡਾ ਚਲੇ ਗਏ ਜਿਥੇ ਉਨ੍ਹਾਂ ਸਵਿਟਜ਼ਰਲੈਂਡ ਦੇ ਪਾਰਲੀਮੈਂਟ ਮੈਂਬਰ ਦੀ ਧੀ ਨਾਲ ਵਿਆਹ ਕਰਵਾ ਲਿਆ।

ਸੰਨ 1953 ਈ. ਵਿਚ ਡਾ. ਖੁਰਾਣਾ ਆਰਗੈਨਿਕ ਕੈਮਿਸਟਰੀ ਗਰੁੱਪ ਆਫ਼ ਕਾਮਨਵੈਲਥ ਖੋਜ ਸੰਸਥਾ ਦੇ ਮੁਖੀ ਚੁਣੇ ਗਏ ਅਤੇ ਸੰਨ 1960 ਤਕ ਇਸ ਅਹੁਦੇ 'ਤੇ ਬਣੇ ਰਹੇ। ਇਸੇ ਦੌਰਾਨ 1954 ਈਸਵੀ ਵਿਚ ਉਨ੍ਹਾਂ ਇਕ ਐਨਜ਼ਾਈਮੇ ਦਾ ਨਿਰਮਾਣ ਕੀਤਾ, ਜਿਸ ਕਾਰਨ ਉਨ੍ਹਾਂ ਨੂੰ ਵੱਡੀ ਪ੍ਰਸਿੱਧੀ ਹਾਸਲ ਹੋਈ। ਉਨ੍ਹਾਂ ਦੁਆਰਾ ਬਣਾਇਆ ਗਿਆ ਐਨਜ਼ਾਈਮ ਸਰੀਰਕ ਕ੍ਰਿਆਵਾਂ ਲਈ ਬਹੁਤ ਮਹੱਤਵਪੂਰਨ ਸਿੱਧ ਹੋਇਆ। ਇਸ ਮਗਰੋਂ ਸੰਨ 1960 ਈ. ਵਿਚ ਉਹ ਅਮਰੀਕਾ ਚਲੇ ਗਏ। ਉਥੇ ਉਨ੍ਹਾਂ ਨੇ ਕ੍ਰਿਤ੍ਰਿਮਜੀਨ ਦੀ ਸੰਭਾਵਨਾ ਉਪਰ ਵਿਸਕਾਨਸਿਨ ਯੂਨੀਵਰਸਿਟੀ ਦੇ ਐਨਜ਼ਾਇਮ ਰੀਸਰਚ ਇੰਸਟੀਚਿਊਟ ਦੇ ਮਾਰਸ਼ਲ ਨਿਰੇਨਬਰਗ ਨਾਲ ਮਿਲ ਕੇ ਕੰਮ ਕਰਨਾ ਸ਼ੁਰੂ ਕੀਤਾ। ਇਥੇ ਉਨ੍ਹਾਂ ਡੀ.ਐਨ.ਏ. ਅਤੇ ਆਰ.ਐਲ.ਏ. ਦੇ ਨਿਰਮਾਣ ਦਾ ਢੰਗ ਖੋਜਿਆ। ਇਹ ਖੋਜ ਮੈਡੀਕਲ ਸਾਇੰਸ ਦੇ ਵਿਕਾਸ ਵਿਚ ਮੀਲ ਪੱਥਰ ਸਾਬਤ ਹੋਈ। ਇਸ ਖੋਜ ਕਾਰਨ ਅੱਜ ਬਹੁਤ ਸਾਰੇ ਖਾਨਦਾਨੀ ਰੋਗਾਂ ਦਾ ਇਲਾਜ ਸੰਭਵ ਹੋ ਗਿਆ ਹੈ। ਇਸ ਖੋਜ ਲਈ ਸੰਨ 1968 ਈ. ਵਿਚ ਉਨ੍ਹਾਂ ਨੂੰ ਮਾਰਸ਼ਲ ਨਿਰੇਨਬਰਗ ਅਤੇ ਰਾਬਰਡ ਹਾਲੇ ਨਾਲ ਸਾਂਝੇ ਤੌਰ 'ਤੇ ਨੋਬਲ ਪੁਰਸਕਾਰ ਦਿਤਾ ਗਿਆ। ਇਸ ਖੋਜ ਤੇ ਪੁਰਸਕਾਰ ਨੇ ਡਾ. ਹਰਗੋਬਿੰਦ ਖੁਰਾਣਾ ਨੂੰ ਪ੍ਰਸਿੱਧੀ ਦੇ ਸ਼ਿਖਰ 'ਤੇ ਪੁਚਾ ਦਿਤਾ।

ਸੰਨ 1970 ਵਿਚ ਮੈਸਾਚੂਸੇਟਸ ਟੈਕਨਾਲੌਜੀ ਸੰਸਥਾ ਵਿਚ ਜੀਵ ਵਿਗਿਆਨ ਅਤੇ ਰਸਾਇਣ ਦੇ ਆਲਫਰੈਡ ਸਲੋਨ ਪ੍ਰੋਫੈਸਰ ਬਣਾਏ ਗਏ ਹੁਣ ਤਕ ਇਨ੍ਹਾਂ ਵਲੋਂ ਜੇਨੇਟਿਕ ਕੋਡ 'ਤੇ ਕੀਤੇ ਕੰਮ ਜਗਤ ਪ੍ਰਸਿੱਧ ਹੋ ਗਏ ਸਨ।

ਕੈਂਬਰਿਜ ਯੂਨੀਵਰਸਿਟੀ ਲੰਡਨ ਵਿਚ ਐਕਸ਼ਕਰਸ਼ੀਆਂ ਕੋਲੀ ਨਾਂ ਦੇ ਜੀਵਾਣੂ ਦੀ ਸੰਰਚਨਾ ਉਪਰ ਕਾਫੀ ਕੰਮ ਹੋ ਚੁੱਕਿਆ ਸੀ। ਵਿਗਿਆਨੀ ਇਸ ਨਤੀਜੇ 'ਤੇ ਪਹੁੰਚ ਗਏ ਸਨ ਕਿ ਇਹ ਜੀਵਾਣੂ ਮਨੁੱਖ ਅਤੇ ਜੰਤੂਆਂ ਦੀਆਂ ਅੰਤੜੀਆਂ 'ਤੇ ਜੀਵਤ ਰਹਿੰਦਾ ਹੈ। ਡਾ. ਖੁਰਾਣਾ ਨੇ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਜੀਵਾਣੂ ਪ੍ਰਯੋਗਸ਼ਾਲਾ ਵਿਚ ਬਨਾਵਟੀ ਢੰਗ ਨਾਲ ਜੀਨ ਬਣਾਉਣ ਦਾ ਫੈਸਲਾ ਕੀਤਾ। ਉਨ੍ਹਾਂ ਹੌਲੀ ਹੌਲੀ ਇਸ ਜੀਵਾਣੂ ਦੇ 207 ਜੀਨ ਬਣਾ ਲਏ। ਅਗਸਤ 1976 ਵਿਚ ਉਨ੍ਹਾਂ ਵਲੋਂ ਬਣਾਏ ਜੀਨ ਨੂੰ ਐਸ਼ਕਰਸ਼ੀਆ ਕੋਲੀ ਅੰਦਰ ਪ੍ਰਵੇਸ਼ ਕਰਵਾਇਆ ਗਿਆ। ਇਸ ਜੀਨ ਨੇ ਕੁਦਰਤੀ ਜੀਨ ਵਾਂਗ ਹੀ ਕੰਮ ਕਰਨਾ ਸ਼ੁਰੂ ਕਰ ਦਿਤਾ। ਇਸ ਜੀਨ ਦੀ ਸਫਲਤਾ ਨਾਲ ਦੁਨੀਆ ਭਰ ਵਿਚ ਡਾ. ਖੁਰਾਣਾ ਦੇ ਨਾਂ ਦੀ ਧੁੰਮ ਮੱਚ ਗਈ। ਇਸ ਜੀਨ ਨੂੰ ਤਿਆਰ ਕਰਨ ਵਿਚ ਨੌਂ ਸਾਲ ਲੱਗੇ।

ਨੋਬਲ ਪੁਰਸਕਾਰ ਤੋਂ ਇਲਾਵਾ ਉਨ੍ਹਾਂ ਨੂੰ ਹੋਰ ਵੀ ਅਨੇਕਾਂ ਪੁਰਸਕਾਰਾਂ ਨਾਲ ਸਨਮਾਨਿਆ ਜਾ ਚੁੱਕਾ ਹੈ, ਜਿਨ੍ਹਾਂ ਵਿਚੋਂ 'ਕੈਨੇਡਾ ਦਾ ਮਰਕ ਪਦਕ', 'ਕੈਨੇਡੀਅਨ ਪਬਲਿਕ ਸਰਵਿਸ ਦਾ ਗੋਲਡ ਮੈਡਲ', 'ਡੈਨੀ ਹੈਨਮਨ ਪੁਰਸਕਾਰ', 'ਲਾਸਕਰ ਫੈਡਰੇਸ਼ਨ ਪੁਰਸਕਾਰ' ਅਤੇ 'ਲੂਸੀਆ ਗ੍ਰਾਸ ਹੋਰੂਜ਼ ਪੁਰਸਕਾਰ' ਜ਼ਿਕਰਯੋਗ ਹਨ। ਉਨ੍ਹਾਂ ਦੇ 300 ਤੋਂ ਵੱਧ ਖੋਜ ਪੱਤਰ ਪ੍ਰਕਾਸ਼ਿਤ ਹੋਏ ਹਨ। ਸੰਨ 1969 ਈ. ਵਿਚ ਜਦੋਂ ਉਹ ਭਾਰਤ ਆਏ ਤਾਂ ਉਨ੍ਹਾਂ ਨੂੰ 'ਪਦਮ ਭੂਸ਼ਣ' ਨਾਲ ਭਾਰਤ ਸਰਕਾਰ ਵਲੋਂ ਸਨਮਾਨਿਆ ਗਿਆ ਤੇ ਪੰਜਾਬ ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਡਾਕਟਰ ਆਫ਼ ਸਾਇੰਸ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ। ਡਾ. ਖੁਰਾਣਾ ਦਾ ਸਮੁੱਚਾ ਅਧਿਐਨ ਇਸ ਨੁਕਤੇ 'ਤੇ ਕੇਂਦਰਿਤ ਹੈ ਕਿ ਕਿਸੇ ਕੋਸ਼ਿਕਾ ਵਿਚ ਜੀਨ ਕਿਵੇਂ ਕੰਮ ਕਰਦਾ ਹੈ। ਉਨ੍ਹਾਂ ਦੇ ਅਧਿਐਨ ਨਾਲ ਜੈਨੇਟਿਕ ਵਿਕਾਰਾਂ ਦੇ ਕਾਰਨ ਅਤੇ ਉਨ੍ਹਾਂ ਦੇ ਸੁਧਾਰ ਦੇ ਢੰਗ ਤਰੀਕੇ ਸੋਚੇ ਜਾ ਸਕਦੇ ਹਨ ਅਤੇ ਕੈਂਸਰ ਵਰਗੇ ਭਿਆਨਕ ਰੋਗ ਦਾ ਪਤਾ ਲਾਇਆ ਜਾ ਸਕਦਾ ਹੈ।

ਪਿਛਲੇ ਮਹੀਨੇ ਪੰਜਾਬ ਦੀ ਧਰਤੀ ਦਾ ਜਾਇਆ ਇਹ ਮਹਾਨ ਵਿਗਿਆਨੀ ਸਾਨੂੰ ਸਦੀਵੀ ਵਿਛੋੜਾ ਦੇ ਗਿਆ ਹੈ। ਅਦਾਰਾ 'ਨਵੀਂ ਦੁਨੀਆ' ਡਾ. ਹਰਗੋਬਿੰਦ ਖੁਰਾਣਾ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਸਿਆਸੀ ਅਖਾੜੇ ਤੇ ਕਲਾਕਾਰ

ਗਾਇਕਾਂ, ਪਹਿਲਵਾਨਾਂ ਤੇ ਸਿਆਸਤਦਾਨਾਂ ਵਿਚਕਾਰ ਕੁਝ ਨਾ ਕੁਝ ਤਾਂ ਜ਼ਰੂਰ ਸਾਂਝਾ ਹੋਵੇਗਾ ਕਿ ਤਿੰਨਾਂ ਦੀ ਹੀ ਕਰਮਭੂਮੀ ਨੂੰ ਅਖਾੜਾ ਕਿਹਾ ਜਾਂਦਾ ਹੈ। ਪਹਿਲਵਾਨ ਤੇ ਸਿਆਸਤਦਾਨ ਤਾਂ ਜ਼ਰੂਰ ਆਪਣੇ-ਆਪਣੇ ਅਖਾੜੇ ਵਿਚ ਦਾਅਪੇਚ ਵਰਤ ਕੇ ਵਿਰੋਧੀ ਨੂੰ ਚਿੱਤ ਕਰਦੇ ਹਨ ਪਰ ਗਾਇਕ ਤਾਂ ਸ਼ਾਇਦ ਅਜਿਹਾ ਕੁਝ ਨਹੀਂ ਕਰਦਾ, ਨਾ ਹੀ ਉਸ ਦੇ ਅਖਾੜੇ ਵਿਚ ਕੋਈ ਮੁਕਾਬਲੇ ਚ ਹੀ ਪ੍ਰਤੱਖ ਰੂਪ ਵਿਚ ਦਿਖਾਈ ਦਿੰਦਾ ਹੈ। ਖ਼ੈਰ ਕੁਝ ਵੀ ਹੋਵੇ, ਇਹ ਧਾਰਨਾ ਹੁਣ ਸਥਾਪਤ ਹੋ ਚੁੱਕੀ ਹੈ ਕਿ ਗਾਇਕ ਵੀ ਦਾਅਪੇਚਾਂ ਤੋਂ ਨਾਵਾਕਫ਼ ਨਹੀਂ ਹੁੰਦੇ। ਅਜੋਕੀ ਪਾਰਲੀਮਾਨੀ ਰਾਜਨੀਤੀ ਤੋਂ ਉਹ ਅਣਭਿੱਜ ਨਹੀਂ ਹਨ ਤੇ ਉਨ੍ਹਾਂ ਨੂੰ ਇਸ ਅੰਦਰ ਆਪਣੀ ਪੁੱਛ-ਪ੍ਰਤੀਤ ਬਣਾਉਣ ਦੀ ਕਾਫ਼ੀ ਚਿੰਤਾ ਰਹਿੰਦੀ ਹੈ। ਪੰਜਾਬੀ ਵਿਚ ਗਾ ਕੇ ਪ੍ਰਸਿੱਧੀ ਖੱਟਣ ਵਾਲਿਆਂ ਦਾ ਸਿਆਸੀ ਤਾਣਾਬਾਣਾ ਹੁਣ ਜੱਗ ਜ਼ਾਹਰ ਹੈ।

ਪਿਛਲੇ ਦਿਨੀਂ ਹਰਮਨਪਿਆਰਾ ਪੰਜਾਬੀ ਗਾਇਕ ਕੁਲਦੀਪ ਮਾਣਕ ਆਪਣੀ ਮਿੱਟੀ ਨੂੰ ਆਖ਼ਰੀ ਵਿਦਾ ਆਖ ਗਿਆ। ਉਸ ਦੀ ਮਿੱਟੀ ਨੂੰ ਉਸਦੇ ਹਜ਼ਾਰਾਂ ਪ੍ਰਸੰਸਕਾਂ ਦੀ ਹਾਜ਼ਰੀ ਵਿਚ ਉਸ ਦੇ ਜੱਦੀ ਪਿੰਡ ਜਲਾਲ ਵਿਖੇ ਸਪੁਰਦ-ਏ-ਖਾਕ ਕਰ ਦਿੱਤਾ ਗਿਆ। ਉਸ ਨੂੰ 'ਕਲੀਆਂ ਦਾ ਬਾਦਸ਼ਾਹ' ਹੋਣ ਦਾ ਲੋਕ ਖ਼ਿਤਾਬ ਮਿਲਿਆ ਹੋਇਆ ਸੀ ਤੇ ਉਹ ਨਵੀਂ ਭਾਂਤ ਦੇ ਅਖਾੜਿਆਂ ਵਿਚ ਕਾਫੀ ਹਿੱਟ ਗਾਇਕ ਸਮਝਿਆ ਜਾਂਦਾ ਸੀ। ਇਹ ਨਵੀਂ ਭਾਂਤ ਦੇ ਅਖਾੜੇ ਸਰੋਤਿਆਂ ਦੇ ਸਾਹਮਣੇ ਬਣੇ ਹੋਏ ਮੰਚ 'ਤੇ ਲਗਦੇ ਹਨ। ਸਿਆਸਤਦਾਨਾਂ ਦੇ ਮੰਚ ਵੀ ਇਸੇ ਤਰ੍ਹਾਂ ਦੇ ਹੁੰਦੇ ਹਨ। ਲੋਕ ਗਾਇਕ ਨੂੰ ਦੇਖਣ ਲਈ ਭੀੜ ਉਮੜਦੀ ਹੈ, ਇਸੇ ਭੀੜ ਨੂੰ ਮੁਖ਼ਾਤਬ ਹੋਣ ਲਈ ਸਿਆਸਤਦਾਨ ਨੂੰ ਗਾਇਕ ਦੇ ਨੇੜੇ ਆਉਣਾ ਪੈਂਦਾ ਹੈ, ਤੇ ਉਹ ਬੇਝਿਜਕ ਆਉਂਦਾ ਵੀ ਹੈ, ਗਾਇਕ ਸਿਆਸਤਦਾਨ ਦੇ ਗੋਡੀਂ ਹੱਥ ਲਾਉਂਦਾ ਹੈ, ਸਿਆਸਤਦਾਨ ਗਾਇਕ ਦੇ ਗੁਣ ਗਾਉਂਦਾ ਹੈ। ਦੋਵੇਂ ਇਕ-ਦੂਜੇ ਨਾਲ ਘਿਓ-ਖਿਚੜੀ ਹੋ ਆਪੋ-ਆਪਣਾ ਲਾਭ ਉਠਾਉਂਦੇ ਹਨ। ਇਹ ਸਾਂਝ ਕਾਫ਼ੀ ਦੂਰ ਤਕ ਵਧ ਜਾਂਦੀ ਹੈ। ਇਥੋਂ ਤਕ ਕਿ ਗਾਇਕ ਦੀ ਪ੍ਰਸਿੱਧੀ ਦਾ ਭੁਗਤਾਨ ਕਰਵਾਉਣ ਲਈ ਰਾਜਸੀ ਪਾਰਟੀਆਂ ਉਸ ਨੂੰ ਚੋਣ ਅਖਾੜੇ ਵਿਚ ਵੀ ਉਤਾਰ ਦਿੰਦੀਆਂ ਹਨ। ਕੁਲਦੀਪ ਮਾਣਕ ਨੂੰ ਵੀ ਚੋਣ ਲੜਾਈ ਗਈ ਸੀ।

ਇਕ ਸਵਾਲ ਵੰਗਾਰ ਵਾਂਗ ਉਭਰਦਾ ਹੈ, ਆਖ਼ਰ ਮਾਣਕ ਦੇ ਮਾਤਮੀ ਇਕੱਠ ਵਿਚ ਕੁਝ ਕੁ ਗਾਇਕ ਤੇ ਉਸ ਦੇ ਸਾਧਾਰਣ ਪ੍ਰਸੰਸਕ ਹੀ ਕਿਉਂ ਸ਼ਾਮਲ ਸਨ। ਪੰਜਾਬੀ ਦੇ ਨਾਮਵਰ ਲੇਖਕਾਂ, ਬੁੱਧੀਜੀਵੀਆਂ, ਸੰਗੀਤਕਾਰਾਂ, ਨਾਟਕਕਾਰਾਂ ਤੇ ਲੋਕਪੱਖੀ ਸਿਆਸਤਦਾਨਾਂ ਨੇ ਇਸ ਗਾਇਕ ਦੀ ਮੌਤ 'ਤੇ ਸੋਗ ਕਿਉਂ ਨਹੀਂ ਪ੍ਰਗਟਾਇਆ? ਕੀ ਇੰਜ ਤਾਂ ਨਹੀਂ ਕਿ ਸਾਡੀ ਪ੍ਰਤਿਭਾ, ਮੌਕਾਪ੍ਰਸਤ ਰਾਜਨੀਤੀ ਨਾਲ ਆਪਣੇ ਅਪਵਿੱਤਰ ਗਠਜੋੜ ਕਾਰਨ, ਜ਼ਾਇਆ ਜਾ ਰਹੀ ਹੈ? ਗਾਇਕ ਹੰਸ ਰਾਜ ਹੰਸ ਨੇ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਰਾਜਸੀ ਅਖਾੜੇ ਵਿਚ ਉਤਾਰਾ ਕੀਤਾ। ਸਮਾਜ ਦੇ ਸੰਜੀਦਾ ਹਲਕਿਆਂ ਨੇ ਉਸ ਦੇ ਇਸ ਫ਼ੈਸਲੇ ਨੂੰ ਨਾਕਾਰ ਦਿੱਤਾ। ਇਕ ਚੰਗੇ ਬਿੰਬ ਵਿਚ ਢਲਦਾ-ਢਲਦਾ ਉਸ ਦਾ ਵਿਅਕਤੀਤਵ ਹੀ ਐਸਾ ਖੰਡਿਤ ਹੋਇਆ ਕਿ ਉਹ ਮੁੜ ਕੇ ਲੋਕਾਂ ਦੀ ਨਜ਼ਰ ਵਿਚ ਉਚਾ ਹੀ ਨਹੀਂ ਉਠ ਸਕਿਆ।

ਪਿਛਲੇ ਕੁਝ ਸਮੇਂ ਤੋਂ ਗਾਇਕ ਹਰਭਜਨ ਮਾਨ ਨੂੰ ਵੀ ਪੰਜਾਬ ਦੇ ਮੌਜੂਦਾ ਹੁਕਮਰਾਨ ਪਰਿਵਾਰ ਦੇ ਨੇੜੇ ਰਹਿਣ ਦਾ ਭੂਤ ਸਵਾਰ ਹੋਇਆ ਹੈ। ਉਸ ਦੇ ਨੇੜਲੇ ਰਿਸ਼ਤੇਦਾਰ 'ਜਥੇਦਾਰ' ਬਲਵੰਤ ਸਿੰਘ ਰਾਮੂਵਾਲੀਆ ਨੇ ਬਾਦਲਾਂ ਨੂੰ ਵਿਸ਼ਾਵਸ ਦੁਆਇਆ ਹੈ ਕਿ ਆਪਣਾ ਪ੍ਰਹੁਣਾ ਉਨ੍ਹਾਂ ਦੀ ਸੇਵਾ ਵਿਚ ਹਾਜ਼ਰ ਰਹੇਗਾ। ਅਜਿਹਾ ਆਖ ਕੇ (ਜਨਤਕ ਰੈਲੀ ਦੌਰਾਨ) ਜਥੇਦਾਰ ਬਲਵੰਤ ਸਿੰਘ ਰਾਮੂਵਾਲੀਆ ਨੇ ਇਕ ਤਰ੍ਹਾਂ ਹਰਭਜਨ ਮਾਨ ਨੂੰ ਵੀ ਉਹੋ ਜਿਹੇ ਅਖਾੜੇ ਵਿਚ ਉਤਾਰ ਦਿੱਤਾ ਹੈ, ਜਿਸ ਤਰ੍ਹਾਂ ਦੇ ਅਖਾੜੇ ਵਿਚ ਹੰਸ ਰਾਜ ਹੰਸ ਦੀ ਸ਼ਾਖ ਖਰਾਬ ਹੋਈ ਸੀ। ਹਰਭਜਨ ਮਾਨ ਨੇ ਹੁਕਮਰਾਨ ਪਾਰਟੀ ਦੀ ਸੇਵਾ ਦਾ ਸੰਕਲਪ ਤਾਂ ਲੈ ਹੀ ਲਿਆ ਜਾਪਦਾ ਹੈ, ਪਰ ਡਰ ਇਸ ਗੱਲ ਦਾ ਹੈ ਕਿ ਕਿਤੇ ਉਸ ਦੀ ਸੇਵਾ ਦੀ ਫੂਕ ਵੀ ਉਵੇਂ ਹੀ ਨਾ ਨਿਕਲ ਜਾਵੇ ਜਿਵੇਂ ਅੱਜ ਕੱਲ 'ਰਾਜ ਨਹੀਂ ਸੇਵਾ' ਦੇ ਨਾਅਰੇ ਦੀ ਨਿੱਕਲ ਰਹੀ ਹੈ। ਚੰਗਾ ਇਹੀ ਹੋਵੇਗਾ ਕਿ ਗਾਇਕ ਗਾਇਕੀ ਦੇ ਅਖਾੜੇ ਨੂੰ ਦੂਜੇ ਅਖਾੜਿਆਂ ਨਾਲ ਰਲਗੱਡ ਨਾ ਹੀ ਕਰਨ।




ਸੰਪਾਦਕੀ ਬੋਰਡ — ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ
ਸਲਾਹਕਾਰ ਬੋਰਡ — ਡਾ ਕਰਮਜੀਤ ਸਿੰਘ (ਕੁਰਕਸ਼ੇਤਰ)
ਪ੍ਰੋ ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**

# ਮੁੱਦਾ ਅਧਾਰਤ ਰਹੇਗਾ ਪੰਜਾਬ ਵਿਧਾਨ ਸਭਾ ਚੋਣਾਂ ਦਾ ਮਹਾਂ-ਸੰਗਰਾਮ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਪੰਜਾਬ ਦੀਆਂ ਆਉਂਦੀਆਂ ਵਿਧਾਨ ਸਭਾ ਚੋਣਾਂ ਫਰਵਰੀ-ਮਾਰਚ 2012 ਵਿਚ ਕਰਵਾਏ ਜਾਣ ਦੀ ਸੰਭਾਵਨਾ ਹੈ। ਪੰਜਾਬ ਦੇ ਨਾਲ ਹੀ ਦੇਸ਼ ਦੇ ਚਾਰ ਹੋਰ ਸੂਬਿਆਂ ਵਿਚ ਵੀ ਚੋਣਾਂ ਕਰਵਾਈਆਂ ਜਾਣੀਆਂ ਹਨ, ਇਸ ਲਈ ਇਨ੍ਹਾਂ ਦੂਜੇ ਪ੍ਰਾਂਤਾਂ ਦੀਆਂ ਕੁਝ ਵਿਸ਼ੇਸ਼ ਲੋੜਾਂ ਮੁਤਾਬਕ ਚੋਣਾਂ ਕੁਝ ਅੱਗੜ-ਪਿੱਛੜ ਵੀ ਹੋ ਸਕਦੀਆਂ ਹਨ, ਪ੍ਰੰਤੂ ਉਮੀਦ ਇਹੋ ਪ੍ਰਗਟਾਈ ਜਾ ਰਹੀ ਹੈ ਚੋਣਾਂ ਨਿਰਧਾਰਤ ਸਮੇਂ ਵਿਚ ਹੀ ਹੋਣਗੀਆਂ, ਜਿਸ ਦੇ ਮੱਦੇਨਜ਼ਰ ਪੰਜਾਬ ਵਿਚ ਵਿਧਾਨ ਸਭਾ ਚੋਣਾਂ ਲਈ ਮਹਾਂ-ਸੰਗਰਾਮ ਛਿੜ ਗਿਆ ਹੈ। ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਚੋਣਾਂ ਵਿਚ ਭਾਗ ਲੈਣ ਜਾ ਰਹੀਆਂ ਲਗਭਗ ਸਾਰੀਆਂ ਧਿਰਾਂ ਨੇ ਕਮਰਕੱਸੇ ਕਰ ਲਏ ਹਨ। ਰਣਨੀਤੀਆਂ ਨੂੰ ਅੰਤਮ ਰੂਪ ਦਿੱਤਾ ਜਾ ਰਿਹਾ ਹੈ। ਪੰਜਾਬ ਦੇ ਬਜ਼ੁਰਗ ਮੁਖ ਮੰਤਰੀ ਸੰਗਤ ਦਰਸ਼ਨਾਂ ਵਿਚ ਚੈੱਕ ਵੰਡਦਿਆਂ ਨਾਲ ਹੀ ਆਪਣੇ ਲਈ ਵੋਟਰਾਂ ਤੋਂ 'ਸੇਵਾ' ਦੇ ਅੰਤਮ ਮੌਕੇ ਦੀ ਮੰਗ ਕਰ ਰਹੇ ਹਨ। ਭਾਜਪਾ ਦੇ ਸੀਨੀਅਰ ਲੀਡਰ ਲਾਲ ਕ੍ਰਿਸ਼ਨ ਅਡਵਾਨੀ ਦੀ ਰੱਥ ਯਾਤਰਾ ਪੰਜਾਬ 'ਚੋਂ ਹੁਣੇ ਹੁਣੇ ਗੁਜ਼ਰ ਗਈ ਹੈ। ਇਸ ਰੱਥ ਯਾਤਰਾ ਨੂੰ ਕਈ ਲੋਕ 'ਅੰਤਮ ਯਾਤਰਾ' ਕਹਿੰਦੇ ਵੀ ਸੁਣਾਈ ਦਿਤੇ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਂਗਰਸ ਨੇ ਆਪਣੀ ਚੋਣ ਮੁਹਿੰਮ ਨੂੰ 'ਪੰਜਾਬ ਬਚਾਉ ਯਾਤਰਾ' ਦਾ ਨਾਂ ਦੇ ਰੱਖਿਆ ਹੈ। ਤੀਜੇ ਮੋਰਚੇ ਨੂੰ ਵੀ ਆਪਣੀ ਮੁਹਿੰਮ ਲਈ ਹੁੰਗਾਰਾ ਹਾਸਲ ਹੋ ਰਿਹਾ ਹੈ। ਚੋਣਾਂ ਦੇ ਸਿਲਸਿਲੇ ਵਿਚ ਇਸ ਦੀ ਪਲੇਠੀ ਰੈਲੀ ਗਦਰੀ ਬਾਬਿਆਂ ਦੇ ਇਤਿਹਾਸਕ ਪਿੰਡ ਢੁੱਡੀਕੇ ਵਿਖੇ ਹੋਈ। ਭਰਵੇਂ ਅਤੇ ਪ੍ਰਬੰਧਕਾਂ ਦੀ ਆਸ ਤੋਂ ਵਧੇਰੇ ਹੋਏ ਇਕੱਠ ਦੇ ਨਜ਼ਰੀਏ ਤੋਂ ਇਹ ਰੈਲੀ ਕਾਫੀ ਸਫਲ ਕਹੀ ਜਾ ਸਕਦੀ ਹੈ।





ਰੈਲੀਆਂ ਅਤੇ ਮੀਡੀਆ ਵਿਚ ਸਿਆਸੀ ਧਿਰਾਂ ਵਲੋਂ ਇਕ ਦੂਜੇ ਉਪਰ ਵਾਰ ਤੇ ਪਲਟ ਵਾਰ ਤਾਂ ਬਾਦਸਤੂਰ ਹੋ ਰਹੇ ਹਨ, ਪਰ ਚੋਣਾਂ ਦੇ ਅਸਲ ਮੁੱਦੇ ਕੀ ਹੋਣਗੇ, ਇਸ ਬਾਰੇ ਅਜੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਸਿਰਫ ਇਕ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਇਸ ਵਾਰ ਨਾ ਤਾਂ ਉਪਭਾਵਕ ਨਾਅਰੇ ਚੋਣਾਂ ਉਪਰ ਅਸਰਅੰਦਾਜ਼ ਹੋ ਸਕਣਗੇ, ਨਾ ਕੋਈ ਸੰਪ੍ਰਦਾਇਕ ਏਜੰਡਾ ਚੋਣਾਂ ਉਪਰ ਠੋਸਿਆ ਜਾ ਸਕੇਗਾ। ਚੋਣਾਂ ਮੁੱਦਿਆਂ ਉਪਰ ਹੀ ਹੋਣਗੀਆਂ। ਦੇਖਣਾ ਇਹ ਹੈ ਕਿ ਕਿਹੜੇ ਮੁੱਦੇ ਚੋਣਾਂ 'ਚ ਵਧੇਰੇ ਉਭਰ ਕੇ ਸਾਹਮਣੇ ਆਉਂਦੇ ਹਨ ਤੇ ਵੋਟਰ ਦਾ ਮਿਜ਼ਾਜ ਤਿਆਰ ਕਰਨ ਵਿਚ ਪ੍ਰਮੁੱਖ ਭੂਮਿਕਾ ਨਿਭਾਉਂਦੇ ਹਨ। ਜੇਕਰ ਆਸ ਮੁਤਾਬਕ ਸੱਚਮੁਚ ਹੀ ਚੋਣ ਮੁਹਿੰਮ ਮੁੱਦਿਆਂ ਉਪਰ ਕੇਂਦਰਿਤ ਰਹਿੰਦੀ ਹੈ ਤਾਂ ਜ਼ਰੂਰ ਹੀ ਪੰਜਾਬ ਦੇ ਚੁਣਾਵੀ ਇਤਿਹਾਸ ਦੀ ਇਹ ਇਕ ਵੱਡੀ ਤੇ ਸਵਾਗਤਯੋਗ ਘਟਨਾ ਹੋਵੇਗੀ। ਬਾਦਲਾਂ ਦਾ ਪੰਜਾਬ ਦੀ ਬਹੁਗਿਣਤੀ ਸਿੱਖ ਕਿਰਸਾਣੀ ਵਿਚ ਹੁੰਗਾਰਾ ਇਹੋ ਸੰਕੇਤ ਦਿੰਦਾ ਹੈ ਕਿ ਇਨ੍ਹਾਂ ਦੇ ਚੱਲੇ ਹੋਏ ਕਾਰਤੂਸ ਦੁਬਾਰਾ ਨਹੀਂ ਚੱਲ ਸਕਣਗੇ ਅਤੇ ਇਹ ਖੁਦ ਵੀ ਨਵੇਂ ਮੁੱਦੇ ਅਪਣਾਉਣ ਲਈ ਮਜਬੂਰ ਹੋ ਗਏ ਹਨ। ਦਰਅਸਲ, ਮਾਹੌਲ ਹੀ ਕਾਫੀ ਬਦਲ ਗਿਆ ਹੈ ਤੇ ਪ੍ਰਸਥਿਤੀਆਂ ਦੇ ਦਬਾਅ ਹੇਠ ਇਨ੍ਹਾਂ ਦੀ ਸਿਆਸੀ ਦਿੱਖ ਦੇ ਅਨੁਰੂਪ ਮੁੱਦੇ ਬੇਅਸਰ ਹੋ ਕੇ ਰਹਿ ਗਏ ਹਨ। ਜ਼ਾਹਰ ਹੈ ਕਿ ਰਵਾਇਤੀ ਮੁੱਦਿਆਂ ਤੋਂ ਵੰਚਿਤ ਹੋ ਜਾਣ ਦਾ ਪ੍ਰਭਾਵ ਇਨ੍ਹਾਂ ਪਾਰਟੀਆਂ ਦੀ ਚੁਣਾਵੀ ਕਾਰਗੁਜ਼ਾਰੀ ਉਪਰ ਵੀ ਅਵੱਸ਼ ਪਵੇਗਾ ਤੇ ਇਹ ਆਮ ਜਨਤਾ ਦਾ ਭਾਵੁਕ ਸ਼ੋਸ਼ਣ ਕਰਨ ਵਿਚ ਜ਼ਿਆਦਾ ਸਫਲ ਨਹੀਂ ਹੋ ਸਕਣਗੀਆਂ।

ਰਵਾਇਤੀ ਭਾਵੁਕ ਮੁੱਦਿਆਂ ਦੇ ਚੋਣ ਪਿੜ ਵਿਚੋਂ ਹਟ ਜਾਣ ਨਾਲ ਇਹ ਸੰਭਾਵਨਾ ਵੀ ਬਣਦੀ ਨਜ਼ਰ ਆ ਰਹੀ ਹੈ ਕਿ ਅਜਿਹੇ ਮੁੱਦੇ (ਹਿੰਦੂ ਰਾਜ, ਪੰਥ ਨੂੰ ਖ਼ਤਰਾ ਆਦਿ) ਉਛਾਲਣ ਵਾਲੀਆਂ ਸਿਆਸੀ ਧਿਰਾਂ ਦੇ ਰਵਾਇਤੀ ਵੋਟ ਬੈਂਕਾਂ ਦਾ ਆਕਾਰ ਵੀ ਬਦਲੇਗਾ। ਭਾਜਪਾ ਦਾ ਤਾਂ ਪੰਜਾਬ ਵਿਚ ਕੋਈ ਪੱਕਾ ਵੋਟ ਬੈਂਕ ਹੈ ਹੀ ਨਹੀਂ, ਇਸ ਨੂੰ ਕੇਵਲ ਕਾਂਗਰਸ ਵਿਰੋਧੀ ਲਹਿਰ ਦੌਰਾਨ ਆਪਣੀ ਜਮਾਂਦਰੂ ਭਾਈਵਾਲ ਸ਼੍ਰੋਮਣੀ ਅਕਾਲੀ ਦਲ (ਬ) ਦੀ ਮਦਦ ਨਾਲ ਅੱਗੇ ਆਉਣ ਦਾ ਮੌਕਾ ਮਿਲਦਾ ਹੈ। ਜਿਥੋਂ ਤਕ ਸ਼੍ਰੋਮਣੀ ਅਕਾਲੀ ਦਲ (ਬ) ਦੇ ਵੋਟ ਬੈਂਕ ਦਾ ਸਬੰਧ ਹੈ, ਇਸ ਨੂੰ ਬਹੁਤ ਵੱਡਾ ਖੋਰਾ ਤਾਂ ਪਿਛਲੀਆਂ ਵਿਧਾਨ ਸਭਾ ਚੋਣਾਂ ਸਮੇਂ ਹੀ ਲੱਗ ਗਿਆ ਸੀ, ਜਦੋਂ ਇਸ ਨੂੰ ਪੂਰੇ ਮਾਲਵਾ ਖੇਤਰ ਵਿਚ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਜ਼ਿਕਰਯੋਗ ਹੈ ਕਿ ਉਸ ਸਮੇਂ ਤਕ ਕਿਸਾਨ ਸੰਪਰਾਇਕ ਰਾਜਨੀਤੀ ਦੀ ਅਸਲੀਅਤ ਤੋਂ ਵਾਕਫ ਹੋ ਚੁੱਕੇ ਸਨ ਤੇ ਕਿਸਾਨਾਂ ਅੰਦਰ ਇਹ ਸੋਚ ਵਿਕਸਿਤ ਹੋ ਗਈ ਸੀ ਕਿ ਸੰਪਰਦਾਇਕ ਰਾਜਨੀਤੀ ਉਨ੍ਹਾਂ ਨੂੰ ਉਨ੍ਹਾਂ ਦੇ ਆਰਥਕ ਹਿੱਤ ਸੁਰੱਖਿਅਤ ਰੱਖਣ ਦੀ ਗਰੰਟੀ ਨਹੀਂ ਦੇ ਸਕਦੀ ਤੇ 'ਪੰਥ ਨੂੰ ਖਤਰਾ' ਅਕਾਲੀਆਂ ਦੀ ਇਕ ਗੁਮਰਾਹਕੁਨ ਧਾਰਨਾ ਹੈ।

ਕਾਂਗਰਸ ਵਲੋਂ ਆਪਣੀਆਂ 'ਪੰਜਾਬ ਬਚਾਉ' ਰੈਲੀਆਂ ਵਿਚ ਮੁੱਖ ਤੌਰ 'ਤੇ ਬਾਦਲਾਂ ਵਲੋਂ ਆਪਣੇ ਪਰਿਵਾਰਿਕ ਹਿੱਤਾਂ ਲਈ ਸੱਤਾ ਦੀ ਦੁਰਵਰਤੋਂ ਕਰਨ ਦੀ ਨਿੰਦਾ ਕੀਤੀ ਜਾ ਰਹੀ ਹੈ। ਕੈਪਟਨ ਅਮਰਿੰਦਰ ਸਿੰਘ ਵਲੋਂ ਤਿੱਖੇ ਸੁਰ ਵਿਚ ਬਾਦਲਾਂ ਨੂੰ ਪੰਜਾਬ ਦੇ ਆਰਥਕ ਉਜਾੜੇ ਲਈ ਜ਼ੁੰਮੇਵਾਰ ਠਹਿਰਾਇਆ ਜਾ ਰਿਹਾ ਹੈ ਤੇ ਨਾਲ ਉਨ੍ਹਾਂ ਕਾਰੋਬਾਰਾਂ ਦੀ ਸੂਚੀ ਵੀ ਦੁਹਰਾਈ ਜਾ ਰਹੀ ਹੈ, ਜਿਨ੍ਹਾਂ 'ਤੇ ਬਾਦਲਾਂ ਨੇ ਸੱਤਾ ਦੇ ਦੁਰਉਪਯੋਗ ਰਾਹੀਂ ਏਕਾਧਿਕਾਰ ਸਥਾਪਤ ਕਰ ਲਿਆ ਹੈ। ਕਾਂਗਰਸ ਵਲੋਂ ਲਾਏ ਜਾ ਰਹੇ ਦੋਸ਼ ਬੇਬੁਨਿਆਦ ਨਹੀਂ ਹਨ। ਬਾਦਲਾਂ ਨੇ ਪੰਜਾਬ ਦੀ ਰਾਜਨੀਤੀ ਵਿਚ ਅਪਾਣੇ ਸਕੇ ਸਬੰਧੀਆਂ ਦਾ ਇਕ ਵੱਡਾ ਜਾਲ ਵਿਛਾ ਰੱਖਿਆ ਹੈ। ਉਹ ਪਰਿਵਾਰਕ ਰਾਜਨੀਤੀ ਦੀ ਇਕ ਘਿਨਾਉਣੀ ਮਿਸਾਲ ਪੇਸ਼ ਕਰ ਰਹੇ ਹਨ। ਜੇਕਰ ਇਸ ਪਰਿਵਾਰਕ ਰਾਜਨੀਤੀ ਨੂੰ ਇਨ੍ਹਾਂ ਚੋਣਾਂ ਵਿਚ ਖਦੇੜ ਦਿਤਾ ਜਾਂਦਾ ਹੈ ਤਾਂ ਅਵੱਸ਼ ਹੀ ਪੰਜਾਬ ਦੀ ਰਾਜਨੀਤੀ ਦਾ ਪਿੜ ਮੋਕਲਾ ਹੋ ਜਾਵੇਗਾ ਤੇ ਇਸ ਮੋਕਲੇ ਰਾਜਨੀਤਕ ਮਾਹੌਲ ਵਿਚ ਹੋਰਨਾਂ ਰਾਜਸੀ ਧਿਰਾਂ ਨੂੰ ਵੀ ਪੈਰ ਪਸਾਰਨ ਦਾ ਮੌਕਾ ਮਿਲੇਗਾ।

ਹੁਕਮਰਾਨ ਰਾਜਸੀ ਧਿਰ ਦੁਆਰਾ ਆਮ ਤੌਰ 'ਤੇ ਵਿਕਾਸ ਨੂੰ ਮੁੱਦਾ ਬਣਾ ਕੇ ਚੋਣਾਂ ਲੜੀਆਂ ਜਾਂਦੀਆਂ ਹਨ ਪਰ ਪੰਜਾਬ ਦੇ ਵਰਤਮਾਨ ਹੁਕਮਰਾਨ ਗਠਜੋੜ ਲਈ ਇਹ ਮੁੱਦਾ ਕੁਝ ਹਾਸਲ ਕਰ ਸਕਣ ਦਾ ਆਧਾਰ ਬਣਦਾ ਨਜ਼ਰ ਨਹੀਂ ਆ ਰਿਹਾ। ਇਸ ਦਾ ਕਾਰਨ ਤਾਂ ਇਹ ਹੈ ਕਿ ਕੋਈ ਜ਼ਿਰਕਯੋਗ ਵਿਕਾਸ ਹੋਇਆ ਹੀ ਨਹੀਂ ਹੈ, ਦੂਜਾ ਕਾਰਨ ਇਹ ਹੈ ਕਿ ਜੋ ਵਿਕਾਸ ਹੋਇਆ ਵੀ ਹੈ ਉਸ ਉਪਰ ਕਾਂਗਰਸ ਵਲੋਂ ਇਸ ਦਲੀਲ ਨਾਲ ਦਾਅਵੇਦਾਰੀ ਜਤਾਈ ਜਾ ਰਹੀ ਹੈ ਕਿ ਸਾਰੇ ਪ੍ਰਾਜੈਕਟਾਂ ਉਪਰ ਪੈਸਾ ਕੇਂਦਰ ਸਰਕਾਰ ਦਾ ਲੱਗਾ ਹੈ, ਜਦਕਿ ਪੰਜਾਬ ਦਾ ਤਾਂ ਨਾ ਕੇਵਲ ਖਜ਼ਾਨਾ ਹੀ ਮੌਜੂਦਾ ਹਾਕਮਾਂ ਨੇ ਖਾਲੀ ਕਰ ਦਿਤਾ ਹੈ, ਸਗੋਂ ਪੰਜਾਬ ਸਿਰ ਹੋਰ ਕਰਜ਼ੇ ਵੀ ਸੂਬਾ ਸਰਕਾਰ ਵਲੋਂ ਚੜ੍ਹਾਏ ਜਾ ਰਹੇ ਹਨ। ਸੋ, ਇਸ ਸਥਿਤੀ ਵਿਚ ਹੁਕਮਰਾਨ ਗਠਜੋੜ ਨੇ ਪੰਜਾਬ ਦੇ ਵਿਕਾਸ ਦੀ ਚਰਚਾ ਕੁਝ ਘਟਾ ਦਿਤੀ ਹੈ ਤੇ ਵਿਕਾਸ ਦੇ ਵੇਰਵੇ ਜ਼ਿਆਦਾਤਰ ਬਾਦਲਾਂ ਦੇ ਆਪਣੇ ਟੀ.ਵੀ. ਚੈਨਲ 'ਤੇ ਵੱਜਦੇ ਵਿਗਿਆਪਨ ਗੀਤਾਂ ਵਿਚ ਹੀ ਸੁਣਾਏ ਜਾਂਦੇ ਹਨ ਪਰ ਰੈਲੀਆਂ ਜਾਂ ਮੀਡੀਆ ਵਿਚ ਜ਼ਿਆਦਾ ਨਿਸ਼ਾਨਾ ਕੇਂਦਰ ਦੀ ਕਾਂਗਰਸੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੇ ਬਹੁਕਰੋੜੀ ਘਪਲਿਆਂ ਨੂੰ ਬਣਾਇਆ ਜਾ ਰਿਹਾ ਹੈ। ਘਪਲਿਆਂ ਜਾਂ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਫਿਰ ਪੰਜਾਬ ਦੇ ਹਾਕਮ ਗਠਜੋੜ ਦੀ ਸਥਿਤੀ ਬੇਤੁੱਕੀ ਬਣ ਜਾਂਦੀ ਹੈ ਕਿਉਂਕਿ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਇਸ ਗਠਜੋੜ ਵਿਚ ਸ਼ਾਮਲ ਪਾਰਟੀਆਂ ਦਾ ਆਪਣਾ ਦਾਮਨ ਵੀ ਸਾਫ ਨਹੀਂ ਹੈ। ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਜਦੋਂ ਦੋਵੇਂ ਰਾਜਸੀ ਧਿਰਾਂ, ਅਕਾਲੀ -ਭਾਜਪਾ ਗਠਜੋੜ ਤੇ ਕਾਂਗਰਸ ਇਕ ਦੂਜੀ ਦੇ ਆਹਮੋ-ਸਾਹਮਣੇ ਹੁੰਦੀਆਂ ਹਨ ਤਾਂ ਸਥਿਤੀ ਸੱਪ ਨੂੰ ਸੱਪ ਲੜਨ ਵਾਲੀ ਬਣ ਜਾਂਦੀ ਹੈ।

ਤੀਜਾ ਮੋਰਚਾ ਪੰਜਾਬ ਦੀ 'ਇੱਜ਼ਤ ਸੰਭਾਲ' ਦਾ ਉਦੇਸ਼ ਲੈ ਕੇ ਚੋਣ ਪਿੜ ਵਿਚ ਨਿੱਤਰਿਆ ਹੈ। ਇਹ ਯਾਦ ਕਰਵਾ ਰਿਹਾ ਹੈ ਕਿ ਕਈ ਖੇਤਰਾਂ 'ਚ ਮੋਹਰੀ ਰਹਿਣ ਵਾਲਾ ਸੂਬਾ ਹੁਣ ਬਹੁਤ ਹੇਠਾਂ ਲੁੜਕ ਗਿਆ ਹੈ ਤੇ ਇਸ ਬਦਹਾਲੀ ਵਿਚ ਜੇਕਰ ਕਿਸੇ ਸਿਆਸੀ ਧਿਰਾਂ ਦੀ ਜ਼ੁੰਮੇਵਾਰੀ ਨਿਸਚਿਤ ਕੀਤੀ ਜਾ ਸਕਦੀ ਹੈ ਤਾਂ ਇਹ ਕਾਂਗਰਸ ਅਤੇ ਅਕਾਲੀ ਦਲ ਹੀ ਹੋ ਸਕਦੀਆਂ ਹਨ, ਜਿਨ੍ਹਾਂ ਨੇ ਵਾਰੋ ਵਾਰੀ ਪੰਜਾਬ ਦੀ ਸੱਤਾ ਸੰਭਾਲੀ ਹੈ। ਪੰਜਾਬ ਸਿਰ ਚੜ੍ਹਿਆ ਕਰਜ਼ਾ, ਕਿਸਾਨਾਂ ਦੀ ਦੁਰਦਸ਼ਾ, ਬੇਰੁਜ਼ਗਾਰੀ, ਗਰੀਬੀ ਤੇ ਨਸ਼ਿਆਂ ਦਾ ਵਿਆਪਕ ਪਾਸਾਰ ਇਨ੍ਹਾਂ ਰਾਜਸੀ ਧਿਰਾਂ ਨੇ ਹੀ ਪੰਜਾਬ ਨੂੰ ਬਖਸ਼ਿਆ ਹੈ। ਸਾਂਝੇ ਮੋਰਚੇ ਵਿਚ ਕਈ ਧਿਰਾਂ ਸ਼ਾਮਲ ਹਨ, ਜਿਸ ਕਰ ਕੇ ਇਸ ਨੂੰ ਆਪਣੇ ਮੁੱਦਿਆਂ ਨੂੰ ਪ੍ਰਾਥਮਿਕਤਾ ਦੇ ਲਿਹਾਜ਼ ਨਾਲ ਤਰਤੀਬ ਦੇਣ ਵਿਚ ਥੋੜ੍ਹਾ ਹੋਰ ਸਮਾਂ ਲੱਗੇਗਾ। ਹਾਲ ਦੀ ਘੜੀ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਆਪਣੇ ਤਾਏ ਪ੍ਰਕਾਸ਼ ਸਿੰਘ ਬਾਦਲ ਅਤੇ ਤਾਏ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨਾਲ ਨਾਰਾਜ਼ਗੀ ਦਾ ਮੁੱਦਾ ਹੀ 'ਤੀਸਰੇ ਬਦਲ' ਨਾਲ ਮੁੱਖ ਤੌਰ 'ਤੇ ਸਬੰਧਤ ਹੋ ਰਿਹਾ ਹੈ। ਤੀਜੀ ਧਿਰ ਲਈ ਗਠਿਤ ਮੋਰਚੇ ਦੇ ਸਬੰਧ ਵਿਚ ਇਕ 'ਛੋਟਾ ਜਿਹਾ' ਤੌਖ਼ਲਾ ਇਹ ਵੀ ਬਣਿਆ ਹੋਇਆ ਹੈ ਕਿ ਕਿਤੇ ਇਹ ਤੀਸਰਾ 'ਬਾਦਲ' ਹੀ ਬਣ ਕੇ ਨਾ ਰਹਿ ਜਾਵੇ। ਖੱਬਿਆਂ ਲਈ ਜ਼ਰੂਰ ਇਸ ਤੌਖ਼ਲੇ 'ਤੇ ਵਿਚਾਰ ਕਰਨਾ ਬਣਦਾ ਹੈ।

ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਲਈ ਮੁੱਦਿਆਂ ਦੀ ਸ਼ਾਇਦ ਕੋਈ ਕਮੀ ਨਹੀਂ ਰਹੇਗੀ, ਇਹ ਵੀ ਸੰਭਵ ਹੈ ਕਿ ਕੁਝ ਦੱਬੇ ਮੁਰਦੇ ਵੀ ਉਖਾੜੇ ਜਾਣ ਅਤੇ ਠੰਢੇ ਬਸਤੇ 'ਚ ਪਏ ਮੁੱਦਿਆਂ ਨੂੰ ਹਵਾ ਲਵਾਉਣ ਦਾ ਯਤਨ ਕੀਤਾ ਜਾਵੇ, ਪਰ ਇਹ ਯਤਨ ਵੋਟਰਾਂ ਨੂੰ ਆਕਰਸ਼ਿਤ ਨਹੀਂ ਕਰ ਸਕਣਗੇ। ਮੁੱਖ ਰੂਪ ਵਿਚ ਵਿਧਾਨ ਸਭਾ ਚੋਣਾਂ -2012 ਦੇ ਸੂਬੇ ਦੇ ਆਰਥਕ ਹਿੱਤਾਂ ਤੇ ਸਮਾਜਕ ਸਰੋਕਾਰਾਂ ਉਪਰ ਕੇਂਦਰਤ ਰਹਿਣ ਦੀ ਹੀ ਵਧੇਰੇ ਉਮੀਦ ਹੈ।

# ਲੋਕਾਂ ਦੀ ਚੁੱਪ ਨੇ ਨੇਤਾਵਾਂ ਦੀਆਂ ਧੜਕਨਾਂ ਤੇਜ਼ ਕੀਤੀਆਂ

**ਮਨਜੀਤ ਸਿੰਘ ਸਿੱਧੂ**

ਕੀ ਲੋਕ ਸੱਚਮੁਚ ਸੁੱਤੇ ਹੋਏ ਹਨ, ਮਾਫ ਕਰਨਾ ਲੋਕ ਸੁੱਤੇ ਹੋਏ ਨਹੀਂ, ਇਨ੍ਹਾਂ ਨੂੰ ਸੁਣਾਉਣ ਨਹੀਂ ਇਨ੍ਹਾਂ ਦੀਆਂ ਸੁਣਨ ਆਓ। ਆਵਾਮ ਤੁਹਾਨੂੰ ਖਰੀਆਂ ਖਰੀਆਂ ਸੁਣਾਉਣਾ ਚਾਹੁੰਦਾ ਹੈ। ਇਨ੍ਹਾਂ ਨੂੰ ਸੁਣਨਾ ਹੀ ਪਵੇਗਾ। ਸੱਥਾਂ 'ਚ, ਚੌਕਾਂ 'ਚ ਗਲੀਆਂ 'ਚ। ਤੁਹਾਡੀ ਸਖਤ ਸੁਰੱਖਿਆ ਦੀ ਦੀਵਾਰ ਲੋਕਾਂ ਦੇ ਮਨਾਂ ਨੂੰ ਭਾਉਂਦੀ ਨਹੀਂ। ਸਿਆਸੀ ਮੰਚਾਂ ਦੇ ਭਾਸ਼ਣ ਅਤੇ ਪੰਡਾਲ ਚ ਬੈਠੇ ਬੰਦੇ ਵਿਚਾਲੇ ਵਿਸ਼ਵਾਸ ਗਾਇਬ ਹੈ। ਤੁਹਾਡੇ ਦਹਾਕਿਆਂ ਤੋਂ ਰਟੇ ਰਟਾਏ ਭਾਸ਼ਣ ਜਨਤਾ ਨੂੰ ਪਹਿਲਾਂ ਹੀ ਯਾਦ ਹਨ ਤੇ ਯਾਦ ਹੈ ਬੇਵਫਾ ਵਾਅਦਿਆਂ ਦੀ ਲਿਸਟ ਵੀ। ਸ਼ਬਦਾਂ ਦੀ ਲੱਛੇਦਾਰ ਜਾਂ ਲੱਠਮਾਰ ਸ਼ੈਲੀ ਵਿਚ ਹੁਣ ਪਹਿਲਾਂ ਵਰਗੀ ਤਾਕਤ ਨਹੀਂ ਬਚੀ। ਨਜ਼ਰਅੰਦਾਜ਼ੀ ਤੋਂ ਦੁਖੀ ਆਮ ਬੰਦੇ ਦਾ ਮਨਮਸਤਕ ਹੋਰ ਕਿੰਨੀ ਕੁ ਦੇਰ ਹਾਰ ਸਕਦਾ ਹੈ। ਕਾਠ ਦੀ ਹਾਂਡੀ ਕਿੰਨੀ ਕੁ ਵਾਰ ਅੱਗ ਝੱਲ ਸਕਦੀ ਹੈ? ਬੜੀ ਜਲਦੀ ਹੀ ਇਸ ਦਾ ਨਤੀਜਾ ਸਾਹਮਣੇ ਆਵੇਗਾ, ਕਿਉਂਕਿ ਸਿਰ 'ਤੇ ਆਈਆਂ ਚੋਣਾਂ ਨੇ ਪੰਜਾਬ ਨੂੰ ਫਿਰ ਫੈਸਲਾਕੁੰਨ ਮੋੜ 'ਤੇ ਲਿਆ ਖੜਾ ਕੀਤਾ ਹੈ। ਜਾਗੀ ਹੋਈ ਜਨਤਾ ਨੂੰ ਜਗਾਉਣ, ਸੁਣਾਉਣ, ਭਰਮਾਉਣ ਅਤੇ ਬਹਿਕਾਉਣ ਲਈ ਇੰਨੀ ਦਿਨੀਂ ਸਾਰੀਆਂ ਹੀ ਸਿਆਸੀ ਪਾਰਟੀਆਂ ਅਤੇ ਉਨ੍ਹਾਂ ਦੀਆਂ ਸਮਾਜਕ-ਧਾਰਮਕ ਟੀਮਾਂ ਪੰਜਾਬ ਦੀ ਧੂੜ ਫੱਕ ਰਹੀਆਂ ਹਨ।

ਪੰਜਾਬ ਵਿਚ ਅਗਲੀ ਸਰਕਾਰ ਬਣਾਉਣ ਦੀ ਸਭ ਤੋਂ ਵੱਧ ਦਾਅਵੇਦਾਰ ਕਾਂਗਰਸ 'ਪੰਜਾਬ ਬਚਾਉ ਯਾਤਰਾ' ਰਾਹੀਂ ਲੋਕਾਂ ਨੂੰ ਤਰਲੇ ਮਾਰ ਰਹੀ ਹੈ ਕਿ ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੂੰ ਚਲਦਾ ਕਰਨ ਲਈ ਕਾਂਗਰਸ ਦੇ ਹੱਕ ਵਿਚ ਫਤਵੇ ਸੁਣਾਏ ਜਾਣ ਤਾਂ ਕਿ ਪੰਜਾਬ ਨੂੰ ਬਚਾਇਆ ਜਾ ਸਕੇ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਹੋ ਰਹੀਆਂ ਰੈਲੀਆਂ ਰਾਹੀਂ ਵਿਸ਼ੇਸ਼ ਕਰਕੇ ਬਾਦਲ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਗਰਮਾ ਗਰਮ ਭਾਸ਼ਣਾਂ ਰਾਹੀਂ ਲੋਕਾਂ ਵਿਚ ਜੋਸ਼ ਭਰਨ ਦੀ ਰਣਨੀਤੀ ਅਪਣਾਈ ਜਾ ਰਹੀ ਹੈ। ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੋਹਰੇ ਮਿਸ਼ਨ 'ਤੇ ਹੈ। ਪਹਿਲਾ, ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸੰਗਤ ਦਰਸ਼ਨ ਪ੍ਰੋਗਰਾਮ ਤੇਜ਼ ਕਰਦਿਆਂ ਖੁਲ੍ਹੇ ਦਿਲ ਨਾਲ ਖਜ਼ਾਨੇ ਦੇ ਮੂੰਹ ਖੋਲ੍ਹ ਦਿਤੇ ਹਨ। ਸਾਰੇ ਵਰਗਾਂ ਨੂੰ ਸਰਕਾਰੀ ਫੰਡ ਦੇ ਜ਼ੋਰ ਨਾਲ ਜਿੱਤਣ ਦੇ ਯਤਨ ਕੀਤੇ ਜਾ ਰਹੇ ਹਨ। ਵੱਡੇ ਪੱਧਰ 'ਤੇ ਨਵੇਂ ਨਵੇਂ ਪ੍ਰਾਜੈਕਟ ਅਤੇ ਇਮਾਰਤਾਂ ਦੇ ਨੀਂਹ ਪੱਥਰ ਰੱਖੇ ਜਾ ਰਹੇ ਹਨ। ਨੀਂਹ ਪੱਥਰ ਇਸ ਤੇਜ਼ੀ ਨਾਲ ਰੱਖੇ ਜਾ ਰਹੇ ਹਨ ਕਿ ਕਈ ਥਾਈਂ ਖੰਡਰ ਹੋ ਚੁੱਕੇ ਨੀਂਹ ਪੱਥਰਾਂ 'ਤੇ ਮੁੜ ਨੀਂਹ ਪੱਥਰ ਰੱਖੇ ਜਾ ਰਹੇ ਹਨ। ਰਾਜਨੀਤੀ ਦੀ ਇਸ ਖੇਡ ਨੂੰ ਪੰਜਾਬੀਆਂ ਦੀ ਕਬੱਡੀ ਵਰਗੀ ਹਰਮਨ ਪਿਆਰੀ ਖੇਡ ਰਾਹੀਂ ਕਿਸ ਤਰ੍ਹਾਂ ਖੇਡਣਾ ਹੈ, ਸੁਖਬੀਰ ਸਿੰਘ ਬਾਦਲ ਤੋਂ ਵਧੀਆ ਕੌਣ ਜਾਣਦਾ ਹੈ। ਕਬੱਡੀ ਕੱਪ ਦੇ ਉਦਘਾਟਨ ਮੌਕੇ ਬਾਲੀਵੁੱਡ ਅਦਾਕਾਰ ਸ਼ਾਹਰੁਖ ਖਾਨ ਵਲੋਂ ਕੀਤਾ ਗਿਆ 'ਛਮਕ ਛੱਲੋ' ਡਾਂਸ ਵਿਰੋਧੀ ਪਾਰਟੀਆਂ ਲਈ ਚੁਣਾਵੀ ਮੁੱਦੇ ਦਾ ਰੂਪ ਲੈ ਚੁੱਕਾ ਹੈ। ਦੂਜਾ, ਪਹਿਲੀ ਨਵੰਬਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਵਰ੍ਹੇਗੰਢ ਹੁੰਦੀ ਹੈ। ਇਸ ਕਾਰਨ ਪੰਥਕ ਜਥੇਬੰਦੀਆਂ ਦੀ ਅਲੋਚਨਾ ਵੀ ਸੁਣਨ ਨੂੰ ਮਿਲੀ। ਸਿਆਸੀ ਕਬੱਡੀ ਦੀ ਇਸ ਖੇਡ ਵਿਚ ਬਾਬਾ ਰਾਮਦੇਵ ਵੀ ਕਬੱਡੀ ਪਾ ਚੁੱਕੇ ਹਨ।

ਚਾਰ ਸਿਆਸੀ ਪਾਰਟੀਆਂ 'ਤੇ ਅਧਾਰਤ ਸਾਂਝਾ ਮੋਰਚਾ ਵੀ ਜਨਤਾ ਦੇ ਦਰਬਾਰ ਵਿਚ ਹੈ। ਬਾਦਲ ਪਰਿਵਾਰ ਦੇ ਮੈਂਬਰ ਅਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਨਵੀਂ ਬਣੀ ਪਾਰਟੀ ਪੀਪਲਜ਼ ਪਾਰਟੀ ਆਫ਼ ਪੰਜਾਬ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਵਿਚ ਸੀ.ਪੀ.ਆਈ., ਸੀ.ਪੀ.ਐਮ. ਅਤੇ ਸਾਬਕਾ ਮੁੱਖ ਮੰਤਰੀ ਤੇ ਰਾਜਪਾਲ ਸੁਰਜੀਤ ਸਿੰਘ ਬਰਨਾਲਾ ਦਾ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਸ਼ਾਮਲ ਹਨ। ਇਹ ਮੋਰਚਾ ਕਾਂਗਰਸ ਅਤੇ ਅਕਾਲੀ ਦਲ 'ਤੇ ਬਰਾਬਰ ਦੇ ਸਿਆਸੀ ਹਮਲੇ ਕਰ ਰਿਹਾ ਹੈ। ਸ਼ਹੀਦ ਭਗਤ ਸਿੰਘ ਦਾ ਹਵਾਲਾ ਦੇ ਕੇ ਇਹ ਸਾਂਝਾ ਮੋਰਚਾ ਪੰਜਾਬ ਦੀ ਇੱਜ਼ਤ ਬਚਾਉਣ ਦਾ ਵਾਸਤਾ ਪਾ ਰਿਹਾ ਹੈ। ਹਾਲਾਂਕਿ ਬਾਕੀ ਪਾਰਟੀਆਂ ਨੂੰ ਛੱਡ ਕੇ ਸੁਰਜੀਤ ਸਿੰਘ ਬਰਨਾਲਾ ਅਤੇ ਮਨਪ੍ਰੀਤ ਸਿੰਘ ਬਾਦਲ ਦੋਵੇਂ ਹੀ ਸੱਤਾ ਦਾ ਸੁੱਖ ਭੋਗ ਚੁੱਕੇ ਹਨ। ਇਸੇ ਦੌਰਾਨ ਭਾਜਪਾ ਨੇ ਆਪਣੇ ਤਜ਼ਰਬੇਕਾਰ ਰੱਥ ਚਾਲਕ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੇ ਰੱਥ 'ਤੇ ਸਵਾਰ ਹੋ ਕੇ ਵਿਗੜੇ ਹੋਏ ਅੰਕੜਿਆਂ ਨੂੰ ਸੰਵਾਰਨ ਦੀ ਕੋਸ਼ਿਸ਼ ਕੀਤੀ। ਅਡਵਾਨੀ ਦੀ ਭ੍ਰਿਸ਼ਟਾਚਾਰ ਅਤੇ ਕਾਲੇ ਧੰਨ ਵਿਰੁੱਧ ਜਨ ਚੇਤਨਾ ਰੱਥ ਯਾਤਰਾ ਨੇ ਪੰਜਾਬ ਵਿਚ ਕੀ ਰੰਗ ਦਿਖਾਇਆ, ਇਸ ਦਾ ਫੈਸਲਾ ਤਾਂ ਚੋਣਾਂ ਤੋਂ ਬਾਅਦ ਹੀ ਹੋਵੇਗਾ, ਕਿਉਂਕਿ ਪੰਜਾਬ ਭਾਜਪਾ ਖੁਦ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸੰਤਾਪ ਝੱਲ ਰਹੀ ਹੈ। ਕੁਲ ਮਿਲਾ ਕੇ ਇਨ੍ਹਾਂ ਸਾਰਿਆਂ ਦਾ ਇਕੋ ਇਕ ਟੀਚਾ ਚੋਣਾਂ ਵਾਲੇ ਦਿਨ ਲਈ ਜਨਤਾ ਨੂੰ ਆਪਣੇ ਪੱਖ ਵਿਚ ਭੁਗਤਾਉਣਾ ਹੈ ਪਰ ਅਜਿਹਾ ਲੱਗ ਨਹੀਂ ਰਿਹਾ ਕਿਉਂਕਿ ਜਨਤਾ ਚੁੱਪ ਵੱਟੀ ਬੈਠੀ ਹੈ। ਲੋਕਾਂ ਦੀ ਇਸ ਚੁੱਪ ਨੇ ਨੇਤਾਵਾਂ ਦੀ ਧੜਕਣ ਤੇਜ਼ ਕਰ ਦਿਤੀ ਹੈ।

ਨਵੰਬਰ 1966 ਵਿਚ ਦੁਬਾਰਾ ਟੁਕੜੇ ਹੋਏ ਪੰਜਾਬ ਵਿਚ ਚੋਣਾਂ ਤੋਂ ਤਿੰਨ ਮਹੀਨੇ ਪਹਿਲਾਂ ਤਕ ਕਦੇ ਵੀ ਅਜਿਹੀ ਸਥਿਤੀ ਪੈਦਾ ਨਹੀਂ ਹੋਈ ਜਿਸ ਤਰ੍ਹਾਂ ਦੀ ਇਸ ਵਾਰ ਹੋਈ ਹੈ। ਪੰਜਾਬ ਦੀ ਜਨਤਾ ਕਿਸ ਨੂੰ ਚਾਹੁੰਦੀ ਹੈ ਇਸ ਦਾ ਜਵਾਬ ਉਸ ਤਦਾਦ ਵਿਚ ਜ਼ੁਬਾਨ 'ਤੇ ਨਹੀਂ ਆ ਰਿਹਾ ਜਿਸ ਨਾਲ ਕਿਸੇ ਦੇ ਪੱਖ ਵਿਚ ਹਵਾ ਬਣਨ ਲੱਗੇ। ਅਜਿਹਾ ਲੱਗ ਰਿਹਾ ਹੈ ਕਿ ਜਿਵੇਂ ਲੋਕਾਂ ਨੇ ਆਪਣੇ ਬੁਲ੍ਹ ਹੀ ਸੀਅ ਲਏ ਹੋਣ। ਧੜਕਣਾਂ ਕੇਵਲ ਸਿਆਸੀ ਲੋਕਾਂ ਦੀਆਂ ਹੀ ਤੇਜ਼ ਨਹੀਂ ਹੋਈਆਂ ਉਨ੍ਹਾਂ ਦੀਆਂ ਵੀ ਹੋਈਆਂ ਹਨ ਜਿਨ੍ਹਾਂ ਨੇ ਹਵਾ ਦਾ ਰੁੱਖ ਦੇਖ ਕੇ ਆਪਣੀ ਵਫਾਦਾਰੀ ਦਾ ਕਾਂਟਾ ਬਦਲਣਾ ਸੀ। ਇਨ੍ਹਾਂ ਮੌਕਾਪ੍ਰਸਤ ਵਫਾਦਾਰਾਂ ਵਿਚ ਪੁਲੀਸ ਅਧਿਕਾਰੀ ਵੀ ਸ਼ਾਮਲ ਹਨ। ਲਿਹਾਜ਼ਾ ਜਨਤਾ ਵਲੋਂ ਮੂੰਹ 'ਤੇ ਉਂਗਲ ਰੱਖੇ ਜਾਣ ਕਰਨ ਅਫ਼ਸਰਸ਼ਾਹੀ ਵੀ ਪ੍ਰੇਸ਼ਾਨ ਹੈ। ਮੀਡੀਆ ਵੀ ਸਹੀ ਅਨੁਮਾਨ ਲਗਾਉਣ ਦੀ ਸਥਿਤੀ ਵਿਚ ਨਹੀਂ ਹੈ। ਸਹੀ ਪਾਰੇ ਦਾ ਅੰਦਾਜ਼ਾ ਲਾਉਣ ਲਈ ਹਰ ਕੋਈ ਇਕ ਦੂਜੇ ਦੇ ਚੁਣਾਵੀ ਥਰਮਾਮੀਟਰ ਲਾਉਣ ਦੀ ਕੋਸ਼ਿਸ਼ ਵਿਚ ਹੈ। ਨੇਤਾ, ਅਧਿਕਾਰੀ ਅਤੇ ਪੱਤਰਕਾਰ ਸਾਰੇ ਹੀ ਇਸ ਵਿਚ ਸ਼ਾਮਲ ਹਨ। ਦੂਜੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਸੱਤਾ



ਦੇ ਗਲਿਆਰਿਆਂ ਤੋਂ ਲੈ ਕੇ ਗਲੀਆਂ ਮੁਹੱਲਿਆਂ ਤਕ ਜਿਥੇ ਵੀ ਸਿਆਸੀ ਗੱਲਬਾਤ ਹੋ ਰਹੀ ਹੈ ਉਥੋਂ ਕਿਤੋਂ ਵੀ ਸਵਾਲ ਦਾ ਸਹੀ ਜਵਾਬ ਨਹੀਂ ਮਿਲ ਰਿਹਾ।

ਅਜਿਹੀ ਸਥਿਤੀ ਨੂੰ ਸਿਆਸੀ ਪਾਰਟੀਆਂ ਦੀਆਂ ਰੈਲੀਆਂ ਅਤੇ ਜਲਸੇ ਹੋਰ ਜ਼ਿਆਦਾ ਗੁੰਝਲਦਾਰ ਬਣਾ ਰਹੇ ਹਨ। ਸੁਖਬੀਰ ਬਾਦਲ ਦੀ ਕਬੱਡੀ ਹੋਵੇ ਜਾਂ ਕੈਪਟਨ ਅਮਰਿੰਦਰ ਸਿੰਘ ਦਾ ਜਲਸਾ। ਅਡਵਾਨੀ ਦੀ ਰੱਥ ਯਾਤਰਾ ਹੋਵੇ ਜਾਂ ਮਨਪ੍ਰੀਤ ਸਿੰਘ ਬਾਦਲ ਦੇ ਸਾਂਝੇ ਮੋਰਚੇ ਦੀ ਸਾਂਝੀ ਰੈਲੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸੰਗਤ ਦਰਸ਼ਨ ਹੋਵੇ ਜਾਂ ਸਰਕਾਰ ਦੇ ਵਿਰੋਧ ਵਿਚ ਕਰਮਚਾਰੀਆਂ ਦਾਂ ਸਾਂਝਾ ਰੋਸ ਪ੍ਰਦਰਸ਼ਨ, ਬਾਬਾ ਰਾਮਦੇਵ ਦੇ ਭ੍ਰਿਸ਼ਟਾਚਾਰ ਵਿਰੋਧੀ ਪ੍ਰਵਚਨ ਹੋਣ ਜਾਂ ਕਿਸਾਨਾਂ ਦਾ ਸੰਘਰਸ਼। ਸਾਰੀਆਂ ਥਾਵਾਂ 'ਤੇ ਭੀੜ ਦੀ ਘਾਟ ਦਿਖਾਈ ਨਹੀਂ ਦਿੰਦੀ। ਕੀ ਇਹ ਰੈਲੀਆਂ, ਜਲਸੇ ਅਤੇ ਖੇਡ ਸਟੇਡੀਅਮਾਂ ਵਿਚ ਪਹੁੰਚੇ ਲੋਕ ਉਨ੍ਹਾਂ ਦੀ ਪੱਕੀ ਵੋਟ ਹਨ? ਕੋਈ ਇਹ ਦਾਅਵਾ ਕਰਨ ਦੀ ਸਥਿਤੀ ਵਿਚ ਨਹੀਂ ਹੈ। ਇਹੀ ਕਾਰਨ ਹੈ ਕਿ ਬੇਮਿਸਾਲ ਭੀੜਾਂ ਦੇ ਬਾਵਜੂਦ ਇਕ ਵੀ ਪਾਰਟੀ ਨਿਸ਼ਚਿੰਤ ਨਹੀਂ ਹੈ। ਬਿਨਾਂ ਸ਼ੱਕ ਕੁਝ ਸਮੇਂ ਲਈ ਖੁਸ਼ ਹੁੰਦੇ ਹਨ, ਜੋੜ ਤੋੜ ਅਤੇ ਹਿਸਾਬ ਕਿਤਾਬ ਲਗਾਉਂਦੇ ਹਨ, ਫਿਰ ਉਦਾਸੀ ਦੇ ਆਲਮ ਵਿਚ ਡੁੱਬ ਜਾਂਦੇ ਹਨ। ਅਸਲੀਅਤ ਵਿਚ ਇਹ ਉਹ ਵੋਟਰ ਹੈ ਜੋ ਇਕ ਪਾਰਟੀ ਨੂੰ ਸੱਤਾ ਤੋਂ ਹਟਾਉਣ ਅਤੇ ਦੂਜੇ ਨੂੰ ਸਤਾ ਦਿਵਾਉਣ ਵਿਚ ਫੈਸਲਾਕੁੰਨ ਭੂਮਿਕਾ ਨਿਭਾਉਂਦਾ ਹੈ। ਸਵਾਰਥ ਲਈ ਸਿਆਸੀ ਲੋਕਾਂ ਨੇ ਪਿੰਡ ਪੱਧਰ 'ਤੇ ਗੁੱਟਬਾਜ਼ੀ ਨੂੰ ਇਸ ਕਦਰ ਵਧਾਇਆ ਹੋਇਆ ਹੈ ਕਿ ਵੋਟਾਂ ਵਾਲੇ ਦਿਨ ਇਨ੍ਹਾਂ ਲੋਕਾਂ ਕੋਲ ਇਧਰ ਉਧਰ ਜਾਣ ਦਾ ਬਦਲ ਹੀ ਨਹੀਂ ਬਚਿਆ। ਗੁੱਟਬਾਜ਼ੀ ਵਿਚ ਪਿੰਡਾਂ ਦੇ ਮੁਕਾਬਲੇ ਸ਼ਹਿਰੀ ਇਲਾਕੇ ਅਜੇ ਫਿਰ ਵੀ ਬਚੇ ਹੋਏ ਹਨ। ਪੰਜਾਬ ਦੇ ਚੁਣਾਵੀ ਰੁਝਾਨ ਦਾ ਇਕ ਦਹਾਕੇ ਦਾ ਇਤਿਹਾਸ ਪੁਸ਼ਟੀ ਕਰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਵਿਚ ਜ਼ਬਰਦਸਤ ਟੱਕਰ ਰਹੀ ਹੈ। ਇਹੀ ਕਾਰਨ ਹੈ ਇਸ ਸਮੇਂ ਸਾਰੀਆਂ ਪਾਰਟੀਆਂ ਜ਼ਿਆਦਾ ਧਿਆਨ ਸ਼ਹਿਰੀ ਵੋਟ ਬੈਂਕ 'ਤੇ ਅਧਾਰਤ ਹੈ। ਸ਼ਹਿਰੀ ਵੋਟ ਬੈਂਕ ਦੀ ਪੋਲਰਾਈਜੇਸ਼ਨ ਕਰਨ ਲਈ ਹਰ ਤਰ੍ਹਾਂ ਦੇ ਹੱਥ ਕੰਡੇ ਵਰਤੇ ਜਾ ਰਹੇ ਹਨ। ਗੁੱਟਬਾਜ਼ੀ ਵਿਚ ਫਸੇ ਅਕਾਲੀ ਅਤੇ ਕਾਂਗਰਸੀ ਵੋਟ ਬੈਂਕ ਨੂੰ ਸਾਂਝਾ ਮੋਰਚਾ ਕਿਸ ਹੱਦ ਤਕ ਤੋੜ ਸਕਦਾ ਹੈ? ਕੌਣ ਕਿੰਨਾ ਸਫਲ ਰਹੇਗਾ? ਅੱਜ ਦੀ ਤਾਰੀਖ ਵਿਚ ਇਨ੍ਹਾਂ ਸਵਾਲਾਂ ਦੇ ਜਵਾਬ ਸਪੱਸ਼ਟ ਦਿਖਾਈ ਨਹੀਂ ਦੇ ਰਹੇ।

ਧੁਖਦਾ ਕਾਲਮ

# ਕੁਰਸੀਆਂ ਸੱਚ ਕਦੇ ਮੁਹੱਈਆ ਨਹੀਂ ਕਰਵਾਉਂਦੀਆਂ

**ਸੁਸ਼ੀਲ ਦੁਸਾਂਝ**

1984 ਦਾ ਸਿੱਖ ਕਤਲੇਆਮ, 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਤੇ ਉਸ ਤੋਂ ਬਾਅਦ ਹੋਏ ਫਿਰਕੂ ਫਸਾਦ, 2002 ਵਿਚ ਗੋਧਰਾ ਕਾਂਡ ਤੋਂ ਬਾਅਦ ਗੁਜਰਾਤ ਵਿਚ ਮੁਸਲਮਾਨ ਭਾਈਚਾਰੇ ਦੇ ਕਤਲੇਆਮ ਅਤੇ ਮੁਲਕ ਦੀ ਵੰਡ ਤੋਂ ਬਾਅਦ ਹੁਣ ਤੱਕ ਵਾਪਰੀਆਂ ਕੁਝ-ਇਕ ਹੋਰ ਮਹੱਤਵਪੂਰਨ ਘਟਨਾਵਾਂ ਨੂੰ ਵਿਦਿਆਰਥੀਆਂ ਨੂੰ ਪੜ੍ਹਾਏ ਜਾਣ ਦੀ ਤਿਆਰੀ ਹੈ। ਸੰਸਾਰ ਦੇ ਸਭ ਤੋਂ ਵੱਡੇ ਜਮਹੂਰੀ ਅਤੇ ਧਰਮ-ਨਿਰਪੱਖ ਅਖਵਾਉਂਦੇ ਭਾਰਤ 'ਤੇ ਲੱਗੇ ਇਨ੍ਹਾਂ ਕਲੰਕਾਂ ਦੇ ਨਾਲ-ਨਾਲ ਐਮਰਜੈਂਸੀ ਦਾ ਕਾਲਾ ਦੌਰ ਵੀ ਪੜ੍ਹਾਇਆ ਜਾਣਾ ਹੈ। ਐਨ.ਸੀ.ਈ.ਆਰ.ਟੀ ਵਲੋਂ ਪਾਠ ਪੁਸਤਕਾਂ ਵਿਚ ਸ਼ਾਮਲ ਕਰਨ ਵਾਸਤੇ ਲਿਖਵਾਏ ਜਾ ਰਹੇ ਇਨ੍ਹਾਂ ਖ਼ਾਸ ਅਧਿਆਇਆਂ ਲਈ ਬਣਾਏ ਗਏ ਪੈਨਲ ਦੇ ਚੀਫ਼ ਐਡਵਾਇਜ਼ਰ ਯੋਗੇਂਦਰ ਯਾਦਵ ਮੁਤਾਬਕ ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਬਿਨਾਂ ਕਿਸੇ ਭੇਦ-ਭਾਵ ਤੋਂ ਸੱਚ ਵਿਦਿਆਰਥੀਆਂ ਦੇ ਸਾਹਮਣੇ ਰੱਖਿਆ ਜਾਵੇ। ਪਰ ਨਾਲ ਹੀ ਉਹ ਕਹਿੰਦੇ ਹਨ ਕਿ ਭੱਵਿਖ ਵਿਚ ਕੋਈ ਵਿਵਾਦ ਪੈਦਾ ਨਾ ਹੋਵੇ ਇਸ ਲਈ ਸਿਲੇਬਸ ਵਿਚ ਇਤਿਹਾਸ ਦੇ ਇਨ੍ਹਾਂ ਕਾਲੇ ਪੰਨਿਆਂ ਨੂੰ ਦਰਜ ਕਰਨ ਲਈ ਸਰਕਾਰੀ ਸਰੋਤਾਂ ਦਾ ਸਹਾਰਾ ਹੀ ਲਿਆ ਜਾਵੇਗਾ। ਅਸੀਂ ਇਸ ਮੁੱਦੇ ਨੂੰ ਇਕ ਆਮ ਭਾਰਤੀ ਦੇ ਨਜ਼ਰੀਏ ਤੋਂ ਦੇਖਣ-ਸਮਝਣ ਦੀ ਕੋਸ਼ਿਸ਼ ਵਿਚ ਹਾਂ।

ਦਰਅਸਲ, ਅਤੀਤ ਨੂੰ ਜਾਣ ਲੈਣਾ ਹੀ ਕਾਫ਼ੀ ਨਹੀਂ ਹੁੰਦਾ। ਅਤੀਤ ਨੂੰ ਵਰਤਮਾਨ ਅਤੇ ਭਵਿੱਖ ਨਾਲ ਜੋੜਕੇ ਸਮਝਣਾ ਹੀ ਸਹੀ ਪਹੁੰਚ ਮੰਨੀ ਜਾ ਸਕਦੀ ਹੈ ਪਰ ਆਪਣੇ ਮੁਲਕ ਵਿਚ ਇਤਿਹਾਸ ਨੂੰ ਏਸ ਨਜ਼ਰੀਏ ਤੋਂ ਕਦੀ ਲਿਆ ਹੀ ਨਹੀਂ ਗਿਆ। ਖਾਸ ਤੌਰ 'ਤੇ ਪਿਛਲੇ ਦੋ ਕੁ ਦਹਾਕਿਆਂ ਤੋਂ ਇਤਿਹਾਸ ਨੂੰ ਰਾਜਸੀ ਤੇ ਆਰਥਕ ਸ਼ਕਤੀਆਂ ਦੇ ਮਾਲਕਾਂ ਨੇ ਆਪਣੀ ਸਹੂਲਤ ਮੁਤਾਬਕ ਵਰਤਣ-ਢਾਲਣ ਦੇ ਉਚੇਚੇ ਯਤਨ ਕੀਤੇ। ਵੱਖ-ਵੱਖ ਸਮੇਂ ਦੀਆਂ ਸਰਕਾਰਾਂ ਨੇ ਇਤਿਹਾਸ ਨੂੰ ਆਪਣੇ ਮੁਤਾਬਕ ਪੇਸ਼ ਕਰਨ ਲਈ ਸਭ ਤੋਂ ਪਹਿਲਾ ਨਿਸ਼ਾਨਾ ਸਕੂਲੀ ਸਿਲੇਬਸ ਨੂੰ ਹੀ ਬਣਾਇਆ ਹੈ। ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਕੌਮੀ ਜਮਹੂਰੀ ਮੁਹਾਜ ਦੀ ਸਰਕਾਰ ਨੇ ਇਸ ਮਾਮਲੇ ਵਿਚ ਪਿਛਲੇ ਸਾਰੇ ਰਿਕਾਰਡ ਭੰਗ ਕਰ ਦਿੱਤੇ ਸਨ। ਕੁਝ ਸੂਬਾਈ ਸਰਕਾਰਾਂ ਵਲੋਂ ਵੀ ਆਪੋ-ਆਪਣੇ ਨਜ਼ਰੀਏ ਨਾਲ ਵਿਦਿਆਰਥੀਆਂ ਨੂੰ ਇਤਿਹਾਸ ਪੜ੍ਹਾਉਣ ਦੇ ਮਾਮਲੇ ਸਾਹਮਣੇ ਆਏ ਹਨ। ਕੌਮੀ ਜਮਹੂਰੀ ਮੁਹਾਜ ਦੀ ਸਰਕਾਰ ਨਹੀਂ ਰਹੀ ਪਰ ਉਸ ਵਲੋਂ ਸਕੂਲੀ ਸਿਲੇਬਸਾਂ ਵਿਚ ਕੀਤੀਆਂ ਗਈਆਂ ਬਹੁਤ ਸਾਰੀਆਂ ਤਬਦੀਲੀਆਂ ਹਾਲੇ ਵੀ ਕਾਇਮ ਹਨ। ਅਤੀਤ ਦੇ ਸਬੰਧ ਵਿਚ ਫ਼ਿਰਕਾਪ੍ਰਸਤ ਅਤੇ ਗੈਰ ਇਤਿਹਾਸਕ ਧਰਾਨਾਵਾਂ ਭਾਰੀ ਤਾਦਾਦ ਵਿਚ ਸਕੂਲੀ ਪਾਠ-ਪੁਸਤਕਾਂ ਵਿਚ ਆਮ ਹੀ ਦੇਖੀਆਂ ਜਾ ਸਕਦੀਆਂ ਹਨ। ਅੱਜ ਵੀ ਆਜਾਦੀ ਤੋਂ ਬਾਅਦ ਦੀਆਂ ਪ੍ਰਮੁੱਖ ਇਤਿਹਾਸਕ ਘਟਨਾਵਾਂ ਨੂੰ ਵਿਦਿਆਰਥੀਆਂ ਨੂੰ ਪੜਾਉਣ ਦੀ ਗੱਲ ਹੋ ਰਹੀ ਹੈ। ਇੱਥੇ ਸਭ ਤੋਂ ਅਹਿਮ ਸਵਾਲ ਇਹੀ ਹੈ ਕਿ ਕੀ ਇਹ ਮੁਲਕ ਦੀ ਨਵੀਂ ਪੀੜ੍ਹੀ ਨੂੰ ਸੱਚ ਪੜ੍ਹਾਉਣ ਦੀ ਸੁਹਿਰਦ ਕੋਸ਼ਿਸ਼ ਹੋਵੇਗੀ ਜਾਂ ਫਿਰ ਡਾ.ਮਨਮੋਹਨ ਸਿੰਘ ਦੀ ਸਰਕਾਰ ਵਲੋਂ ਵੀ ਇਤਿਹਾਸ ਨੂੰ ਆਪਣੇ ਮੁਤਾਬਕ ਪੜ੍ਹਾਏ ਜਾਣ ਦੀ ਤਿਆਰੀ ਹੈ?

ਇਕ ਗੱਲ ਤਾਂ ਇਹ ਹੈ ਕਿ ਹਰ ਨਾਗਰਿਕ ਦਾ ਹੱਕ ਹੈ ਕਿ ਆਪਣੇ ਮੁਲਕ ਦੇ ਇਤਿਹਾਸ ਨੂੰ ਜਾਣੇ ਅਤੇ ਸਮਝੇ। ਪਰ ਜਿਸ ਤਰ੍ਹਾਂ ਕਿਹਾ ਜਾ ਰਿਹਾ ਹੈ ਕਿ ਸਕੂਲੀ ਪਾਠ ਪੁਸਤਕਾਂ ਵਿਚ ਸਰਕਾਰੀ ਸਰੋਤਾਂ ਤੋਂ ਹਾਸਲ ਜਾਣਕਾਰੀ ਦੇ ਆਧਾਰ 'ਤੇ ਹੀ ਇਤਿਹਾਸਕਾਰੀ ਕੀਤੀ ਜਾਣੀ ਹੈ, ਤਾਂ ਫਿਰ ਇਹ ਲਾਜ਼ਮੀ ਹੀ ਤਰੁੱਟੀਆਂ ਭਰਪੂਰ ਹੋਵੇਗਾ। ਪਾਬਲੋ ਨੇਰੂਦਾ ਦੀਆਂ ਚਾਰ ਸਤਰਾਂ ਦੇ ਨਾਲ ਗੱਲ ਅੱਗੇ ਤੋਰਦੇ ਹਾਂ-

'ਆਓ ਤੇ ਦੇਖੋ ਖੂਨ ਸੜਕਾਂ 'ਤੇ  
ਆਓ ਤੇ ਦੇਖੋ  
ਖੂਨ ਸੜਕਾਂ 'ਤੇ  
ਆਓ ਤੇ ਦੇਖੋ  
ਖੂਨ ਸੜਕਾਂ 'ਤੇ

ਜਦੋਂ ਪਾਬਲੋ ਨੇਰੂਦਾ 'ਮੈਂ ਕੁਝ ਗੱਲਾਂ ਸਪਸ਼ਟ ਕਰ ਰਿਹਾ ਹਾਂ' ਸਿਰਲੇਖ ਵਾਲੀ ਆਪਣੀ ਇਹ ਨਜ਼ਮ ਲਿਖ ਰਹੇ ਸਨ, ਉਦੋਂ ਸਾਕਾ ਚੁਰਾਸੀ, ਗੋਧਰਾ, ਗੁਜਰਾਤ ਜਾਂ ਅਯੁਧਿਆ ਨਹੀਂ ਵਾਪਰੇ ਸਨ। ਉਹ ਇਹ ਕਵਿਤਾ ਭਾਰਤ ਬਾਰੇ ਵੀ ਨਹੀਂ ਸਨ ਲਿਖ ਰਹੇ ਪਰ ਇਹ ਲਗਦਾ ਹੈ ਕਿ ਸ਼ਾਇਦ ਪਾਬਲੋ ਨੇ ਭਾਰਤੀ ਅਵਾਮ ਦੀ ਲਹੂ ਰੰਗੀ ਤਸਵੀਰ ਹੀ ਇਨ੍ਹਾਂ ਸਤਰਾਂ ਵਿਚ ਪੇਸ਼ ਕਰ ਦਿੱਤੀ ਹੋਵੇ। ਦਰਅਸਲ, ਪਾਬਲੋ ਦੀਆਂ ਇਹ ਸਤਰਾਂ ਇਸ ਕਰਕੇ ਸਾਨੂੰ ਦਿੱਲੀ, ਗੁਜਰਾਤ, ਅਹਿਮਦਾਬਾਦ ਜਾਂ ਅਯੁਧਿਆ 'ਤੇ ਲਿਖੀਆਂ ਲੱਗਦੀਆਂ ਹਨ ਕਿਉਂਕਿ ਜਿਵੇਂ ਹੱਸਣ ਜਾਂ ਰੋਣ ਲਈ ਕਿਸੇ ਖਾਸ ਭਾਸ਼ਾ ਦੀ ਜ਼ਰੂਰਤ ਨਹੀਂ ਹੁੰਦੀ ਉਵੇਂ ਹੀ ਦਰਦ ਦੀ ਜ਼ੁਬਾਨ ਵੀ ਇਕੋ-ਜਿਹੀ ਹੀ ਹੁੰਦੀ ਹੈ। ਪਰ ਸਰਕਾਰਾਂ ਇਸ ਜ਼ੁਬਾਨ ਨੂੰ ਟਿੱਚ ਜਾਣਦੀਆਂ ਹਨ। ਜੇ ਸਰਕਾਰਾਂ ਵੀ ਦਰਦ ਦੀ ਇਸ ਜ਼ੁਬਾਨ ਨੂੰ ਮਹਿਸੂਸ ਕਰਦੀਆਂ ਹੋਣ ਤਾਂ ਕਦੇ ਵੀ ਗੁਜਰਾਤ, ਦਿੱਲੀ ਅਤੇ ਅਯੁਧਿਆ ਨਾ ਵਾਪਰਨ। ਇਨ੍ਹਾਂ ਸਾਰੇ ਹਾਲਾਤਾਂ ਲਈ ਜ਼ੁੰਮੇਵਾਰ ਕਾਬਜ਼ ਰਾਜਸੀ ਤਾਕਤਾਂ ਦਾ ਕਮਾਲ ਦੇਖੋ ਕਿ ਆਮ ਤਾਂ ਕੀ ਸਭ ਕਾਸੇ ਲਈ ਹਾਕਮਾਂ ਨੂੰ ਜ਼ੁੰਮੇਵਾਰ ਸਮਝਣ ਵਾਲਾ ਵਰਗ ਵੀ ਇਕ ਖਾਸ ਭਾਈਚਾਰੇ ਦੇ ਕਤਲੇਆਮ ਨੂੰ ਸਹਿਵਨ ਹੀ ਦੰਗੇ ਕਹਿੰਦਾ ਆ ਰਿਹਾ ਹੈ। ਹਾਕਮਾਂ ਨੇ ਹੀ ਯੋਜਨਾਬੱਧ ਕਤਲੇਆਮ ਨੂੰ ਦੰਗੇ-ਦੰਗੇ ਕਹਿਣ ਦੀ ਅਜਿਹੀ ਪੀਪਨੀ ਲਗਾਤਾਰ ਵਜਾਈ ਹੈ ਕਿ ਹਰ ਬੰਦਾ ਹੀ ਇਨ੍ਹਾਂ ਘਟਨਾਵਾਂ ਨੂੰ ਦੰਗਿਆਂ ਦੇ ਨਜ਼ਰੀਏ ਤੋਂ ਦੇਖਣ ਲਗਾ ਦਿੱਤਾ ਹੈ।

ਐਨ.ਸੀ.ਈ.ਆਰ.ਟੀ ਜਿਨ੍ਹਾਂ ਇਤਿਹਾਸਕ ਘਟਨਾਵਾਂ ਨੂੰ ਸਕੂਲੀ ਪਾਠ ਪੁਸਤਕਾਂ ਦਾ ਹਿੱਸਾ ਬਣਾਉਣ ਜਾ ਰਹੀ ਹੈ ਉਹ ਆਧੁਨਿਕ ਭਾਰਤੀ ਇਤਿਹਾਸ ਦੇ ਸਭ ਤੋਂ ਕਲੰਕਤ ਪੰਨ੍ਹੇ ਹਨ। ਫ਼ਿਰਕੂ ਜਨੂੰਨ ਨੇ ਮਨੁੱਖੀ ਖੂਨ ਨਾਲ ਆਪਣੀ ਪਿਆਸ ਬੁਝਾਉਣ ਦਾ ਜਿਹੜਾ ਸਿਲਸਿਲਾ ਅਰੰਭ ਕਰ ਲਿਆ ਹੈ, ਉਸਨੂੰ ਸਿਰਫ਼ ਦਿੱਲੀ, ਗੁਜਰਾਤ, ਅਯੁਧਿਆ ਤੱਕ ਸੀਮਤ ਕਰਕੇ ਦੇਖਣਾ ਸਾਡੀ ਭੁੱਲ ਹੋਵੇਗੀ। ਭਾਰਤ ਇਸ ਵਕਤ ਭਿਅੰਕਰ ਜਵਾਲਾਮੁਖੀ ਦੇ ਕੰਢੇ 'ਤੇ ਖੜਾ ਨਜ਼ਰ ਆ ਰਿਹਾ ਹੈ। ਸੁਰਜੀਤ ਪਾਤਰ ਦਾ ਇਕ ਸ਼ਿਅਰ ਮੁਲਾਹਜ਼ਾ ਫਰਮਾਓ-

'ਲੱਗੀ ਜੇ ਤੇਰੇ ਕਾਲਜੇ ਹਾਲੇ ਛੁਰੀ ਨਹੀਂ,  
ਇਹ ਨ ਸਮਝ ਕਿ ਸ਼ਹਿਰ ਦੀ ਹਾਲਤ ਬੁਰੀ ਨਹੀਂ।'

ਅਜਿਹੀ ਸਥਿਤੀ ਵਿਚ ਵਿਦਿਆਰਥੀਆਂ ਨੂੰ ਭਵਿੱਖਮੁਖੀ ਨਜ਼ਰੀਏ ਨਾਲ ਆਪਣੇ ਅਤੀਤ ਨਾਲ ਜੋੜਨਾ ਕਿਧਰੋਂ ਵੀ ਗਲਤ ਨਹੀਂ ਕਿਹਾ ਜਾ ਸਕਦਾ ਪਰ ਸਵਾਲ ਇਥੇ ਸਿਰਫ਼ ਇਹ ਹੀ ਹੈ ਕਿ ਕੀ ਸਰਕਾਰੀ ਸਰੋਤਾਂ ਨਾਲ ਲਿਖੇ ਜਾਣ ਵਾਲੇ ਪਾਠ ਇਸ ਇਤਿਹਾਸ ਨੂੰ ਸਹੀ ਪਰਿਪੇਖ ਵਿਚ ਪੇਸ਼ ਕਰ ਸਕਣਗੇ? ਸਾਡੀ ਸਮਝ ਮੁਤਾਬਕ ਬਿਨਾਂ ਸਿਆਸੀ ਦਬਾਅ ਤੋਂ ਮੁਲਕ ਦੇ ਸਚਮੁੱਚ ਹੀ ਧਰਮ ਨਿਰਪੱਖ ਵਿਦਵਾਨਾਂ ਦੀ ਇਕ ਕਮੇਟੀ ਨੂੰ ਇਹ ਕੰਮ ਸੌਂਪਿਆ ਜਾਣਾ ਚਾਹੀਦਾ ਹੈ। ਪਹਿਲਾਂ ਹੀ ਸਰਕਾਰੀ ਸਰਪ੍ਰਸਤੀ ਵਿਚ ਬੈਠੇ ਸਰਕਾਰੀ ਗੁਣਗਾਣ ਕਰਨ ਵਾਲਿਆਂ ਤੋਂ ਜੇ ਇਹ ਕੰਮ ਕਰਵਾਇਆ ਜਾ ਰਿਹਾ ਹੈ ਤਾਂ ਇਸਦੇ ਨਾਕਾਰਤਮਕ ਸਿੱਟੇ ਨਿਕਲ ਸਕਦੇ ਹਨ।

ਆਖਰੀ ਗੱਲ, ਮਸਲਾ ਸਿਰਫ਼ ਪਾਠ-ਪੁਸਤਕਾਂ ਤੱਕ ਹੀ ਸੀਮਤ ਨਹੀਂ ਰਹਿਣਾ ਚਾਹੀਦਾ, ਸਗੋਂ ਇਸ ਵਕਤ ਸਮੁੱਚੇ ਇਤਿਹਾਸ ਦੇ ਨਿਰਪੱਖ ਪੁਨਰਲੇਖਨ ਦੀ ਬੇਹੱਦ ਜ਼ਰੂਰਤ ਹੈ। ਇਸ ਪਾਸੇ ਵੱਲ ਕੌਣ ਧਿਆਨ ਦੇਵੇਗਾ? ਇਹ ਵੀ ਆਪਣੇ-ਆਪ ਵਿਚ ਵੱਡਾ ਸਵਾਲ ਹੈ। ਉਂਝ ਅਸੀਂ ਇਹ ਸਮਝਦੇ ਹਾਂ ਕਿ ਕਿਸੇ ਵੀ ਸਮਾਜ ਦੇ ਇਤਿਹਾਸ ਨੂੰ ਸਹੀ ਰੂਪ ਵਿਚ ਪੇਸ਼ ਕਰਨ ਵਾਲੇ ਇਤਿਹਾਸਕਾਰ ਉਸਦੇ ਸਾਹਿਤਕਾਰ ਹੋਇਆ ਕਰਦੇ ਹਨ। ਰਾਜਸੀ ਤਾਕਤ ਰੱਖਣ ਵਾਲੇ ਲੋਕ ਇਤਿਹਾਸ ਨੂੰ ਸਦਾ ਹੀ ਆਪਣੇ ਢੰਗ ਨਾਲ ਵਿਗਾੜ ਕੇ ਪੇਸ਼ ਕਰਦੇ ਹਨ। ਕਿਸੇ ਵੀ ਸਮਾਜ ਦੇ ਇਤਿਹਾਸ ਦਾ ਸੱਚ ਤੱਕਣ ਲਈ ਜ਼ਰੂਰੀ ਹੈ ਕਿ ਉਸਦੇ ਸਾਹਿਤ ਦੀ ਡੂੰਘਾਈ ਨਾਲ ਪੜਚੋਲ ਕੀਤੀ ਜਾਵੇ। ਪੰਜਾਬ, ਦਿੱਲੀ, ਅਯੁਧਿਆ, ਕਾਨਪੁਰ ਅਹਿਮਦਾਬਾਦ, ਮੇਰਠ ਹੋਵੇ ਤੇ ਭਾਵੇਂ ਗੁਜਰਾਤ ਕੁਰਸੀਆਂ ਸੱਚ ਕਦੇ ਮੁਹੱਈਆ ਨਹੀਂ ਕਰਵਾਉਣਗੀਆਂ।

+91-97813-60066  
susheeldosanjh@gmail.com

# ਪੰਜਾਬ ਚੋਣਾਂ 2012

ਪੰਜਾਬ 'ਚ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਸਾਰੀਆਂ ਸਿਆਸੀ ਪਾਰਟੀਆਂ ਨੇ ਕਮਰ ਕੱਸ ਲਈ ਹੈ। ਆਮ ਤੌਰ 'ਤੇ ਕਾਂਗਰਸ ਅਤੇ ਅਕਾਲੀ-ਭਾਜਪਾ ਵਿਚਕਾਰ ਹੁੰਦੀ ਕਾਂਟੇਦਾਰ ਟੱਕਰ ਵਿਚ ਇਸ ਵਾਰ ਮਨਪ੍ਰੀਤ ਬਾਦਲ ਦੀ ਅਗਵਾਈ ਵਾਲਾ ਤੀਜਾ ਫਰੰਟ ਵੀ ਮੈਦਾਨ ਵਿਚ ਹੈ। ਸ਼੍ਰੋਮਣੀ ਆਕਲੀ ਦਲ ਕਬੱਡੀ ਕੱਪ ਅਤੇ ਧਾਰਮਕ ਯਾਦਗਾਰਾਂ ਰਾਹੀਂ, ਭਾਜਪਾ ਆਪਣੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਦੀ ਯਾਤਰਾ, ਪ੍ਰਮੁੱਖ ਵਿਰੋਧੀ ਧਿਰ ਕਾਂਗਰਸ ਨੇ ਪੰਜਾਬ ਬਚਾਉ ਯਾਤਰਾ ਅਤੇ ਤੀਜੇ ਮੋਰਚੇ ਨੇ ਇੱਜ਼ਤ ਬਚਾਉ ਯਾਤਰਾ ਰਾਹੀਂ ਪੰਜਾਬ ਦੇ ਲੋਕਾਂ ਨੂੰ ਆਪਣੇ ਆਪਣੇ ਪੱਖ ਵਿਚ ਕਰਨ ਦੀ ਮੁਹਿੰਮ ਚਲਾਈ। ਸੂਬੇ ਦੀ ਮੌਜੂਦਾ ਵਿਧਾਨ ਵਿਚ ਤਾਂ ਅਕਾਲੀ-ਭਾਜਪਾ ਅਤੇ ਕਾਂਗਰਸ ਤੋਂ ਇਲਾਵਾ ਕਿਸੇ ਦਾ ਨਾਮ ਤਕ ਨਹੀਂ ਹੈ।

## ਦਲ ਅਤੇ ਨੇਤਾ

### ਅਕਾਲੀ-ਭਾਜਪਾ ਗਠਜੋੜ




### ਕਾਂਗਰਸ




### ਸਾਂਝਾ ਮੋਰਚਾ




## ਤਾਕਤ

### ਬਾਦਲ ਦੀ ਅਗਵਾਈ ਅਤੇ ਸੁਖਬੀਰ ਦੀ ਮੈਨੇਜਮੈਂਟ

ਅਕਾਲੀ-ਭਾਜਪਾ ਦੀ ਮੁੱਖ ਅਤੇ ਵੱਡੀ ਤਾਕਤ ਹੁਣ ਵੀ ਪ੍ਰਕਾਸ਼ ਸਿੰਘ ਬਾਦਲ ਦੀ ਬਿਨਾਂ ਵਿਰੋਧ ਅਗਵਾਈ ਹੈ। ਵਿਕਾਸ, ਪੰਥਕ ਯਾਦਗਾਰਾਂ ਅਤੇ ਰਾਈਟ ਟੂ ਸਰਵਿਸ ਨੂੰ ਅਕਾਲੀ-ਭਾਜਪਾ ਅਪਣੀ ਪ੍ਰਮੁੱਖ ਤਾਕਤ ਮੰਨਿਆ ਜਾ ਹੈ। ਪਾਰਟੀ ਕੋਲ ਧਨ, ਕੇਡਰ ਅਤੇ ਸੁਖਬੀਰ ਸਿੰਘ ਬਾਦਲ ਦੀ ਮੈਨੇਜਮੈਂਟ ਸਮਰੱਥਾ ਇਕ ਹੋਰ ਤਾਕਤ ਹੈ।

### ਅਮਰਿੰਦਰ ਦਾ ਪ੍ਰਭਾਵ ਅਤੇ ਨੇਤਾਵਾਂ ਦੀ ਇਕਜੁੱਟਤਾ

ਅਮਰਿੰਦਰ ਸਿੰਘ ਦਾ ਸੂਬੇ ਦੇ ਲੋਕਾਂ ਵਿਚ ਪ੍ਰਭਾਵ ਅਤੇ ਕਾਂਗਰਸ ਦੀ ਵੱਡੀ ਟੀਮ ਦਾ ਉਨ੍ਹਾਂ ਵਿਚ ਵਿਸ਼ਵਾਸ ਇਕ ਤਾਕਤ ਹੈ। ਅਮਰਿੰਦਰ ਸਿੰਘ ਤੋਂ ਇਲਾਵਾ ਹਾਈਕਮਾਨ ਦੇ ਹੁਕਮਾਂ ਨਾਲ ਰਜਿੰਦਰ ਕੌਰ ਭੱਠਲ, ਪ੍ਰਤਾਪ ਸਿੰਘ ਬਾਜਵਾ, ਜਗਮੀਤ ਸਿੰਘ ਬਰਾੜ ਆਦਿ ਸਾਰੇ ਨੇਤਾ ਇਕਜੁਟਤਾ ਦਿਖਾ ਰਹੇ ਹਨ। ਇਸ ਸੰਕੇਤ ਨੂੰ ਕਾਂਗਰਸ ਦੀ ਵੱਡੀ ਤਾਕਤ ਮੰਨਿਆ ਜਾ ਰਿਹਾ ਹੈ।

### ਸਾਫ ਅਕਸ ਅਤੇ ਭੀੜ ਇਕੱਠੀ ਕਰਨ 'ਚ ਮੁਹਾਰਤ

ਪੀਪਲਜ਼ ਪਾਰਟੀ ਆਫ਼ ਪੰਜਾਬ, ਸੀ.ਪੀ.ਆਈ., ਸੀ.ਪੀ.ਐਮ. ਅਤੇ ਸ਼੍ਰੋਮਣੀ ਅਕਾਲੀ ਦਲ (ਲੌਂਗੋਵਾਲ) ਦੇ ਸਾਂਝੇ ਮੋਰਚੇ ਦੀ ਤਾਕਤ ਮਨਪ੍ਰੀਤ ਸਿੰਘ ਬਾਦਲ ਦੀ ਲੋਕਾਂ ਵਿਚ ਸਾਫ਼ ਸੁਥਰੀ ਦਿਖ ਹੈ। ਲੋਕਾਂ ਨੂੰ ਲਾਮਬੰਦ ਕਰਨ ਦੀ ਸਮਰੱਥਾ, ਸਥਾਪਨਾ ਵਿਰੋਧੀ ਭਾਵਨਾ ਦਾ ਨੁਕਸਾਨ ਹੋਣ ਦਾ ਡਰ ਨਾ ਹੋਣਾ ਅਤੇ ਸਾਰੇ ਉਮੀਦਵਾਰ ਨਵੇਂ ਹੋਣ ਕਾਰਨ ਦੋਸ਼ਾਂ ਤੋਂ ਮੁਕਤ ਹੋਣਾ ਵੱਡੀ ਤਾਕਤ ਹੋ ਸਕਦੀ ਹੈ।

## ਰਣਨੀਤੀ

### ਵਿਕਾਸ, ਪ੍ਰਸ਼ਾਸਨਿਕ ਸੁਧਾਰ ਅਤੇ ਭਾਵਨਾਤਮਕ ਅਪੀਲ

ਅਕਾਲੀ-ਭਾਜਪਾ ਦੀ ਚੁਣਾਵੀ ਰਣਨੀਤੀ ਵਿਕਾਸ ਅਤੇ ਪ੍ਰਸ਼ਾਸਨਿਕ ਸੁਧਾਰਾਂ ਦੇ ਮੁੱਦੇ ਦੇ ਨਾਲ ਨਾਲ ਵੱਡੀ ਗਿਣਤੀ ਵਿਚ ਨਵੇਂ ਚਿਹਰੇ ਲਿਆਉਣ ਦੀ ਵੀ ਰਹੇਗੀ। ਇਸ ਤੋਂ ਇਲਵਾ ਕੇਂਦਰ ਸਰਕਾਰ ਦੀ ਮਹਿੰਗਾਈ ਅਤੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਇਆ ਜਾਵੇਗਾ। ਬਾਦਲ ਦੀ ਆਖਰੀ ਚੋਣ ਕਹਿ ਕੇ ਭਾਵਨਾਤਕ ਅਪੀਲ ਦੀ ਰਣਨੀਤੀ 'ਤੇ ਵਿਚਾਰ ਸੰਭਵ ਹੈ। ਸਾਰੇ ਡੇਰਿਆਂ ਨਾਲ ਤਾਲਮੇਲ ਕੀਤਾ ਜਾ ਰਿਹਾ ਹੈ।

### ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ 'ਤੇ ਨਿਸ਼ਾਨਾ, ਡੇਰਿਆਂ ਨਾਲ ਤਾਲਮੇਲ

ਕਾਂਗਰਸ ਦੀ ਰਣਨੀਤੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਬੇਟੇ ਸੁਖਬੀਰ ਸਿੰਘ ਬਾਦਲ ਪ੍ਰਤੀ ਹਮਲਾਵਰ ਰੁੱਖ ਅਪਨਾਉਣ ਦੀ ਹੈ। ਇਨ੍ਹਾਂ ਨੂੰ ਭ੍ਰਿਸ਼ਟ ਸਾਬਤ ਕਰਨ ਦੇ ਯਤਨਾਂ ਤੋਂ ਇਲਾਵਾ ਡੇਰਿਆਂ ਨਾਲ ਕਾਂਗਰਸ ਵੀ ਤਾਲਮੇਲ ਬਣਾ ਰਹੀ ਹੈ। ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦਾ ਲਾਭ ਅਤੇ ਪੰਜਾਬ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦੀ ਰਣਨੀਤੀ ਹੈ।

### ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਬਦਲ ਦੀ ਰਣਨੀਤੀ

ਮਨਪ੍ਰੀਤ ਸਿੰਘ ਬਾਦਲ ਖੁਦ ਨੂੰ ਦੋਵਾਂ ਦਲਾਂ ਦੇ ਬਦਲ ਦੇ ਰੂਪ ਵਿਚ ਪੇਸ਼ ਕਰ ਰਿਹਾ ਹੈ। ਉਹ ਇਮਾਨਦਾਰ ਅਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਦੇਣ ਅਤੇ ਖੁਦ ਨੂੰ ਬਿਹਤਰ ਪ੍ਰਬੰਧਕ ਬਣਾਉਣ ਦੀ ਰਾਜਨੀਤੀ 'ਤੇ ਚਲ ਰਿਹਾ ਹੈ। ਗਰੀਬਾਂ ਨੂੰ ਆਪਣੇ ਨਾਲ ਜੋੜਨ ਲਈ ਉਹ ਸਸਤੇ ਆਟਾ ਦਾਲ ਸਮੇਤ ਕਈ ਐਲਾਨ ਕਰ ਚੁੱਕੇ ਹਨ। ਸ਼ਹੀਦ ਸਿੰਘ ਦੇ ਨਾਮ 'ਤੇ ਉਹ ਇਕ ਧਰਮ ਨਿਰਪੱਖ ਅਕਸ਼ ਪੇਸ਼ ਕਰ ਕੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਚੱਲਣ ਦੀ ਰਣਨੀਤੀ ਤਹਿਤ ਕੰਮ ਕਰ ਰਿਹਾ ਹੈ।

## ਸਿਪਾਹਸਲਾਰ

### ਬਾਦਲ ਦਾ ਤਜਰਬਾ ਅਤੇ ਨੌਜਵਾਨਾਂ ਨਾਲ ਤਾਲਮੇਲ

ਬਾਦਲ ਅਤੇ ਸੁਖਬੀਰ ਬਾਦਲ ਅਕਾਲੀ-ਭਾਜਪਾ ਦੇ ਸਰਦਾਰ ਹਨ। ਬਾਦਲ ਦਾ 50 ਸਾਲ ਤੋਂ ਜ਼ਿਆਦਾ ਤਜਰਬਾ ਅਤੇ ਸੁਖਬੀਰ ਦੀ ਮੈਨੇਜਮੈਂਟ ਸਮਰੱਥਾ ਪ੍ਰਮੁੱਖ ਹਨ। ਬਿਰਕਮ ਮਜੀਠੀਆ, ਹਰਸਿਮਰਤ ਵਰਗੇ ਘਰੇਲੂ ਸਿਪਹਸਲਾਰਾਂ 'ਤੇ ਯਕੀਨ ਇਸ ਵਾਰ ਵੱਧ ਰਿਹਾ ਹੈ।

### ਅਮਰਿੰਦਰ ਦੀ ਯੋਗਤਾ, ਪੈਸੇ ਦਾ ਜੁਗਾੜ

ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਸਰਦਾਰ ਹੈ। ਪੰਜਾਬ ਦੇ ਲੋਕਾਂ ਵਿਚ ਉਨ੍ਹਾਂ ਦੀ ਪ੍ਰਸ਼ਾਸਨਿਕ ਯੋਗਤਾ ਅਤੇ ਬੇਬਾਕੀ ਪਸੰਦ ਕੀਤੀ ਜਾਂਦੀ ਹੈ। ਲਾਲ ਸਿੰਘ, ਅਰਵਿੰਦ ਖੰਨਾ ਸਿਪਹਸਲਾਰ ਬਣੇ ਹੋਏ ਹਨ। ਲਾਲ ਸਿੰਘ ਰਾਜਨੀਤਕ ਹਵਾ ਨੂੰ ਦੇਖਣ ਵਿਚ ਅਤੇ ਅਰਵਿੰਦ ਦਾ ਕੈਪਟਨ ਦੀ ਮੁਹਿੰਮ ਲਈ ਪੈਸੇ ਦਾ ਇੰਤਜ਼ਾਮ ਵੱਡਾ ਯੋਗਦਾਨ ਹੋ ਸਕਦਾ ਹੈ।

### ਲੋਕਾਂ ਨੂੰ ਲਾਮਬੰਦ ਕਰਨ ਵਿਚ ਮਨਪ੍ਰੀਤ ਦੀ ਮੁਹਾਰਤ

ਸਾਂਝੇ ਮੋਰਚੇ ਵਿਚ ਮਨਪ੍ਰੀਤ ਬਾਦਲ ਹੀ ਸਰਦਾਰ ਹੈ। ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਉਨ੍ਹਾਂ ਨੇ ਲੋਕਾਂ ਨੂੰ ਲਾਮਬੰਦ ਕਰਨ ਦੀ ਸਮਰੱਥਾ ਦਾ ਪ੍ਰਗਟਾਵਾ ਕੀਤਾ। ਜਗਬੀਰ ਬਰਾੜ, ਭਗਵੰਤ ਮਾਨ ਅਤੇ ਕੁਸ਼ਲਦੀਪ ਢਿੱਲੋਂ ਉਨ੍ਹਾਂ ਦੇ ਸਿਪਹਸਲਾਰ ਹਨ। ਭਗਵੰਤ ਮਾਨ ਦੀ ਲੋਕਾਂ ਵਿਚ ਪਹਿਚਾਣ, ਜਗਬੀਰ ਅਤੇ ਕੁਸ਼ਲਦੀਪ ਦਾ ਵਿਧਾਇਕੀ ਦਾ ਤਜਰਬਾ ਵੀ ਕੰਮ ਆਵੇਗਾ।

## ਕਮਜ਼ੋਰੀਆਂ

### ਸਤਾ ਵਿਰੋਧੀ ਲਹਿਰ, ਸ਼ਹਿਰੀ ਵੋਟ ਬੈਂਕ ਖਿਸਕਿਆ

ਅਕਾਲੀ-ਭਾਜਪਾ ਨੂੰ ਮੁੱਖ ਤੌਰ 'ਤੇ ਲੋਕਾਂ ਦੀਆਂ ਸਥਾਪਨਾ ਵਿਰੋਧੀ ਭਾਵਨਾਵਾਂ ਦਾ ਸਾਹਮਣਾ ਕਰਨਾ ਪਵੇਗਾ। ਭਾਜਪਾ ਨੇਤਾਵਾਂ ਦੀ ਸ਼ਹਿਰੀ ਵੋਟ ਬੈਂਕ ਤੋਂ ਦੂਰੀ ਵੀ ਕਮਜ਼ੋਰੀ ਮੰਨੀ ਜਾ ਰਹੀ ਹੈ।

### ਚੋਣ ਸਰਗਰਮੀ ਲਗਾਤਾਰ ਜਾਰੀ ਨਾ ਰਖਣਾ

ਕੈਪਟਨ ਅਮਰਿੰਦਰ ਸਿੰਘ ਦੀ ਚੋਣ ਮੁਹਿੰਮ ਅਤੇ ਰਾਜਨੀਤਕ ਸਰਗਰਮੀਆਂ ਨੂੰ ਲਗਾਤਾਰ ਜਾਰੀ ਨਾ ਰੱਖ ਸਕਣਾ, ਕਾਂਗਰਸ ਦੀ ਕਮਜ਼ੋਰੀ ਹੈ। ਕਾਂਗਰਸ ਵਲੋਂ ਵੱਡੇ ਮੁੱਦਿਆਂ 'ਤੇ ਸਰਕਾਰ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਨਾ ਪੇਸ਼ ਕਰਨਾ ਵੀ ਕਮਜ਼ੋਰੀ ਹੈ।

### ਗਠਜੋੜ ਦਾ ਮਜ਼ਬੂਤ ਢਾਂਚਾ ਅਜੇ ਤਕ ਨਹੀਂ

ਮਨਪ੍ਰੀਤ ਦੀ ਕਮਜ਼ੋਰੀ ਉਨ੍ਹਾਂ ਦਾ ਸੰਗਠਨਾਤਕਮ ਢਾਂਚਾ ਫਿਲਹਾਲ ਹੇਠਾਂ ਤਕ ਨਾ ਬਣ ਸਕਣਾ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਟੀਮ ਦੇ ਚੁਣਾਵੀ ਤਜਰਬੇ ਦੀ ਘਾਟ ਵੀ ਕਮਜ਼ੋਰੀ ਹੈ।

# ਟਿਕਟ ਲਈ ਕਾਕਿਆਂ ਦੀ ਲਾਈਨ

## ਭਾਜਪਾ ਵਿਚ ਪਰਿਵਾਰਵਾਦ ਦਾ ਰੋਗ :

ਨਹਿਰੂ-ਗਾਂਧੀ ਦੀ ਵਿਰਾਸਤ ਨੂੰ ਅੱਗੇ ਵਧਾਉਣ ਵਾਲਿਆਂ 'ਤੇ ਹਮੇਸ਼ਾ ਪਰਿਵਾਰਵਾਦ ਦਾ ਦੋਸ਼ ਲਾਉਣ ਵਾਲੀ ਭਾਰਤੀ ਜਨਤਾ ਪਾਰਟੀ ਹੁਣ ਪੰਜਾਬ ਵਿਚ ਇਸ ਬੀਮਾਰੀ ਦਾ ਸ਼ਿਕਾਰ ਹੋ ਗਈ ਹੈ। ਸਿਆਸਤ ਵਿਚ ਲੰਮੀ ਪਾਰੀ ਖੇਡ ਕੇ ਬਜ਼ੁਰਗ ਨੇਤਾ ਹੁਣ ਨਹਿਰੂ-ਗਾਂਧੀ ਦੀ ਤਰ੍ਹਾਂ ਪਰਿਵਾਰਵਾਦ ਨਾਲ ਗ੍ਰਸੇ ਹੋਏ ਹਨ ਅਤੇ ਆਪਣੇ ਬੱਚਿਆਂ ਲਈ ਟਿਕਟਾਂ ਦੀ ਮੰਗ ਕਰ ਰਹੇ ਹਨ ਤਾਕਿ ਸਿਆਸਤ ਵਿਚ ਦਖ਼ਲਅੰਦਾਜ਼ੀ ਬਣੀ ਰਹੇ ਅਤੇ ਸੱਤਾ ਦਾ ਸੁੱਖ ਮਿਲਦਾ ਰਹੇ।

ਸਾਬਕਾ ਭਾਜਪਾ ਪ੍ਰਧਾਨ ਪ੍ਰੋ. ਬ੍ਰਿਜ ਲਾਲ ਰਿਣਵਾ ਵੀ ਅਬੋਹਰ ਤੋਂ ਆਪਣੇ ਪੁੱਤਰ ਅਤੇ ਸੂਬਾ ਮੁੱਖ ਸਕੱਤਰ ਸੰਦੀਪ ਰਿਣਵਾ ਲਈ ਹੱਥ ਪੈਰ ਮਾਰ ਰਹੇ ਹਨ। ਰਿਣਵਾ ਦੇ ਕਾਰਜਕਾਲ ਵਿਚ ਭਾਜਪਾ ਨੇ ਚੋਣਾਂ ਵਿਚ ਵਧੀਆ ਪ੍ਰਦਰਸ਼ਨ ਕੀਤਾ ਸੀ ਅਤੇ ਪਾਰਟੀ ਅਤੇ ਸੰਘ ਦੇ ਸੀਨੀਅਰ ਆਗੂ ਉਨ੍ਹਾਂ ਦਾ ਲੋਹਾ ਅੱਜ ਵੀ ਮੰਨਦੇ ਹਨ। ਦਸਿਆ ਜਾਂਦਾ ਹੈ ਕਿ ਦਿੱਲੀ ਵਿਚ ਹੋਈਆਂ ਕਈ ਮੀਟਿੰਗਾਂ ਵਿਚ ਸ਼ਾਮਲ ਹੋਣ ਗਏ ਰਿਣਵਾ ਨੇ ਸੀਨੀਅਰ ਆਗੂਆਂ ਨਾਲ ਮੁਲਾਕਾਤ ਕਰ ਕੇ ਸੰਦੀਪ ਲਈ ਲਾਬਿੰਗ ਵੀ ਸ਼ੁਰੂ ਕਰ ਦਿਤੀ ਹੈ। ਬਜ਼ੁਰਗ ਰਿਣਵਾ ਪਾਰਟੀ ਦੇ ਬਿਹਤਰ ਮੈਨੇਜਰ ਸਾਬਤ ਹੋ ਚੁੱਕੇ ਹਨ ਅਤੇ ਹਾਈਕਮਾਨ ਦੀ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣ ਦੀ ਮੁਹਿੰਮ ਵਿਚ ਸ਼ਾਇਦ ਸੰਦੀਪ ਦਾ ਨੰਬਰ ਲੱਗ ਜਾਵੇ।

## ਰਿਣਵਾ, ਭਗਤ ਅਤੇ ਸਵਰਨਾ ਰਾਮ ਦੇ ਮੁੰਡੇ ਬਣੇ ਦਾਅਵੇਦਾਰ

ਜਲੰਧਰ ਦੱਖਣੀ ਤੋਂ ਚੋਣ ਜਿੱਤ ਕੇ ਗਠਜੋੜ ਸਰਕਾਰ ਦੇ ਦਫ਼ਤਰ ਵਿਚ ਆਖਰੀ ਦਿਨਾਂ ਵਿਚ ਵਿਧਾਨ ਸਭਾ ਦੇ ਡਿਪਟੀ ਸਪੀਕਰ ਬਣੇ ਭਗਤ ਚੂੰਨੀ ਲਾਲ ਵੀ ਬਜ਼ੁਰਗ ਹਨ ਅਤੇ ਆਪਣੇ ਮੁੰਡੇ ਮਹਿੰਦਰ ਭਗਤ ਲਈ ਯਤਨ ਕਰ ਰਹੇ ਹਨ। ਮਹਿੰਦਰ ਭਗਤ ਸਮਾਲ ਸਕੇਲ ਇੰਡਸਟਰੀ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਰਹਿ ਚੁਕੇ ਹਨ। ਇਹ ਸਾਰੇ ਨੇਤਾ ਆਪਣੇ ਬੱਚਿਆਂ ਨੂੰ ਅੱਗੇ ਵਧਾਉਣ ਲਈ ਯਤਨ ਕਰ ਰਹੇ ਹਨ ਪਰ ਹਾਈਕਮਾਨਕੁਝ ਅਜਿਹੇ ਕੱਦਵਾਰ ਪਾਰਟੀ ਨੇਤਾਵਾਂ ਨੂੰ ਅੱਗੇ ਲਿਆਉਣ ਦੀ ਯੁਗਤ ਵਿਚ ਹੈ, ਜਿਨ੍ਹਾਂ ਦਾ ਅਕਸ਼ ਸਾਫ਼ ਹੋਵੇ ਅਤੇ ਉਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਕੰਮ ਕੀਤਾ ਹੈ।

ਰਾਜ ਖੁਰਾਣਾ ਰਿਸ਼ਵਤ ਕਾਂਡ ਵਿਚ ਸੀ.ਬੀ.ਆਈ. ਦੀ ਨਜ਼ਰ ਟੇਢੀ ਹੋਣ ਤੋਂ ਬਾਅਦ ਮੰਤਰੀ ਦੇ ਅਹੁਦੇ ਤੋਂ ਹਟਾਏ ਗਏ ਸਵਰਨਾ ਰਾਮ ਸ਼ੁਰੂਆਤੀ ਦੌਰ ਵਿਚ ਕਾਫੀ ਤੱਤੇ ਰਹੇ ਪਰ ਹਾਈਕਮਾਨ ਦੇ ਸਖ਼ਤ ਤੇਵਰ ਦੇਖ ਕੇ ਉਨ੍ਹਾਂ ਨੂੰ ਸਮਝ ਆ ਗਿਆ ਕਿ ਸ਼ਾਇਦ ਹੀ ਪਾਰਟੀ ਇਸ ਵਾਰ ਉਨ੍ਹਾਂ ਨੂੰ ਟਿਕਟ ਨਾਲ ਨਵਾਜੇ। ਇਸ ਲਈ ਹੁਣ ਉਨ੍ਹਾਂ ਨੇ ਆਪਣੇ ਬੇਟੇ ਮਨਜੀਤ ਦੇ ਲਈ ਟਿਕਟ ਦੀ ਮੰਗ ਚੁੱਕ ਲਈ ਹੈ। ਦਲਿਤਾਂ ਅਤੇ ਪਛੜਿਆਂ ਦੀ ਰਾਜਨੀਤੀ ਕਰਨ ਵਾਲੇ ਸਵਰਨਾ ਰਾਮ ਇਸ ਵਿਰਾਸਤ ਨੂੰ ਅੱਗੇ ਵਧਾਉਣ ਦੀ ਚਾਹਤ ਰਖਦੇ ਹਨ ਅਤੇ ਪਾਰਟੀ ਵਿਚ ਵੀ ਉਨ੍ਹਾਂ ਪ੍ਰਤੀ ਨਰਮ ਗੋਸ਼ਾ ਰੱਖਣ ਵਾਲੇ ਲੋਕ ਹਨ।

## ਪੁੱਤਰ ਮੋਹ ਵਿਚ ਸ਼੍ਰੋਮਣੀ ਅਕਾਲੀ ਦਲ ਵੀ ਪਿੱਛੇ ਨਹੀਂ

ਰਾਜਪੁਰਾ, (ਨਦਬ) : ਕਾਂਗਰਸ 'ਤੇ ਪਰਿਵਾਰਵਾਦ ਦਾ ਦੋਸ਼ ਲਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਵੀ ਪੁੱਤਰ ਮੋਹ ਵਿਚ ਪਿੱਛੇ ਨਹੀਂ ਹੈ। ਪਾਰਟੀ ਦੇ ਕਈ ਵੱਡੇ ਲੀਡਰ ਹੁਣੇ ਤੋਂ ਹੀ ਆਪਣੇ ਬੱਚਿਆਂ ਦਾ ਰਾਜਨੀਤਕ ਭਵਿੱਖ ਸੰਵਾਰਨ ਵਿਚ ਲੱਗ ਗਏ ਹਨ। ਇਸ ਲਈ ਉਨ੍ਹਾਂ ਨੇ ਸਹਾਰਾ ਲਿਆ ਹੈ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਦਾ।

ਹਾਲਾਂਕਿ ਸ਼੍ਰੋਮਣੀ ਯੂਥ ਅਕਾਲੀ ਦਲ ਦੇ ਪ੍ਰਧਾਨ ਬਿਕਰਮਜੀਤ ਸਿੰਘ ਮਜੀਠੀਆ ਆਏ ਦਿਨ ਬਿਆਨ ਦਿੰਦੇ ਹਨ ਕਿ ਯੂਥ ਅਕਾਲੀ ਦਲ ਬਿਨਾ ਪੱਖਪਾਤ ਦੇ ਕੰਮ ਦੇ ਆਧਾਰ 'ਤੇ ਵਰਕਰਾਂ ਨੂੰ ਅਹੁਦੇ ਦੇ ਰਿਹਾ ਹੈ ਜਦਕਿ ਕਈ ਅਹਿਮ ਅਹੁਦੇ ਪਾਰਟੀ ਦੇ ਕੱਦਵਾਰ ਨੇਤਾਵਾਂ ਦੇ ਮੁੰਡਿਆਂ ਨੂੰ ਦਿਤੇ ਗਏ ਹਨ ਤਾਕਿ ਹੁਣੇ ਤੋਂ ਹੀ ਆਪਣੀ ਪੁਸ਼ਤੈਨੀ ਸਿਆਸਤ ਨੂੰ ਸੰਭਾਲ ਕੇ ਰਾਜਨੀਤੀ ਵਿਚ ਆਪਣੀਆਂ ਜੜ੍ਹਾਂ ਮਜ਼ਬੂਤ ਕੀਤੀਆਂ ਜਾ ਸਕਣ। ਇਸ ਵਿਚ ਪਹਿਲਾ ਨਾਮ ਸੀਨੀਅਰ ਅਕਾਲੀ ਨੇਤਾ ਅਤੇ ਸ਼੍ਰੋਮਣੀ ਅਕਾਲੀ ਦੇ ਮੁੱਖ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਦੇ ਬੇਟੇ ਹਰਿੰਦਰਪਾਲ ਸਿੰਘ ਚੰਦੂਮਾਜਰਾ ਦਾ ਆਉਂਦਾ ਹੈ। ਆਪਣੇ ਮੁੰਡੇ ਦਾ ਸਿਆਸੀ ਭਵਿੱਖ ਤਹਿ ਕਰਨ ਲਈ ਚੰਦੂਮਾਜਰਾ ਨੇ ਪਹਿਲਾਂ ਤਾਂ ਉਸ ਨੂੰ ਕੋਅਪਰੇਟਿਵ ਬੈਂਕ ਦਾ ਐਮ.ਡੀ. ਲਗਵਾਇਆ ਅਤੇ ਫਿਰ ਮਜੀਠੀਆ ਦੇ ਪ੍ਰਧਾਨ ਬਣਨ ਤੋਂ ਬਾਅਦ ਯੂਥ ਅਕਾਲੀ ਦਲ ਵਿਚ ਉਪ ਪ੍ਰਧਾਨ ਦਾ ਅਹੁਦਾ ਦਿਵਾ ਕੇ ਯੂਥ ਨੇਤਾ ਦੇ ਤੌਰ 'ਤੇ ਉਸ ਦੀ ਪਹਿਚਾਣ ਬਣਾਈ। ਇਸੇ ਤਰ੍ਹਾਂ ਸਾਬਕਾ ਮੇਅਰ ਹਰਮੇਲ ਸਿੰਘ ਟੌਹੜਾ ਦੇ ਮੁੰਡੇ ਹਰਿੰਦਰ ਟੌਹੜਾ ਨੂੰ ਮਾਰਕੀਟ ਕਮੇਟੀ ਦਾ ਕੰਮ ਕਾਰ ਸੌਂਪਿਆ ਗਿਆ ਅਤੇ ਯੂਥ ਦੇ ਨਵੇਂ ਸੰਗਠਨਾਤਮਕ ਢਾਂਚੇ ਵਿਚ ਅਹਿਮ ਅਹੁਦੇ ਨਾਲ ਵੀ ਨਿਵਾਜਿਆ ਗਿਆ। ਾਬਕਾ ਮੰਤਰੀ ਸੁਰਜੀਤ ਸਿੰਘ ਕੋਹਲੀ ਨੇ ਅਪਣੇ ਵੱਡੇ ਮੁੰਡੇ ਅਜੀਤਪਾਲ ਸਿੰਘ ਕੋਹਲੀ ਦਾ ਰਾਜਨੀਤਕ ਭਵਿੱਖ ਮਜ਼ਬੂਤ ਕਰਨ ਲਈ ਖੁਦ ਮੇਅਰ ਦੀ ਕੁਰਸੀ ਤਿਆਗ ਕੇ ਮੁੰਡੇ ਨੂੰ ਸੌਂਪ ਦਿਤੀ। ਇਸ ਤੋਂ ਇਲਾਵਾ ਯੂਥ ਅਕਾਲੀ ਦਲ ਵਿਚ ਸੀਨੀਅਰ ਸੀਨੀਅਰ ਉਪ ਪ੍ਰਧਾਨ ਦਾ ਅਹੁਦਾ ਵੀ ਦਿਵਾਇਆ।

## ਪਾਰਟੀ ਹੀ ਸਭ ਕੁਝ ਹੈ : ਬਾਦਲ

ਅਨੰਦਪੁਰ ਸਾਹਿਬ : ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਰਾਜਨੀਤੀ ਵਿਚ ਪਾਰਟੀ ਹੀ ਸਭ ਕੁਝ ਹੈ। ਪਾਰਟੀ ਤੋਂ ਉਪਰ ਕੋਈ ਨਹੀਂ ਹੈ। ਕਲ ਨੂੰ ਜੇ ਸੁਖਬੀਰ ਬਾਦਲ ਵੀ ਕੋਈ ਗਲਤੀ ਕਰੇ ਤਾਂ ਵੀ ਪਾਰਟੀ ਹੀ ਸਭ ਤੋਂ ਉਪਰ ਹੋਵੇਗੀ। ਉਨ੍ਹਾਂ ਨੇ ਮਨਪ੍ਰੀਤ ਬਾਦਲ ਦੇ ਮੁੰਡੇ ਦੇ ਰਾਜਨੀਤੀ ਵਿਚ ਆਉਣ ਸਬੰਧੀ ਕਿਹਾ ਕਿ ਇਹ ਚੰਗੀ ਗੱਲ ਹੈ ਜੇਕਰ ਉਹ ਪਾਰਟੀ ਵਿਚ ਆਉਂਦਾ ਹੈ। ਉਹ ਮੇਰੇ ਪਰਿਵਾਰ ਦਾ ਖ਼ੂਨ ਹੈ।

# ਪੰਜਾਬ ਚੋਣਾਂ 2012

### ਫੈਕਟ ਫਾਈਲ

ਪੰਜਾਬ ਰੀਆਰਗੇਨਾਈਜ਼ੇਸ਼ਨ 1966 ਤੋਂ ਪਹਿਲਾਂ

- ਅੱਜ ਜੋ ਚੰਡੀਗੜ੍ਹ ਹੈ ਉਹ ਪੰਜਾਬ ਦੇ ਅੰਬਾਲਾ ਜ਼ਿਲ੍ਹੇ ਦੀ ਤਹਿਸੀਲ ਖਰੜ ਦੇ ਮਨੀਮਾਜਰਾ ਅਤੇ ਮਨੌਲੀ ਕਾਨੂੰਨਗੋ ਖੇਤਰ ਦਾ ਹਿੱਸਾ ਸੀ।
- ਹਰਿਆਣਾ ਦੇ ਪ੍ਰਸਿੱਧ ਸ਼ਹਿਰ ਨਰਵਾਣਾ ਅਤੇ ਜੀਂਦ ਪੰਜਾਬ ਦੇ ਜ਼ਿਲ੍ਹਾ ਸੰਗਰੂਰ ਦੀਆਂ ਤਹਿਸੀਲਾਂ ਸਨ।
- ਹਿਮਾਚਲ ਦੇ ਜ਼ਿਲ੍ਹਾ ਕੁਲੂ, ਸ਼ਿਮਲਾ ਅਤੇ ਲਾਹੌਲ ਤੇ ਸਪਿਤੀ ਵੀ ਪੰਜਾਬ ਵਿਚ ਹੀ ਸਨ।

# ਤੁਹਾਡੀ ਵੀ ਜੈ-ਜੈ ਸਾਡੀ ਵੀ ਜੈ-ਜੈ

ਰਾਜਨੀਤੀ ਅੱਜ ਇਕ ਪ੍ਰੋਫੈਸ਼ਨ ਹੋ ਗਿਆ ਹੈ ਜੋ ਪੀੜ੍ਹੀ ਦਰ ਪੀੜ੍ਹੀ ਖਾਨਦਾਨੀ ਕੰਮਕਾਜ ਦੀ ਤਰ੍ਹਾਂ ਅੱਗੇ ਵੱਧ ਰਿਹਾ ਹੈ। ਇਸ ਲਈ ਰਾਜਨੀਤਕ ਵਾਰਸਾਂ ਦਾ ਮੈਦਾਨ ਵਿਚ ਆਉਣਾ ਜਾਰੀ ਹੈ। ਰਾਜਨੀਤਕ ਵਿਰਾਸਤ ਬਚਾਉਣ ਲਈ ਰਾਜਿਆਂ ਦੀ ਤਰ੍ਹਾਂ ਰੋਟੀ ਬੇਟੀ ਦਾ ਰਿਸ਼ਤਾ ਜੋੜਨਾ ਵੀ ਆਮ ਹੈ। ਪੰਜਾਬ ਤੋਂ ਰਾਜਤੰਤਰ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਖ਼ਤਮ ਹੋ ਗਿਆ ਪਰ ਸੱਤਾ ਅੱਜ ਵੀ ਕੁਝ ਪਰਿਵਾਰਾਂ ਵਿਚ ਹੀ ਘੁੰਮ ਰਹੀ ਹੈ। ਬਿਲਕੁਲ ਮਿਊਜ਼ੀਕਲ ਚੇਅਰ ਰੇਸ ਦੀ ਤਰ੍ਹਾਂ।

## ਦੋ ਨਾਮਜ਼ਦਗੀਆਂ ਵਾਲੇ ਮਾਨ

ਗੱਲ ਉਸ ਸਮੇਂ ਦੀ ਹੈ ਜਦੋਂ ਸਾਲ 2002 ਵਿਚ ਕਾਂਗਰਸ ਨੇ ਜੋਗਿੰਦਰ ਸਿੰਘ ਮਾਨ ਦੀ ਥਾਂ ਨਵੇਂ ਚਿਹਰੇ ਬਲਬੀਰ ਰਾਜਾ ਸੋਢੀ ਨੂੰ ਟਿਕਟ ਦੇ ਦਿਤੀ। ਮਾਨ ਨੇ ਆਜ਼ਾਦ ਚੋਣ ਲੜਨ ਦਾ ਐਲਾਨ ਕਰ ਦਿਤਾ। ਮਾਨ ਨੇ ਸਮਰਥਕ ਇਕੱਠੇ ਕੀਤੇ ਅਤੇ ਚੋਣ ਅਧਿਕਾਰੀ ਦੇ ਦਫ਼ਤਰ ਵੱਲ ਚਲ ਪਏ। ਮਾਨ ਦੇ ਹੱਥ ਵਿਚ ਨਾਮਜ਼ਦਗੀ ਵਾਲੀਆਂ ਦੋ ਫਾਈਲਾਂ ਸਨ, ਜਿਨ੍ਹਾਂ ਵਿਚੋਂ ਇਕ ਵਿਚ ਉਨ੍ਹਾਂ ਨੇ ਬਤੌਰ ਕਾਂਗਰਸ ਉਮੀਦਵਾਰ ਅਤੇ ਦੂਜੀ ਵਿਚ ਆਜ਼ਾਦ ਉਮੀਦਵਾਰ ਦੇ ਰੂਪ ਵਿਚ ਨਾਮਜ਼ਦਗੀ ਫਾਰਮ ਭਰਿਆ ਸੀ। ਮਾਨ ਦਾ ਕਾਫਲਾ ਵੱਧ ਰਿਹਾ ਸੀ ਤਾਂ ਉਨ੍ਹਾਂ ਦੇ ਮੋਬਾਈਲ 'ਤੇ ਦਿੱਲੀ ਤੋਂ ਸੰਦੇਸ਼ ਆਇਆ ਕਿ ਉਨ੍ਹਾਂ ਨੂੰ ਕਾਂਗਰਸ ਦੀ ਟਿਕਟ ਦੇ ਦਿਤੀ ਗਈ ਹੈ। ਮਾਨ ਅਤੇ ਉਨ੍ਹਾਂ ਦੇ ਸਮਰਥਕ ਖੁਸ਼ੀ ਨਾਲ ਭੰਗੜੇ ਪਾਉਣ ਲੱਗੇ। ਦੇਖਦੇ ਹੀ ਦੇਖਦੇ ਉਨ੍ਹਾਂ ਦੇ ਹੱਥਾਂ ਵਿਚ ਕਾਂਗਰਸ ਦੇ ਝੰਡੇ ਆ ਗਏ ਤੇ ਉਹ ਚੋਣ ਜਿੱਤ ਵੀ ਗਏ।

### ਵੋਟਰਾਂ ਦੀ ਆਵਾਜ਼

ਅਜਿਹੇ ਉਮੀਦਵਾਰ ਨੂੰ ਚੁਣੋ, ਜੋ ਆਪਣੀ ਸਕਿਊਰਿਟੀ ਦੀ ਚਿੰਤਾ ਨਾ ਕਰੇ। ਬਿਨਾਂ ਸਕਿਊਰਿਟੀ ਦੇ ਲੋਕਾਂ ਵਿਚ ਜਾ ਕੇ ਉਨ੍ਹਾਂ ਦੀ ਗੱਲ ਸੁਣੇ। ਵੀ.ਆਈ.ਪੀ. ਕਲਚਰ ਵਾਲੇ ਤੋਂ ਉਮੀਦ ਕਰਨਾ ਬੇਕਾਰ ਹੈ।

ਜਤਿੰਦਰ ਕੁਮਾਰ, ਪਟਿਆਲਾ

ਬਾਦਲ ਸਰਕਾਰ ਅਤੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੇ ਕਾਰਜਕਾਲ ਵਿਚ ਹੋਏ ਵਿਕਾਸ ਦੀ ਤੁਲਨਾ ਕਰੋ। ਜਿਸ ਨੇ ਵਧੀਆ ਕੰਮ ਕੀਤਾ , ਉਸ ਨੂੰ ਹੀ ਚੁਣੋ। ਜੇਕਰ ਦੋਵਾਂ ਨੇ ਖਾਸ ਨਹੀਂ ਕੀਤਾ ਤਾਂ ਕਿਸੇ ਹੋਰ ਨੂੰ ਮੌਕਾ ਦਿਉ।

ਸੰਦੀਪ, ਜਲੰਧਰ

ਕੋਈ ਵੀ ਸਹੀ ਨਹੀਂ ਹੈ। ਲੋਕਾਂ ਨੂੰ ਆਪਣੇ ਲਈ ਖੁਦ ਹੀ ਲੜਨਾ ਪਵੇਗਾ। ਸਾਰੇ ਸਹੁੰ ਖਾਣ ਕਿ ਪਰਿਵਾਰ ਵਿਚ ਇਕ ਹੀ ਬੱਚਾ ਪੈਦਾ ਹੋਵੇ। ਪਰਿਵਾਰ ਛੋਟਾ ਹੋਵੇਗਾ ਤਾਂ ਜ਼ਰੂਰਤਾਂ ਘੱਟ ਹੋਣਗੀਆਂ, ਸਮਾਜ ਵਿਚ ਸੁਧਾਰ ਹੋ ਜਾਵੇਗਾ।

ਗੁਰਵਿੰਦਰ ਸਿੰਘ ਰੋਮੀ, ਰੋਪੜ

ਪ੍ਰਾਈਵੇਟ ਸਕੂਲ ਹਜ਼ਾਰਾਂ ਰੁਪਏ ਫੀਸ ਲੈ ਕੇ ਜਨਤਾ ਦੀ ਲੁੱਟ ਕਰ ਰਹੇ ਹਨ। ਸਰਕਾਰੀ ਸਕੂਲ ਬੰਦ ਹੋ ਰਹੇ ਹਨ। ਅਜਿਹੇ ਉਮੀਦਵਾਰ ਚੁਣੋ, ਜੋ ਸਿਖਿਆ ਦੇ ਢਾਂਚੇ ਵਿਚ ਸੁਧਾਰ ਲਿਆਉਣ ਦਾ ਪ੍ਰਣ ਕਰਨ। ਸਾਡੇ ਬੱਚੇ ਉਚ ਸਿਖਿਆ ਤੋਂ ਵਾਂਝੇ ਹੋ ਗਏ ਹਨ।

ਹਰਪ੍ਰੀਤ ਸਿੰਘ ਮੱਕੜ, ਲੁਧਿਆਣਾ

ਅਕਾਲੀ, ਕਾਂਗਰਸ ਨੂੰ ਲੋਕ ਪਰਖ ਚੁੱਕੇ ਹਨ, ਕਿਸੇ ਨੇ ਵੀ ਸਹੀ ਰਸਤਾ ਨਹੀਂ ਦਿਖਾਇਆ। ਨਵੇਂ ਚਿਹਰਿਆਂ ਨੂੰ ਮੌਕਾ ਦਿਤਾ ਜਾਣਾ ਚਾਹੀਦਾ ਹੈ। ਵੋਟਰ ਨੂੰ ਉਮੀਦਵਾਰ ਨੂੰ ਨਕਾਰਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ।

ਸੰਜੀਵ ਕਾਂਸਲ, ਮੁੱਲਾਂਪੁਰ ਲੁਧਿਆਣਾ

### ਪ੍ਰਤਾਪ ਸਿੰਘ ਕੈਰੋਂ ਦਾ ਪਰਿਵਾਰ

ਪ੍ਰਤਾਪ ਸਿੰਘ ਕੈਰੋਂ ਪੰਜਾਬ ਦੇ ਪਹਿਲੇ ਸਿੱਖ ਮੁੱਖ ਮੰਤਰੀ ਸਨ। ਲਗਾਤਾਰ ਅੱਠ ਸਾਲ ਤਕ ਮੁੱਖ ਮੰਤਰੀ ਬਣੇ ਰਹਿਣ ਦਾ ਰਿਕਾਰਡ ਉਹਨਾਂ ਦਾ ਹੀ ਹੈ। ਇਨ੍ਹਾਂ ਦੇ ਸਿਆਸੀ ਵਾਰਸ ਬਣੇ ਇਨ੍ਹਾਂ ਦੇ ਬੇਟੇ ਸੁਰਿੰਦਰ ਸਿੰਘ ਕੈਰੋਂ ਅਤੇ ਹੁਣ ਸੁਰਿੰਦਰ ਸਿੰਘ ਦੇ ਬੇਟੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਮੰਤਰੀ ਹਨ, ਜਦਕਿ ਉਨ੍ਹਾਂ ਦੇ ਪਿਤਾ ਅਤੇ ਦਾਦਾ ਜੀ ਕੱਟੜ ਕਾਂਗਰਸੀ ਸਨ।

### ਪ੍ਰਕਾਸ਼ ਸਿੰਘ ਬਾਦਲ ਦਾ ਪਰਿਵਾਰ

ਚਾਰ ਵਾਰ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦਾ ਬੇਟਾ ਸੁਖਬੀਰ ਸਿੰਘ ਬਾਦਲ ਪਾਰਟੀ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਹੈ। ਸੁਖਬੀਰ ਦੀ ਪਤਨੀ ਹਰਸਿਮਰਤ ਕੌਰ ਬਾਦਲ ਸੰਸਦ ਮੈਂਬਰ ਹੈ। ਹਰਸਿਮਰਤ ਦੇ ਪਿਤਾ ਸਤਿਆਜੀਤ ਸਿੰਘ ਮਜੀਠੀਆ ਭਾਰਤ ਦੇ ਪਹਿਲੇ ਡਿਪਟੀ ਡਿਫੈਂਸ ਮਨਿਸਟਰ ਸਨ। ਸਤਿਆਜੀਤ ਸਿੰਘ ਦਾ ਬੇਟਾ ਬਿਕਰਮਜੀਤ ਸਿੰਘ ਮਜੀਠੀਆ ਵੀ ਮੰਤਰੀ ਰਹਿ ਚੁੱਕਾ ਹੈ ਅਤੇ ਹੁਣ ਵਿਧਾਇਕ ਹੈ। ਮਜੀਠੀਆ ਪਰਿਵਾਰ ਦੀ ਸਿਆਸੀ ਸ਼ੁਰੂਆਤ ਕਾਂਗਰਸ ਤੋਂ ਹੋਈ ਸੀ।

### ਹਰਚਰਨ ਸਿੰਘ ਬਰਾੜ ਦਾ ਪਰਿਵਾਰ

ਬੇਅੰਤ ਸਿੰਘ ਦੀ ਮੌਤ ਤੋਂ ਬਾਅਦ ਹਰਚਰਨ ਸਿੰਘ ਬਰਾੜ ਪੰਜਾਬ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਦੀ ਬੇਟੀ ਬਬਲੀ ਬਰਾੜ ਵੀ ਸਿਆਸਤ ਵਿਚ ਹੈ। ਬੇਟਾ ਸੰਨੀ ਬਰਾੜ ਸਿਆਸਤ ਵਿਚ ਨਹੀਂ ਹੈ ਪਰ ਉਨ੍ਹਾਂ ਦੀ ਰਿਸ਼ਤੇਦਾਰੀ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਨਾਲ ਹੈ।



### ਕੈਪਟਨ ਅਮਰਿੰਦਰ ਸਿੰਘ ਦਾ ਪਰਿਵਾਰ

ਅਮਰਿੰਦਰ ਸਿੰਘ ਇਕ ਵਾਰ ਮੁੱਖ ਮੰਤਰੀ ਰਹਿ ਚੁੱਕੇ ਹਨ। ਉਨ੍ਹਾਂ ਦੀ ਪਤਨੀ ਪਰਨੀਤ ਕੌਰ ਕੇਂਦਰ ਵਿਚ ਵਿਦੇਸ਼ ਰਾਜ ਮੰਤਰੀ ਹਨ। ਇਨ੍ਹਾਂ ਦੇ ਬੇਟੇ ਰਣਇੰਦਰ ਸਿੰਘ ਸਿਆਸਤ ਵਿਚ ਹਨ ਅਤੇ ਲੋਕ ਸਭਾ ਚੋਣਾਂ ਵਿਚ ਬਠਿੰਡਾ ਤੋਂ ਹਾਰ ਚੁੱਕੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਭਰਾ ਕਾਂਗਰਸ ਵਿਚ ਸਰਗਰਮ ਭੂਮਿਕਾ ਨਿਭਾ ਰਹੇ ਹਨ।

### ਬਲਦੇਵ ਸਿੰਘ ਦਾ ਪਰਿਵਾਰ

ਬਲਦੇਵ ਸਿੰਘ ਭਾਰਤ ਦੇ ਪਹਿਲੇ ਰੱਖਿਆ ਮੰਤਰੀ ਸਨ। ਉਨ੍ਹਾਂ ਦੇ ਬੇਟੇ ਸੁਰਜੀਤ ਸਿੰਘ ਵੀ ਸਿਆਸਤ ਵਿਚ ਰਹੇ। ਸੁਰਜੀਤ ਸਿੰਘ ਦੇ ਭਰਾ ਰਵੀਇੰਦਰ ਸਿੰਘ ਕਦੇ ਬਾਦਲ ਦੇ ਖ਼ਾਸਮਖ਼ਾਸ ਅਤੇ ਅਕਾਲੀ ਦਲ ਦੀ ਸਰਕਾਰ ਦੇ ਸਪੀਕਰ ਰਹਿ ਚੁੱਕੇ ਹਨ। ਹੁਣ ਉਨ੍ਹਾਂ ਦੀ ਵੱਖਰੀ ਪਾਰਟੀ ਹੈ।

### ਬੇਅੰਤ ਸਿੰਘ ਦਾ ਪਰਿਵਾਰ

ਅੱਤਵਾਦ ਦੇ ਦੌਰ ਸਮੇਂ ਬੇਅੰਤ ਸਿੰਘ ਪੰਜਾਬ ਦੇ ਮੁੱਖ ਮੰਤਰੀ ਬਣੇ। ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਬੇਟੇ ਤੇਜ ਪ੍ਰਕਾਸ਼ ਸਿੰਘ, ਬੇਟੀ ਗੁਰਕੰਵਲ ਕੌਰ ਵੀ ਸਿਆਸਤ ਵਿਚ ਆਏ। ਗੁਰਕੰਵਲ ਕੌਰ ਅਮਰਿੰਦਰ ਸਿੰਘ ਸਰਕਾਰ ਵਿਚ ਮੰਤਰੀ ਰਹਿ ਚੁੱਕੀ ਹੈ। ਲੋਕ ਸਭਾ ਚੋਣਾਂ 2009 ਵਿਚ ਬੇਅੰਤ ਸਿੰਘ ਦੇ ਪੋਤੇ ਰਵਨੀਤ ਸਿੰਘ ਬਿੱਟੂ ਵੀ ਸਿਆਸਤ ਵਿਚ ਉਤਰੇ ਅਤੇ ਹੁਣ ਸੰਸਦ ਮੈਂਬਰ ਹਨ।

ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕ੍ਰਮਵਾਰ ਪਰਨੀਤ ਕੌਰ ਅਤੇ ਗੀਤਿੰਦਰ (ਦੋਵੇਂ ਭੈਣਾਂ) ਨਾਲ ਵਿਆਹ ਕੀਤਾਂ ਤਾਂ ਦੋਵੇਂ ਸਾਂਢੂ ਹੋ ਗਏ। ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੇ ਪ੍ਰਤਾਪ ਸਿੰਘ ਕੈਰੋਂ ਦੇ ਦੀ ਭਤੀਜੀ ਨਾਲ ਵਿਆਹ ਕਰਵਾਇਆ ਜਦਕਿ ਕੈਰੋਂ ਦੇ ਪੋਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਪ੍ਰਕਾਸ਼ ਸਿੰਘ ਬਾਦਲ ਦੀ ਬੇਟੀ ਨਾਲ ਵਿਆਹ ਕਰਵਾਇਆ ਹੈ। ਕੈਰੋਂ ਅਤੇ ਬਾਦਲ ਅਸਲ ਵਿਚ ਢਿੱਲੋਂ ਗੋਤ ਵਿਚੋਂ ਹਨ। 60 ਦੇ ਦਹਾਕੇ ਵਿਚ ਹੋਏ ਇਨ੍ਹਾਂ ਵਿਆਹਾਂ ਨੇ ਉਦੋਂ ਹੀ ਤਹਿ ਕਰ ਦਿਤਾ ਸੀ ਕਿ ਭਵਿੱਖ ਵਿਚ ਸਿਆਸੀ ਸੱਤਾ ਉਨ੍ਹਾਂ ਦੇ ਪਰਿਵਾਰਾਂ ਵਿਚ ਹੀ ਘੁੰਮੇਗੀ ਅਤੇ ਇਹ ਅੱਜ ਤਕ ਜਾਰੀ ਹੈ।

ਇਧਰ ਬਰੜ ਦਾ ਬੇਟਾ ਸੰਨੀ ਬਰਾੜ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਭਰਾ ਮਾਲਵਿੰਦਰ ਸਿੰਘ ਦੋਵੇਂ ਸਾਂਢੂ ਹਨ। ਇਹ ਦੋਵੇਂ ਦਿੱਲੀ ਦੇ ਵਪਾਰੀ ਐਸ.ਪੀ.ਐਸ. ਮਾਨ ਦੀਆਂ ਬੇਟੀਆਂ ਨਾਲ ਵਿਆਹੇ ਹੋਏ ਹਨ।

ਬਾਦਲ, ਕੈਰੋਂ ਅਤੇ ਬਰਾੜ ਸਾਰੇ ਆਪਸ ਵਿਚ ਰਿਸ਼ਤੇਦਾਰ ਹਨ। ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੇ ਪ੍ਰਤਾਪ ਸਿੰਘ ਕੈਰੋਂ ਦੇ ਭਰਾ ਜਸਵੰਤ ਸਿੰਘ ਦੀ ਬੇਟੀ ਗੁਰਵਿੰਦਰ ਰਾਣੋ ਨਾਲ ਵਿਆਹ ਕਰਵਾਇਆ। ਇਸ ਤਰ੍ਹਾਂ ਆਦੇਸ਼ ਪ੍ਰਤਾਪ ਹਰਚਰਨ ਸਿੰਘ ਬਰਾੜ ਦੇ ਭਤੀਜੇ ਹੋਏ। ਬਰਾੜ ਦੀ ਬੇਟੀ ਬਬਲੀ ਬਰਾੜ ਇਕ ਵਾਰ ਸੁਖਬੀਰ ਬਾਦਲ ਵਿਰੁਧ ਚੋਣ ਲੜ ਚੁੱਕੀ ਹੈ।

ਕਾਂਗਰਸੀ ਮੁੱਖ ਮੰਤਰੀ ਕੈਰੋਂ ਦਾ ਪੋਤਾ ਆਦੇਸ਼ ਪ੍ਰਤਾਪ ਸਿੰਘ ਕੈਰੋਂ ਵੈਸੇ ਤਾਂ ਕਾਂਗਰਸ ਵਿਚ ਸਨ ਪਰ ਬਾਦਲ ਪਰਿਵਾਰ ਨਾਲ ਰਿਸ਼ਤੇਦਾਰੀ ਬਣਦਿਆਂ ਹੀ ਉਹ ਵੀ ਸ਼੍ਰੋਮਣੀ ਅਕਾਲੀ ਦਲ ਵਿਚ ਚਲੇ ਗਏ। ਸੁਖਬੀਰ ਬਾਦਲ ਦੀ ਭੈਣ ਦਾ ਵਿਆਹ ਕੈਰੋਂ ਪਰਿਵਾਰ ਵਿਚ ਹੋਇਆ ਤਾਂ ਖੁਦ ਸੁਖਬੀਰ ਦਾ ਵਿਆਹ ਸਤਿਆਜੀਤ ਸਿੰਘ ਮਜੀਠੀਆ ਦੀ ਬੇਟੀ ਹਰਸਿਮਰਤ ਕੌਰ ਨਾਲ ਹੋਇਆ।

ਸਤਿਆਜੀਤ ਸਿੰਘ, ਨਹਿਰੂ ਮੰਤਰੀ ਮੰਡਲ ਵਿਚ ਡਿਪਟੀ ਡਿਫੈਂਸ ਮਨਿਸਟਰ ਰਹੇ ਹਨ। ਐਨਾ ਹੀ ਨਹੀਂ ਬਾਦਲ ਦੀ ਚਚੇਰੀ ਭੈਣ ਦਾ ਵਿਆਹ ਸਾਬਕਾ ਰੱਖਿਆ ਮੰਤਰੀ ਬਲਦੇਵ ਸਿੰਘ ਦੇ ਬੇਟੇ ਸੁਰਜੀਤ ਸਿੰਘ ਨਾਲ ਹੋਇਆ। ਰਵੀਇੰਦਰ ਸਿੰਘ ਜੋ ਕਦੇ ਬਾਦਲ ਦੇ ਬਹੁਤ ਕਰੀਬੀ ਸਨ, ਜਿਨ੍ਹਾਂ ਨੇ ਬਾਅਦ ਵਿਚ 1920 ਅਕਾਲੀ ਦਲ ਦਾ ਗਠਨ ਕੀਤਾ, ਸੁਰਜੀਤ ਸਿੰਘ ਦੇ ਹੀ ਭਰਾ ਹਨ।





# ਵਿਰਾਸਤ-ਏ-ਖ਼ਾਲਸਾ

## ਵਿਰਾਸਤ ਦੇ ਅਨਮੋਲ ਖ਼ਜ਼ਾਨੇ ਅਤੇ ਅਨੂਠੀ ਦਿੱਖ ਵਾਲਾ ਹੈ ਇਹ ਅੱਠਵਾਂ ਅਜੂਬਾ!



ਅਮਰਪਾਲ ਸਿੰਘ ਬੈਂਸ
+91-98156-21244
bainsa44@gmail.com

ਪੰਜਾਬੀਆਂ ਅਤੇ ਖਾਸ ਕਰਕੇ ਸਿੱਖਾਂ ਦੀ ਇਹ ਤਰਾਸਦੀ ਰਹੀ ਹੈ ਕਿ ਉਹ ਵਿਰਾਸਤ ਦੇ ਅਨਮੋਲ ਖਜ਼ਾਨਿਆਂ ਨੂੰ ਸੰਭਾਲਣ ਵਿਚ ਨਾਕਾਮ ਰਹੇ ਰਹੇ ਹਨ। ਹੁਣ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਖਾਲਸਾਈ ਵਿਰਾਸਤ ਨੂੰ ਸਾਂਭ ਕੇ ਰੱਖਣ ਲਈ ਖਾਲਸਾ ਹੈਰੀਟੇਜ ਕੰਪਲੈਕਸ ਬਨਾਉਣ ਦੀ ਵਿਉਂਤ ਸਿਰੇ ਚੜ੍ਹੀ ਹੈ।

ਸਿੱਖਾਂ ਦੇ ਪੰਜ ਸੌ ਸਾਲਾ ਇਤਿਹਾਸ ਨੂੰ ਦਰਸਾਉਂਦਾ ਅਤੇ ਸੌ ਏਕੜ ਰਕਬੇ ਵਿੱਚ ਫੈਲਿਆ ਖਾਲਸਾ ਵਿਰਾਸਤ ਕੇਂਦਰ ਆਪਣੀ ਕਿਸਮ ਦਾ ਪਹਿਲਾ ਅਜਿਹਾ ਅਜਾਇਬ ਘਰ ਹੈ ਜੋ ਕਿ ਦੁਨੀਆ ਦੇ ਅਜੂਬਿਆਂ ਵਿੱਚ ਸ਼ੁਮਾਰ ਹੋਣ ਦਾ ਮਾਦਾ ਰੱਖਦਾ ਹੈ। ਅਨੰਦਪੁਰ ਸਾਹਿਬ ਫਾਊਂਡੇਸ਼ਨ ਦੀ ਨਿਗਰਾਨੀ ਵਿੱਚ ਉਸਾਰੇ ਗਏ ਇਸ ਕੇਂਦਰ 'ਤੇ ਲੱਗਭੱਗ ਤਿੰਨ ਸੌ ਕਰੋੜ ਰੁਪਿਆ ਖਰਚਿਆ ਜਾ ਚੁੱਕਾ ਹੈ। ਕੇਂਦਰ ਦੇ ਮੱਠੀ ਚਾਲ ਚਲ ਰਹੇ ਨਿਰਮਾਣ ਕਾਰਜ ਕਾਰਨ ਤੇਰ੍ਹਾ ਸਾਲ ਦੇ ਲੰਮੇ ਇਤਰਾਲ ਤੋਂ ਬਾਅਦ ਇਸ ਪ੍ਰਾਜੈਕਟ ਦੇ ਪਹਿਲੇ ਪੜਾਅ ਦਾ 25 ਨਵੰਬਰ 2011 ਨੂੰ ਉਦਘਾਟਨ ਕਰਕੇ ਇਸਨੂੰ ਸੰਗਤਾਂ ਲਈ ਖੋਲ ਦਿੱਤਾ ਗਿਆ ਹੈ। ਇਸ ਪੜਾਅ ਵਿੱਚ ਗੁਰੂ ਸਾਹਿਬਾਨ ਦੇ ਜੀਵਨ ਤੇ ਪੁਰਾਤਨ ਪੰਜਾਬ ਨੂੰ ਰੂਪਮਾਨ ਕੀਤਾ ਗਿਆ ਹੈ।

ਕੰਪਲੈਕਸ ਦੇ ਖੱਬੇ ਪਾਸੇ ਬਣੀ ਫੁੱਲਨੁਮਾ ਇਮਾਰਤ ਨਾਰਥ ਵਿੰਗ ਪੰਜ ਪਿਆਰਿਆ ਨੂੰ ਸਮਰਪਿਤ ਕਰਨ ਦੀ ਕੋਸ਼ਿਸ ਕੀਤੀ ਗਈ ਹੈ। ਇਮਾਰਤ ਦੇ ਕੁਲ ਗਿਆਰਾਂ ਹਿੱਸੇ ਦਸ ਗੁਰੂਆਂ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਧਿਆਨ ਵਿਚ ਰੱਖਦੇ ਹੋਏ ਡਿਜ਼ਾਇਨ ਕੀਤੇ ਗਏ ਹਨ।

ਵਿਸ਼ਵ ਪ੍ਰਸਿਧ ਆਰਕੀਟੈਕਟ ਮੋਸ਼ੇ ਸੈਫਦੀ ਦੁਆਰਾ ਡਿਜ਼ਾਇਨ ਕੀਤੀ ਗਈ ਇਸ ਵਿਲੱਖਣ ਏਅਰਕੰਡੀਸਨਡ ਇਮਾਰਤ ਦੇ ਦੋ ਪ੍ਰਵੇਸ਼ ਦੁਆਰ ਹਨ। ਏ.ਬੀ.ਦਿਜ਼ਾਇਨ ਹੈਬਿਟ ਕੰਪਨੀ ਦੁਆਰਾ ਤਿਆਰ ਕੀਤੇ ਗਏ ਇਨ੍ਹਾਂ ਦੁਆਰਾ ਰਾਹੀਂ ਕਿਲਾ ਅਨੰਦਗੜ੍ਹ ਸਾਹਿਬ ਵਾਲੇ ਪਾਸੇ ਤੋਂ ਸੰਗਤ ਪੈਦਲ ਦਾਖ਼ਲ ਹੋ ਸਕੇਗੀ ਜਦਕਿ ਦੂਜੇ ਪਾਸੇ ਤੋਂ ਵਾਹਨਾਂ ਰਾਹੀਂ ਆਉਣ ਵਾਲੇ ਲੋਕੀ ਇਸ ਕੇਂਦਰ ਵਿੱਚ ਦਾਖ਼ਲ ਹੋ ਸਕਣਗੇ। ਦੋਵੇਂ ਪਾਸੇ ਤੋਂ ਆਉਣ ਵਾਲੀ ਸੰਗਤ ਇਮਾਰਤ ਦੇ ਵਿਚਕਾਰ ਬਣੀ ਐਂਟਰਸ ਲਾਬੀ ਵਿੱਚ ਆ ਕੇ ਇਕੱਠੀ ਹੋ ਜਾਵੇਗੀ। ਇੱਥੋਂ ਇਸ ਵਿਰਾਸਤ ਕੇਂਦਰ ਵਿੱਚ ਗੈਲਰੀਆਂ ਦੀ ਸ਼ੁਰੂਆਤ ਹੋਵੇਗੀ। ਕਿਸ਼ਤੀ ਦੀ ਸ਼ਕਲ ਵਿੱਚ ਤਿਆਰ ਕੀਤੀ ਗਈ ਇਸ ਇਮਾਰਤ ਵਿੱਚ ਉਚ ਤਕਨੀਕ ਨਾਲ ਤਿਆਰ ਕੀਤੀਆਂ ਪੇਂਟਿੰਗਜ਼ ਲਗਾਈਆਂ ਗਈਆਂ ਹਨ ਜਿਨ੍ਹਾ ਵਿੱਚ ਗੁਰੂ ਕਾਲ ਤੋਂ ਪਹਿਲਾਂ ਵਾਲੇ ਪੰਜਾਬ ਨੂੰ ਦਰਸਾਇਆ ਗਿਆ ਹੈ। ਇਨ੍ਹਾਂ ਪੇਂਟਿੰਗਜ਼ ਵਿੱਚ ਪੂਰੇ ਸਾਲ ਦੇ ਮੌਸਮ ਅਤੇ ਤਿਓਹਾਰ ਦਿਖਾਏ ਗਏ ਹਨ ਅਤੇ ਨਾਲ ਹੀ ਪੂਰਾ ਦਿਨ ਰਾਤ ਦਿਖਾਇਆ ਗਿਆ ਹੈ। ਇਸ ਇਮਾਰਤ ਦੇ ਹੇਠਾਂ ਪਾਣੀ ਹੈ ਜਦਕਿ ਛੱਤ ਵਾਲੇ ਪਾਸੇ ਸ਼ੀਸ਼ਾ ਲੱਗਿਆ ਹੋਇਆ ਹੈ। ਜਦੋਂ ਛੱਤ ਦੇ ਉਤੋਂ ਜਾ ਕੇ ਦੇਖਿਆ ਜਾਂਦਾ ਹੈ ਤਾਂ ਉਥੇ ਵੀ ਪਾਣੀ ਖੜਾ ਕੀਤਾ ਗਿਆ ਹੈ। ਇਸ ਪਾਣੀ ਵਿੱਚੋਂ ਸਾਹਮਣੇ ਖੜੇ ਪੁਰਾਤਨ ਕਿਲ੍ਹੇ ਨੂੰ ਦੇਖਿਆ ਜਾ ਸਕਦਾ ਹੈ। ਅਗਲੀ ਗੈਲਰੀ ਵਿੱਚ ਲੋਕਾਂ ਲਈ ਸਾਰਾ ਵਿਰਾਸਤ ਕੇਂਦਰ ਘੁੰਮਣ ਲਈ ਆਡੀਓ ਗਾਈਡਜ਼ ਮੁਹੱਈਆ ਕਰਵਾਏ ਜਾਣਗੇ। ਇੱਥੇ ਲੱਗੀਆਂ ਪੇਂਟਿੰਗਜ਼ ਪੰਦਰਵੀਂ ਸਦੀ ਤੱਕ ਦੀਆ ਰਵਾਇਤਾਂ ਨੂੰ ਦਰਸਾਉਂਦੀਆਂ ਹਨ। ਇਸ ਤੋਂ ਬਾਅਦ ਡਰੀਮ ਬਿਲਡਿੰਗ ਹਜ਼ਾਰਾਂ ਕ੍ਰਿਸਟਿਲ ਬਹੁਤ ਹੀ ਬਾਰੀਕੀ ਨਾਲ ਇਸ ਤਰ੍ਹਾਂ ਪਰੋਏ ਗਏ ਹਨ ਕਿ ਉਥੇ ੧ਓ ਬਣਿਆ ਹੋਇਆ ਹੈ। ਚਾਰੇ ਪਾਸੇ ਹਨੇਰ੍ਹੇ ਵਿੱਚ ੧ਓ ਹੀ ਨਜ਼ਰ ਪੈਂਦਾ ਹੈ। ਅਗਲੀ ਗੈਲਰੀ ਦੀ ਸ਼ੁਰੂਆਤ ਵਿੱਚ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਝਾਤ ਪਾਈ ਗਈ ਹੈ ਅਤੇ ਉਨ੍ਹਾਂ ਦੇ ਜੀਵਨ ਦੇ ਅਹਿਮ



ਪਹਿਲੂਆਂ ਨੂੰ ਦਰਸਾਇਆ ਗਿਆ ਹੈ। ਇਸ ਤੋਂ ਅਗਲੀ ਗੈਲਰੀ ਵੀ ਗੁਰੂ ਸਾਹਿਬ ਬਾਰੇ ਹੀ ਹੈ। ਇਸ ਗੈਲਰੀ ਵਿੱਚ ਖੜਾ ਕੀਤਾ ਗਿਆ ਇੱਕ ਦਰੱਖਤ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਨੇ ਕਿਸ ਢੰਗ ਨਾਲ ਸਿੱਖ ਧਰਮ ਦੀ ਸ਼ੁਰੂਆਤ ਕਰਕੇ ਸਿੱਖੀ ਦਾ ਬੂਟਾ ਲਗਾਇਆ ਸੀ। ਇਸੇ ਗੈਲਰੀ ਵਿੱਚ ਗੁਰੂ ਅੰਗਦ ਦੇਵ ਜੀ ਦੇ ਜੀਵਨ ਦੀ ਕੁਝ ਝਲਕ ਦਿਖਾਈ ਹੈ। ਅਗਲੀ ਗੈਲਰੀ ਵਿੱਚ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੇ ਜੀਵਨ ਦੇ ਅਹਿਮ ਪਹਿਲੂਆਂ ਨੂੰ ਸਿਰਜਿਆ ਗਿਆ ਹੈ। ਇਸੇ ਗੈਲਰੀ ਵਿੱਚ ਲੰਗਰ ਪ੍ਰਥਾ, ਸੰਗਤ ਤੇ ਪੰਗਤ ਦੀ ਸ਼ੁਰੂਆਤ ਅਤੇ ਗੋਇੰਦਵਾਲ ਸਾਹਿਬ ਦੀ ਬਾਉਲੀ ਨੂੰ ਦਿਖਾਇਆ ਗਿਆ ਹੈ। ਅਗਲੀ ਗੈਲਰੀ ਵਿੱਚ ਗੁਰੂ ਰਾਮਦਾਸ ਜੀ ਵਲੋਂ ਰਾਮਦਾਸਪੁਰ ਦੀ ਉਸਾਰੀ ਬਾਰੇ ਦਰਸਾਉਣ ਦੀ ਭਰਪੂਰ ਕੋਸ਼ਿਸ ਕੀਤੀ ਗਈ ਹੈ। ਇਸ ਇਮਾਰਤ ਤੋਂ ਬਾਹਰ ਆ ਕੇ ਕੜਾਕੇ ਦੀ ਧੁੱਪ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵਾਲੀ ਤੱਤੀ ਤਵੀ ਬਣਾਕੇ, ਉਸ ਨੂੰ ਗਮ ਭਰੇ ਮਾਹੌਲ ਵਿੱਚ ਸਿਰਜਿਆ ਗਿਆ ਹੈ। ਏਅਰ ਕੰਡੀਸ਼ਨਡ ਗੈਲਰੀਆਂ ਵਿੱਚੋਂ ਬਾਹਰ ਆਕੇ ਜਦੋਂ ਕੋਈ ਵਿਅਕਤੀ ਕੜਾਕੇ ਦੀ ਧੁੱਪ ਵਿੱਚ ਤੱਤੀ ਤਵੀ ਵੱਲ ਦੇਖਦਾ ਹੈ ਤਾਂ ਉਸ ਦੀਆ ਅੱਖਾਂ ਵਿੱਚ ਤੇਜ਼ ਧੁੱਪ ਦੀ ਲਿਸ਼ਕਾਰ ਨਾਲ ਨਮੀ ਆ ਜਾਂਦੀ ਹੈ ਅਤੇ ਉਹ ਭਾਵੁਕ ਹੋ ਜਾਂਦਾ ਹੈ। ਇੱਥੇ ਹੀ ਖੜੇ ਹੋ ਕੇ ਕਿਸ਼ਤੀਨੁਮਾ ਇਮਾਰਤ ਦੀ ਛੱਤ ਉਤੋਂ ਖੜੇ ਪਾਣੀ ਵਿੱਚ ਸਾਹਮਣੇ ਸਥਿਤ ਕਿਲ੍ਹਾ ਅਨੰਦਗੜ੍ਹ ਵੀ ਦੇਖਿਆ ਜਾ ਸਕਦਾ ਹੈ। ਇਸ ਤੋਂ ਅੱਗੇ ਜਾ ਕੇ



ਬਣੀ ਕ੍ਰਿਸੈਂਟ ਬਿਲਡਿੰਗ ਵਿੱਚ ਆਉਂਦੀ ਪਹਿਲੀ ਗੈਲਰੀ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਧਾਰਨ ਕੀਤੀ ਮੀਰੀ-ਪੀਰੀ ਨੂੰ ਵਿਖਾਇਆ ਗਿਆ ਹੈ। ਅਗਲੀ ਗੈਲਰੀ ਵਿੱਚ ਗੁਰੂ ਸਾਹਿਬ ਵਲੋਂ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਬਵੰਜਾ ਰਾਜਿਆਂ ਨੂੰ ਛੁਡਵਾਉਣ ਅਤੇ ਅਕਾਲ ਤਖਤ ਸਾਹਿਬ ਦਾ ਚਿਤਰਨ ਕੀਤਾ ਗਿਆ ਹੈ। ਇਸੇ ਹੀ ਗੈਲਰੀ ਵਿੱਚ ਗੁਰੂ ਹਰਕ੍ਰਿਸ਼ਨ ਜੀ ਦੇ ਜੀਵਨ 'ਤੇ ਚਾਨਣਾ ਪਾਇਆ ਗਿਆ ਹੈ। ਇਸ ਤੋਂ ਬਾਦ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨੂੰ ਦਰਸਾਉਂਦੀ ਗੇਲਰੀ ਹੈ। ਅਗਲੀ ਗੈਲਰੀ ਗੁਰੂ ਗੋਬਿੰਦ ਸਿੰਘ ਦੇ ਜੀਵਨ ਨੂੰ ਦਰਸਾਉਂਦੀ ਹੈ। ਇੱਥੇ ਹੀ ਗੁਰੂ ਸਾਹਿਬ ਵਲੋਂ ਖਾਲਸਾ ਪੰਥ ਦੀ ਸਿਰਜਣਾ ਕਰਨ ਅਤੇ ਉਨ੍ਹਾ ਵਲੋਂ ਦਰਬਾਰ ਲਗਾ ਕੇ ਪੰਜ ਪਿਆਰਿਆਂ ਨੂੰ ਇਕੱਠਾ ਕਰਨਾ ਆਦਿ ਵਿਖਾਇਆ ਗਿਆ ਹੈ। ਇਸ ਤੋਂ ਬਾਦ ਉਦਘਾਟਨ ਕੀਤੇ ਗਏ ਭਾਗ ਦੀ ਆਖਰੀ ਗੈਲਰੀ ਹੈ। ਇੱਥੇ ਗੁਰੂ ਸਾਹਿਬ ਵਲੋਂ ਅਨੰਦਗੜ੍ਹ ਦਾ ਕਿਲ੍ਹਾ ਛੱਡ ਕੇ ਜਾਣ ਤੋਂ ਬਾਦ ਉਨ੍ਹਾਂ ਵਲੋਂ ਸਰਸਾ ਨਦੀ ਨੂੰ ਪਾਰ ਕਰਨਾ, ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਨਾ ਆਦਿ ਵਿਖਾਉਣ ਤੋਂ ਇਲਾਵਾ ਇੱਕ ਬਾਜ ਨੂੰ ਵੱਖ-ਵੱਖ ਦਿਸ਼ਾਵਾਂ ਵਿੱਚ ਉਡਦਾ ਵਿਖਾਇਆ ਗਿਆ ਹੈ। ਇੱਥੇ ਇਹ ਦਰਸਾਉਂਦਾ ਹੈ ਕਿ ਦਸਮ ਗੁਰੂ ਤੋਂ ਬਾਦ ਇਹ ਇਹ ਬਾਜ ਦੂਰ ਅਸਮਾਨ ਵਿੱਚ ਉਡ ਜਾਂਦਾ ਹੈ ਅਤੇ ਦਸਾਂ ਗੁਰੂਆਂ ਤੋਂ ਬਾਦ 'ਸ਼ਬਦ ਗੁਰੂ' ਹੀ ਸਮੁਚੇ ਸਿੱਖ ਪੰਥ ਲਈ ਹੈ। ਇੱਥੇ ਹੀ ਦਰਸ਼ਕਾਂ ਨੂੰ ਦਿੱਤੇ ਗਏ ਆਡੀਓ ਗਾਈਡਜ਼,ਜੋ ਕਿ ਹਰ ਇੱਕ ਗੈਲਰੀ ਦਾ ਵੇਰਵਾ ਦਿੰਦੇ ਹਨ, ਨੂੰ ਵਾਪਸ ਲੈ ਲਿਆ ਜਾਵੇਗਾ। ਸਾਰੀਆਂ ਗੈਲਰੀਆਂ ਵਿੱਚ ਘੁੰਮਣ ਲਈ ਅੰਦਾਜ਼ਨ ਸੱਤਰ ਮਿੰਟ ਦਾ ਸਮਾਂ ਲੱਗੇਗਾ। ਕੇਂਦਰ ਦੇ ਭਾਗ-ਏ ਵਿੱਚ ਆਧੁਨਿਕ ਤਕਨੀਕਾਂ ਵਾਲੀ ਡਿਜ਼ੀਟਲ ਲਾਇਬਰੇਰੀ ਹੋਵੇਗੀ ਜਿਸ ਵਿੱਚ ਦੁਨੀਆ ਭਰ ਦੇ ਧਰਮਾਂ ਨਾਲ ਸਬੰਧਿਤ ਹਜ਼ਾਰਾਂ ਟਰੈਕ ਹੋਣਗੇ। ਇਸੇ ਭਾਗ ਵਿੱਚ ਆਰਜ਼ੀ ਪ੍ਰਦਰਸ਼ਨੀ ਵਾਲਾ ਵਿਸ਼ਾਲ ਹਾਲ ਹੈ ਜਿੱਥੇ ਸਮੇਂ-ਸਮੇਂ ਤੇ ਪ੍ਰਦਰਸ਼ਨੀਆਂ ਲਗਾਈਆਂ ਜਾ ਸਕਣਗੀਆਂ। ਇਸ ਤੋਂ ਇਲਾਵਾ ਇੱਕ ਆਡੀਟੋਰੀਅਮ ਵੀ ਇਸੇ ਬਿਲਡਿੰਗ ਵਿੱਚ ਬਣਾਇਆ ਗਿਆ ਹੈ। ਇਸ ਤੋਂ ਬਾਦ ਬਣਾਏ 165 ਮੀਟਰ ਲੰਮੇ ਪੁਲ ਦੇ ਵਿਚਕਾਰ ਕੈਫੇਟੇਰੀਆ ਹੈ ਅਤੇ ਇਹ ਵਾਟਰਬਾਡੀ ਦੇ ਬਿਲਕੁੱਲ ਮੱਧ ਵਿੱਚ ਹੈ। ਇਸ ਵਾਟਰਬਾਡੀ ਦੇ ਸਾਰੇ ਸੱਤ ਤਲਾਬਾਂ ਵਿੱਚ ਢਾਈ ਫੁੱਟ ਤੱਕ ਪਾਣੀ ਖੜਾ ਕੀਤਾ ਗਿਆ ਹੈ ਜੋ ਕਿ ਇਸ ਵਿਰਾਸਤ ਕੇਂਦਰ ਦੇ ਸੁਹੱਪਣ ਨੂੰ ਚਾਰ ਚੰਨ ਲਾਵੇਗਾ। ਰਾਤ ਦੇ ਹਨੇਰ੍ਹੇ ਇਸ ਕੇਂਦਰ ਦੀਆਂ ਰੌਸ਼ਨੀਆਂ ਹੋਰ ਵੀ ਮਨਮੋਹਕ ਨਜ਼ਾਰਾ ਪੇਸ਼ ਕਰਦੀਆਂ ਹਨ।

ਇਹ ਵਾਟਰਬਾਡੀ ਦੇ ਬਿਲਕੁੱਲ ਮੱਧ ਵਿੱਚ ਹੈ। ਇਸ ਵਾਟਰਬਾਡੀ ਦੇ ਸਾਰੇ ਸੱਤ ਤਲਾਬਾਂ ਵਿੱਚ ਢਾਈ ਫੁੱਟ ਤੱਕ ਪਾਣੀ ਖੜਾਂ ਕੀਤਾ ਗਿਆ ਹੈ ਜੋ ਕਿ ਇਸ ਵਿਰਾਸਤ ਕੇਂਦਰ ਦੇ ਸੁਹੱਪਣ ਨੂੰ ਚਾਰ ਚੰਨ ਲਾਵੇਗਾ। ਰਾਤ ਦੇ ਹਨੇਰ੍ਹੇ ਇਸ ਕੇਂਦਰ ਦੀਆ ਰੌਸ਼ਨੀਆ ਹੋਰ ਵੀ ਮਨਮੋਹਕ ਨਜ਼ਾਰਾ ਪੇਸ਼ ਕਰਦੀਆ ਹਨ।




# 'ਵਾਲ ਸਟਰੀਟ 'ਤੇ ਕਬਜ਼ਾ ਕਰੋ' ਅੰਦੋਲਨ ਅਤੇ ਉਸ ਦਾ ਮਹੱਤਵ

ਪ੍ਰਭਾਤ ਪਟਨਾਇਕ

'ਵਾਲ ਸਟਰੀਟ 'ਤੇ ਕਬਜ਼ਾ ਕਰੋ' ਅੰਦੋਲਨ ਸ਼ਾਇਦ ਬਹੁਤ ਵੱਡਾ ਤਾਂ ਨਹੀਂ ਹੈ ਪਰ ਜਨਮਤ ਸਰਵੇਖਣਾਂ ਅਨੁਸਾਰ ਅਜਿਹਾ ਲਗਦਾ ਹੈ ਕਿ ਉਸ ਨੂੰ ਸਮੁੱਚੀ ਅਮਰੀਕੀ ਆਬਾਦੀ ਦੇ ਦੋ ਤਿਹਾਈ ਹਿੱਸੇ ਦਾ ਸਮਰੱਥਨ ਮਿਲ ਰਿਹਾ ਹੈ। ਇਸ ਅੰਦੋਲਨਾਂ ਨੂੰ ਕੌਮਾਂਤਰੀ ਪੱਧਰ 'ਤੇ ਹਾਸਲ ਹੋਈ ਹਮਾਇਤ ਪ੍ਰਭਾਵਸ਼ਾਲੀ ਹੈ। ਖੁਦ ਅਮਰੀਕਾ ਵਿਚ ਹੀ ਸੌ ਤੋਂ ਜ਼ਿਆਦਾ ਸ਼ਹਿਰਾਂ ਵਿਚ ਅਤੇ ਬਾਕੀ ਦੁਨੀਆ ਵਿਚ ਇਕ ਤੋਂ ਬਾਅਦ ਇਕ ਸ਼ਹਿਰ ਵਿਚ ਇਸ ਸਮੇਂ 'ਵਾਲ ਸਟਰੀਟ 'ਤੇ ਕਬਜ਼ਾ ਕਰੋ' ਅੰਦੋਲਨ ਆਪਣੇ ਆਪਣੇ ਰੂਪ ਵਿਚ ਚਲ ਰਿਹਾ ਹੈ। ਇਸ ਤਰ੍ਹਾਂ ਇਸ ਅੰਦੋਲਨ ਤੋਂ ਮਿਲਣ ਵਾਲੀ ਪ੍ਰੇਰਨਾ ਦਾ ਫੈਲਾਅ, ਮੈਨਹੱਟਨ ਵਿਚ ਜ਼ੁਕੋਟੀ ਪਾਰਕ ਵਿਚ ਇਕੱਠੇ ਹੋਏ ਲੋਕਾਂ ਤੋਂ ਕਿਤੇ ਵੱਡਾ ਹੈ।

## ਸਮੁੱਚੀ ਵਿਵਸਥਾ ਨੂੰ ਚੁਣੌਤੀ

ਇਸ ਅੰਦੋਲਨ ਦੀ ਪਹਿਲੀ ਵੱਖਰਤਾ ਦਾ ਸਬੰਧ ਇਸ ਤੱਥ ਨਾਲ ਹੈ ਕਿ ਇਹ ਅੰਦੋਲਨ ਸਮੁੱਚਤਾ ਵਿਚ ਮੌਜੂਦਾ ਵਿਵਸਥਾ ਨੂੰ ਚੁਣੌਤੀ ਦਿੰਦਾ ਹੈ। ਪਿਛਲੇ ਕਾਫੀ ਸਾਲਾਂ ਤੋਂ ਜਨ ਅੰਦੋਲਨ ਮੋਟੇ ਤੌਰ 'ਤੇ, ਕਿਸੇ ਮੁੱਦੇ ਵਿਸ਼ੇਸ਼ ਤਕ ਹੀ ਸੀਮਤ ਬਣੇ ਰਹੇ ਹਨ ਜਾਂ ਫਿਰ ਕੁਝ ਖਾਸ ਨੀਤੀਆਂ ਦੇ ਵਿਰੋਧ ਵਿਚ ਕੇਂਦਰਤ ਰਹੇ ਹਨ। ਮਿਸਾਲ ਦੇ ਤੌਰ 'ਤੇ ਸਾਡੇ ਦੇਸ਼ ਵਿਚ ਸੇਜ ਦੇ ਖਿਲਾਫ ਜਾਂ ਪੋਸਟਕੋ ਪ੍ਰਾਜੈਕਟ ਵਿਰੁੱਧ ਜਾਂ ਪ੍ਰਮਾਣੂ ਬਿਜਲੀ ਘਰਾਂ ਵਿਰੁਧ ਜਾਂ ਜੰਗਲ ਦੇ ਅਧਿਕਾਰਾਂ ਜਾਂ ਆਦਿਵਾਸੀਆਂ ਦੇ ਅਧਿਕਾਰਾਂ ਦੀ ਰਾਖੀ ਕਰਨ ਲਈ ਜਾਂ ਉਸ ਪ੍ਰਾਜੈਕਟ ਲਈ ਜ਼ਮੀਨ ਐਕਵਾਇਰ ਕਰਨ ਵਿਰੁੱਧ ਅੰਦੋਲਨ ਹੋਏ ਹਨ। ਬੇਸ਼ੱਕ, ਇਥੇ ਇਨ੍ਹਾਂ ਅੰਦੋਲਨਾਂ ਦੀ ਅਹਿਮੀਅਤ ਘੱਟ ਕਰਕੇ ਨਹੀਂ ਦੇਖੀ ਜਾ ਰਹੀ ਫਿਰ ਵੀ ਇਹ ਅੰਦੋਲਨ, ਮੌਜੂਦਾ ਵਿਵਸਥਾ ਨੂੰ ਚੁਣੌਤੀ ਨਹੀਂ ਦਿੰਦੇ ਹਨ। ਪੂੰਜੀਵਾਦ ਅਜਿਹੇ ਅੰਦੋਲਨਾਂ ਦੇ ਨਾਲ-ਨਾਲ ਚੱਲ ਸਕਦਾ ਹੈ। ਇਸ ਲਈ ਉਹ ਇਸ ਵਿਚ ਕਿਸੇ ਮੰਗ 'ਤੇ ਕੁਝ ਛੋਟ ਦੇ ਰਿਹਾ ਹੋਵੇ, ਜਾਂ ਕਿਸੇ ਹੋਰ ਨਾਲ ਗੱਲਬਾਤ ਰਾਹੀਂ ਕੋਈ ਸਮਝੌਤਾ ਕਰ ਰਿਹਾ ਹੋਵੇ ਤਾਂ ਕਿਸੇ ਹੋਰ ਦੇ ਨਾਲ ਲੰਮੇ ਟਕਰਾਅ ਦਾ ਜੋਖ਼ਮ ਵੀ ਚੁੱਕ ਸਕਦਾ ਹੈ। ਭਾਵੇਂ ਪੂੰਜੀਵਾਦ ਅਜਿਹੇ ਅੰਦੋਲਨਾਂ ਦਾ ਕੋਈ ਸਵਾਗਤ ਨਹੀਂ ਕਰਦਾ । ਇਸ ਤਰ੍ਹਾਂ ਦੇ ਅੰਦੋਲਨ ਉਸ ਨੂੰ ਕਿਸੇ ਨਾ ਕਿਸੇ ਪ੍ਰਕਾਰ ਨਾਲ ਚੁਣੌਤੀ ਤਾਂ ਦਿੰਦੇ ਹੀ ਹਨ। ਫਿਰ ਵੀ ਇਹ ਅਜਿਹੀ ਚੁਣੌਤੀ ਹੀ ਹੁੰਦੀ ਹੈ ਜੋ ਉਸ ਦੀ ਹੋਂਦ ਲਈ ਖਤਰਾ ਪੈਦਾ ਨਹੀਂ ਕਰਦੀ। ਇਸ ਲਿਹਾਜ ਨਾਲ 'ਕਬਜ਼ਾ ਕਰੋ' ਅੰਦੋਲਨ ਬਿਲਕੁਲ ਵਖੱਰਾ ਹੈ।

## 'ਇਤਿਹਾਸ ਦੇ ਅੰਤ' ਦਾ ਅੰਤ

''ਵਾਲ ਸਟਰੀਟਰ ਕਬਜ਼ਾ ਕਰੋ'' ਅੰਦੋਲਨ ਇਸ ਅਰਥ ਵਿਚ ਇਕ ਨਵੇਂ ਇਤਿਹਾਸਕ ਦੌਰ ਦਾ ਸੂਚਕ ਹੈ, ਜਿਸ ਵਿਚ ਅਖੌਤੀ 'ਇਤਿਹਾਸ ਦਾ ਅੰਤ' ਦੇ ਪੂੰਜੀਵਾਦੀ ਜਸ਼ਨ ਦੇ ਦੌਰ ਨੂੰ ਪਿੱਛੇ ਛੱਡ ਦਿਤਾ ਗਿਆ ਹੈ। ਜਾਹਿਰ ਜਹੀ ਗੱਲ ਹੈ ਕਿ ਇਸ ਜਸ਼ਨ ਦਾ ਅੰਤ ਭੌਤਿਕ ਅਧਾਰ 'ਤੇ 2008 ਤੋਂ ਸ਼ੁਰੂ ਹੋਏ ਵਿਸ਼ਵ ਪੂੰਜੀਵਾਦੀ ਸੰਕਟ ਨੇ ਹੀ ਤਿਆਰ ਕੀਤਾ ਹੈ।

''ਵਾਲ ਸਟਰੀਟ 'ਤੇ ਕਬਜ਼ਾ ਕਰੋ ਅੰਦੋਲਨ'' ਦੀ ਦੂਜੀ ਖਾਸੀਅਤ ਇਹ ਹੈ ਕਿ ਇਹ ਅੰਦੋਲਨ 'ਨੈਤਿਕਤਾ' ਦੇ ਪ੍ਰਸ਼ਨ ਨੂੰ ਲੰਘ ਕੇ 'ਸੰਪਤੀ' 'ਤੇ ਸਵਾਲ ਖੜਾ ਕਰਨ ਤਕ ਜਾਂਦਾ ਹੈ। ਵਾਲ ਸਟਰੀਟ 'ਤੇ ਕਬਜ਼ਾ ਕੀਤਾ ਜਾਣਾ ਆਪਣੇ ਆਪ ਵਿਚ ਵਿਤੀ ਪੂੰਜੀ 'ਤੇ ਹਮਲੇ ਦਾ ਪ੍ਰਤੀਕ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਕਿਉਂਕਿ ਸਾਬਕਾ ਵਿੱਤੀ ਪੂੰਜੀਵਾਦ 'ਤੇ ਪਰਤਣਾ ਵਿਹਾਰਕ ਹੀ ਨਹੀਂ ਹੈ, ਵਿੱਤੀ ਪੂੰਜੀ 'ਤੇ ਹਮਲਾ ਆਪਣੇ ਆਪ ਵਿਚ ਪੂੰਜੀਵਾਦ 'ਤੇ ਹੀ ਹਮਲਾ ਬਣ ਜਾਂਦਾ ਹੈ।

## ਨੈਤਿਕਤਾ ਤੋਂ ਅੱਗੇ ਪੂੰਜੀਵਾਦੀ ਜਾਇਦਾਦ ਤਕ

ਬੇਸ਼ਕ 'ਵਾਲ ਸਟਰੀਟ 'ਤੇ ਕਬਜ਼ਾ ਕਰੋ' ਅੰਦੋਲਨ ਦੇ 'ਨੈਤਿਕਤਾ' ਦੇ ਦਾਇਰੇ ਨੂੰ ਲੰਘ ਕੇ ਅੱਗੇ ਤਕ ਜਾਣ ਦਾ ਅਰਥ ਇਹ ਨਹੀਂ ਹੈ ਕਿ ਇਸ ਪਿੱਛੇ ਨੈਤਿਕ ਪ੍ਰੇਰਨਾ ਨਹੀਂ ਹੈ। ਇਸ ਪਿਛੇ ਜਬਰਦਸਤ ਨੈਤਿਕ ਪ੍ਰੇਰਨਾ ਹੈ। ਇਸ ਅੰਦੋਲਨ ਵਿਚ ਜੇਕਰ ਅਤੀਤ ਤੋਂ ਕੋਈ ਆਵਾਜ਼ਾਂ ਆਉਂਦੀਆਂ ਹਨ ਤਾਂ ਉਹ ਆਵਾਜ਼ਾਂ ਮਾਟਰਨ ਲੂਥਰ ਕਿੰਗ ਅਤੇ ਮਹਾਤਮਾ ਗਾਂਧੀ ਦੀਆਂ ਹਨ। ਪਰ ਇਥੇ ਨਾ ਤਾਂ ਕਿੰਗ ਹੈ ਅਤੇ ਨਾ ਹੀ ਗਾਂਧੀ ਨੇ ਪੂੰਜੀਵਾਦੀ ਜਾਇਦਾਦ ਦਾ ਪ੍ਰਸ਼ਨ ਏਜੰਡੇ 'ਤੇ ਰੱਖਿਆ ਸੀ, ਇਹ ਅੰਦੋਲਨ ਇਨ੍ਹਾਂ ਦੋਵਾਂ ਦੀ ਵਿਰਾਸਤ ਨੂੰ ਯਾਦ ਕਰਦੇ ਹੋਏ ਵੀ, ਜਾਇਦਾਦ ਦੇ ਪ੍ਰਸ਼ਨ ਨੂੰ ਏਜੰਡੇ 'ਤੇ ਰਖਣ ਦਾ ਹੀ ਕੰਮ ਕਰਦਾ ਹੈ।

ਇਸ ਅੰਦੋਲਨ ਦੇ 'ਨੈਤਿਕਤਾ' ਤੋਂ ਅੱਗੇ ''ਸੰਪਤੀ'' ਦੇ ਸਵਾਲ 'ਤੇ ਜਾਣ ਦੇ ਨੁਕਤੇ ਨੂੰ ਸਾਡੇ ਆਪਣੇ ਦੇਸ਼ ਵਿਚ ਉਠੇ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ ਤੋਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਕਿਉਂਕਿ ਇਹ ਅੰਦੋਲਨ ਜਿੰਨਾਂ 'ਭ੍ਰਿਸ਼ਟਾਚਾਰ' 2-ਜੀ ਸਪੈਕਟਮ ਦੀ ਵਿਕਰੀ ਦੇ ਘੋਟਾਲੇ ਵਿਚ ਦੇਖਦਾ ਹੈ, ਉਨਾਂ ਹੀ ਸਰਕਾਰੀ ਦਫ਼ਤਰ ਦੇ ਕਿਸੇ ਕਲਰਕ ਵਲੋਂ ਫਾਈਲ ਅੱਗੇ ਵਧਾਉਣ ਲਈ 50 ਰੁਪਏ ਦੀ ਰਿਸ਼ਵਤ ਮੰਗਣ ਵਿਚ ਵੀ ਦੇਖਦਾ ਹੈ, ਇਹ ਸਿਰਫ ''ਨੈਤਿਕਤਾ'' ਦੇ ਸਵਾਲ 'ਤੇ ਹੀ ਰੁਕ ਜਾਂਦਾ ਹੈ ਅਤੇ 'ਸੰਪਤੀ' ਦੇ ਸਵਾਲ 'ਤੇ ਜਾਂਦਾ ਹੀ ਨਹੀਂ। ਇਹ ਕਹਿਣ ਦਾ ਅਰਥ ਇਹ ਨਹੀਂ ਹੈ ਕਿ ''ਨੈਤਿਕਤਾ'' ਦੀ ਚਿੰਤਾ ਕਰਨਾ ਗਲਤ ਹੈ ਜਾਂ ਫਿਰ ਇਹ ਕਿ ਫਾਈਲ ਅੱਗੇ ਵਧਾਉਣ ਲਈ 50 ਰੁਪਏ ਰਿਸ਼ਵਤ ਮੰਗਣ ਨੂੰ ਅਣਦੇਖਿਆ ਹੀ ਕਰ ਦੇਣਾ ਚਾਹੀਦਾ ਹੈ।

ਜ਼ਰੂਰਤ ਇਸ ਦੀ ਹੈ ਕਿ 'ਨੈਤਿਕਤਾ' ਦੀ ਉਪਰੀ ਪਰਤ ਨੂੰ ਚੀਰ ਕੇ ਉਸ ਵਿਚ ਖੁੱਭੇ ਜਾਇਦਾਦ ਦੇ ਢਾਂਚੇ ਤਕ ਪਹੁੰਚਿਆ ਜਾਵੇ। ਇਸ ਗੱਲ ਨੂੰ ਦੂਜੀ ਤਰ੍ਹਾਂ ਨਾਲ ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਜੇਕਰ ਸਮਾਜ ਨੂੰ ਇਸ ਤਰ੍ਹਾਂ ਇਕੱਠਾ ਕੀਤਾ ਜਾਵੇ ਕਿ ਹਰ ਇਕ ਨੂੰ ਘੱਟੋ ਘੱਟ ਜੀਵਨ ਪੱਧਰ ਹਾਸਲ ਹੋ ਸਕੇ ਤਾਂ 50 ਰੁਪਏ ਦੀ ਰਿਸ਼ਵਤ ਮੰਗਣ ਲਈ ਉਤਸ਼ਾਹ ਬਹੁਤ ਘੱਟ ਰਹਿ ਜਾਵੇਗਾ। ਇਸ ਦੇ ਨਾਲ ਹੀ ਅਜਿਹਾ ਸਮਾਜ ਇਕ ਪੂੰਜੀਵਾਦੀ ਜਾਇਦਾਦ 'ਤੇ ਅਧਾਰਤ ਸਮਾਜ ਨਹੀਂ ਹੋ ਸਕਦਾ। ਅਜਿਹੇ ਸਮਾਜ ਵਿਚ ਕੋਈ 2-ਜੀ ਘੋਟਾਲੇ ਵੀ ਨਹੀਂ ਹੋਣਗੇ। ਦੂਜੇ ਸ਼ਬਦਾਂ ਵਿਚ 'ਨੈਤਿਕਤਾ' ਤੋਂ ਅੱਗੇ 'ਸੰਪਤੀ' ਦੇ ਸਵਾਲ ਤਕ ਜਾਣ ਦਾ ਅਰਥ, 'ਅਨੈਤਿਕਤਾ' ਨੂੰ ਸੱਦਾ ਦੇਣਾ ਨਹੀਂ ਹੈ। ਇਹ ਤਾਂ ਵਿਸ਼ੇਸ਼ਲਨਾਤਮਕ ਬਣਨ, ਵਿਗਿਆਨਕ ਰੁਖ ਅਪਨਾਉਣ ਨੂੰ ਸੱਦਾ ਦੇਣਾ ਹੈ। ਵਾਲ ਸਟਰੀਟ ਕਬਜ਼ਾ ਕਰੋ ਅੰਦੋਲਨ ਦੀ ਧਿਆਨ ਖਿੱਚਣ ਵਾਲੀ ਖਾਸੀਅਤ ਇਹ ਹੈ ਕਿ ਇਹ ਨੈਤਿਕ ਤੌਰ 'ਤੇ ਪ੍ਰੇਰਨਾ ਦੇਣ ਵਾਲਾ ਤਾਂ ਹੈ ਪਰ 'ਸੰਪਤੀ' 'ਤੇ ਸਵਾਲ ਖੜਾ ਕਰਦਾ ਹੈ।

## ਸ਼ਾਸਨ ਤੋਂ ਅੱਗੇ ਪੂੰਜੀਵਾਦ ਜਾਇਦਾਦ 'ਤੇ ਹਮਲਾ

ਬੇਸ਼ਕ, ਇਹ ਵੀ ਆਪਣੇ ਆਪ ਵਿਚ ਇਕ ਬਹਿਸ ਕਰਨ ਵਾਲਾ ਸਵਾਲ ਹੈ ਕਿ ਅੱਜ ਦੇ ਭਾਰਤ ਦਾ ਅਜਿਹਾ ਸਭ ਤੋਂ ਜ਼ਿਰਕਯੋਗ ਅੰਦੋਲਨ ਜੋ ਇਸ ਜਾਂ ਉਸ ਖਾਸ ਮੰਗ ਲਈ ਨਹੀਂ ਹੈ, ਸਿਰਫ 'ਨੈਤਿਕਤਾ' ਦੇ ਸਵਾਲ 'ਤੇ ਹੀ ਜਾ ਕੇ ਰੁਕ ਜਾਂਦਾ ਹੈ ਅਤੇ 'ਸੰਪਤੀ' ਦੇ ਸਵਾਲ ਨੂੰ ਗਲਤੀ ਨਾਲ ਵੀ ਹੱਥ ਨਹੀਂ ਲਾਉਂਦਾ। ਜਦਕਿ ਅਮਰੀਕਾ ਵਿਚ ਸਿੱਧਾ ਪੂੰਜੀਵਾਦੀ 'ਸੰਪਤੀ' 'ਤੇ ਸਵਾਲ ਖੜਾ ਕਰ ਦਿੰਦਾ ਹੈ। ਇਸ ਸਵਾਲ ਦਾ ਜਵਾਬ ਦੋਵਾਂ ਦੇਸ਼ਾਂ ਦੀਆਂ ਆਰਥਕ ਨੀਤੀਆਂ ਦੇ ਅੰਤਰ ਵਿਚ ਅਤੇ ਘੱਟ ਤੋਂ ਘੱਟ ਮੱਧ ਵਰਗੀਆਂ ਦੇ ਨਜ਼ਰੀਏ ਨਾਲ ਨੀਤੀਆਂ ਦੀ ਭਿੰਨਤਾ ਵਿਚ ਮਿਲੇਗਾ। ਅਮਰੀਕਾ ਵਿਚ ਇਹ 1 ਫੀਸਦੀ ਬਨਾਮ 99 ਫੀਸਦੀ ਵਿਚ ਵੰਡਿਆ ਜਾ ਰਿਹਾ ਹੈ। ਵੱਧਦੀ ਆਬਾਦੀ ਜਿਸ ਵਿਚ ਮੱਧ ਵਰਗੀ ਵੀ ਸ਼ਾਮਲ ਹਨ, 'ਤੇ ਆਰਥਕ ਸੰਕਟ ਦੀ ਮਾਰ ਪਈ ਹੈ। ਪਰ ਭਾਰਤ ਵਿਚ ਆਬਾਦੀ ਦੇ ਇਕ ਠੀਕ ਠਾਕ ਹਿੱਸੇ ਵਿਚ ਜਿਸ ਵਿਚ ਮੱਧ ਵਰਗ ਦਾ ਵੀ ਇਕ ਵੱਡਾ ਹਿੱਸਾ ਸ਼ਾਮਲ ਹੈ, ਹਾਲ ਦੇ ਦੌਰ ਵਿਚ ਆਰਥਕ ਤੌਰ 'ਤੇ ਪੂਰੀ ਕਾਮਯਾਬੀ ਹਾਸਲ ਕੀਤੀ ਹੈ। ਇਹ ਹਿੱਸਾ 1 ਫੀਸਦੀ ਦੀ 'ਨੈਤਿਕਤਾ' 'ਤੇ ਸਵਾਲ ਖੜਾ ਕਰਨ ਲਈ ਤਿਆਰ ਹੋ ਸਕਦਾ ਹੈ ਪਰ 'ਸੰਪਤੀ' 'ਤੇ ਸਵਾਲ ਕਰਨ ਲਈ ਤਿਆਰ ਨਹੀਂ ਹੈ।

ਵਾਲ ਸਟਰੀਟ ਕਬਜ਼ਾ ਅੰਦੋਲਨ ਦੀ ਤੀਜੀ ਖਾਸੀਅਤ ਇਹ ਹੈ ਕਿ ਇਹ ਸ਼ਾਸਨ 'ਤੇ ਹਮਲੇ ਵਿਚ ਅੱਗੇ ਵਿੱਤੀ ਪੂੰਜੀ 'ਤੇ ਹਮਲੇ ਤਕ ਅਤੇ ਇਸ ਕਬਜ਼ਾਵਾਦੀ ਪੂੰਜੀਵਾਦ ਜਾਇਦਾਦ 'ਤੇ ਹਮਲੇ ਤਕ ਜਾਂਦਾ ਹੈ। ਮਾਰਕਸ ਨੇ ਇਸ ਦੀ ਕਲਪਨਾ ਕੀਤੀ ਸੀ ਕਿ ਪੂੰਜੀਵਾਦੀ ਵਿਰੋਧੀ ਚੇਤਨਾ ਸਭ ਤੋਂ ਪਹਿਲਾਂ ਮਜ਼ਦੂਰ ਵਰਗ ਵਿਚ (ਮਿਸਾਲ ਦੇ ਤੌਰ 'ਤੇ ਟਰੇਡ ਯੂਨੀਅਨ ਕਾਰਵਾਈ ਰਾਹੀਂ) ਆਵੇਗੀ। ਉਨ੍ਹਾਂ ਦੀ ਚਿੰਤਾ ਇਹ ਸੀ ਕਿ ਇਸ ਪੂੰਜੀਪਤੀ ਵਿਰੋਧੀ ਚੇਤਨਾ ਨੂੰ ਅੱਗੇ ਵਧਾ ਕੇ, ਪੂੰਜੀਵਾਦੀ ਰਾਜ ਦੇ ਸੁਭਾਅ ਦੀ ਸਹੀ ਸਮਝ ਤਕ ਕਿਵੇਂ ਲਿਜਾਇਆ ਜਾਵੇ। ਫਿਲਹਾਲ, ਇਹ ਮੌਜੂਦਾ ਪੂੰਜੀਵਾਦ ਦੀ ਨਿਸ਼ਾਨੀ ਹੀ ਰਹੀ ਹੈ ਕਿ ਸ਼ਾਸਨ ਦਾ ਵਿਰੋਧ, ਵਿੱਤੀ ਪੂੰਜੀ ਦੇ ਵਿਰੋਧ ਤੋਂ ਵੀ ਪਹਿਲਾਂ ਆਉਂਦਾ ਹੈ, ਫਿਰ ਪੂੰਜੀਵਾਦ ਦੇ ਵਿਰੋਧ ਦੀ ਤਾਂ ਗੱਲ ਹੀ ਕਿੱਥੇ ਆਉਂਦੀ ਹੈ। ਬਹੁਤ ਸਾਰੇ ਮਾਮਲਿਆਂ ਵਿਚ ਪੂੰਜੀ ਦੇ ਵਿਰੋਧ ਦੀ ਗੈਰਹਾਜ਼ਰੀ ਹੀ ਦਿਖਾਈ ਦਿਤੀ ਹੈ। ਮਿਸਾਲ ਦੇ ਤੌਰ 'ਤੇ ਅਰਬ ਵਿਦਰੋਹ ਲਹਿਰ ਜੋ ਕਿ ਵਾਲ ਸਟਰੀਟ 'ਤੇ ਕਬਜ਼ਾ ਕਰੋ ਅੰਦੋਲਨ ਦੀ ਪ੍ਰੇਰਨਾ ਦਾ ਇਕ ਸਰੋਤ ਰਹੀ ਹੈ, ਇਸ ਵਿਚ ਵੀ ਹਮਲਾ ਰਾਜਿਆਂ 'ਤੇ ਹੀ ਕੇਂਦਰਤ ਰਿਹਾ ਹੈ ਨਾਕਿ ਇਨ੍ਹਾਂ ਦੀ ਪਿਠ 'ਤੇ ਖੜੀ ਪੂੰਜੀ 'ਤੇ। ਇਸ ਦੇ ਉਲਟ ਵਾਟ ਸਟਰੀਟ ਅੰਦੋਲਨ ਸਿੱਧਾ ਵਿੱਤੀ ਪੂੰਜੀ 'ਤੇ ਹਮਲਾ ਕਰ ਰਿਹਾ ਹੈ। ਇਹ ਇਕ ਵੱਡੀ ਕਾਮਯਾਬੀ ਕਹੀ ਜਾ ਸਕਦੀ ਹੈ। ਇਸ ਦਾ ਪਹਿਲਾ ਇਸ਼ਾਰਾ ਇਹ ਹੀ ਹੈ ਕਿ ਪੂੰਜੀ ਦੀ ਸੱਤਾ ਦੇ ਖਿਲਾਫ ਇਕ ਨਵੀਂ ਕ੍ਰਾਂਤੀਕਾਰੀ ਲਹਿਰ ਉਠ ਰਹੀ ਹੈ। ਅੱਜ ਅਸੀਂ ਇਤਿਹਾਸ ਦਾ ਅੰਤ ਨਹੀਂ ਇਕ ਨਵੇਂ ਭਵਿੱਖ ਦਾ ਅਰੰਭ ਦੇਖ ਰਹੇ ਹਾਂ।

## 'ਐਡਮਿੰਟਨ 'ਚ ਮੁਫ਼ਤ ਸਿਖਿਆ ਅਤੇ ਸੇਵਾ ਖ਼ਰਚੇ ਖ਼ਤਮ ਕਰਨ ਦੀ ਮੰਗ

ਐਡਮਿੰਟਨ, (ਨਦਬ): 'ਐਡਮਿੰਟਨ 'ਤੇ ਕਬਜ਼ਾ ਕਰੋ' ਮੁਹਿੰਮ ਵਿਚ ਸ਼ਾਮਲ ਮੁਜ਼ਾਹਰਾਕਾਰੀਆਂ ਨੇ ਇਕੱਠ ਕਰ ਕੇ ਮੈਲਕਰ ਡਿਵੈਲਪਮੈਂਟ ਲਿਮਟਿਡ ਦੇ ਸੀ.ਈ.ਓ. ਰਾਲਫ਼ ਯੰਗ ਨੂੰ ਲਿਖੇ ਪੱਤਰ ਨੂੰ ਖੁੱਲ੍ਹੇਆਮ ਪੜ੍ਹਿਆ। ਇਕ ਪਿਛੋ ਇਕ 13 ਮੁਜਾਹਰਾਕਾਰੀਆਂ ਦੇ ਸਮੂਹ ਨੇ ਮਾਈਕਰੋ ਫ਼ੋਨ ਆਪਣੇ ਹੱਥਾਂ ਵਿਚ ਲਿਆ ਅਤੇ ਮੈਲਕਰ ਦੀ ਮਾਲਕੀ ਵਾਲੇ ਜੈਸਪਰ ਐਵੀਨਿਊ ਤੋਂ ਰਵਾਨਾ ਹੋਣ ਤੋਂ ਪਹਿਲਾਂ ਅੱਠ ਮੰਗਾਂ ਰਖੀਆਂ। ਮੁਜਾਹਰਾਕਾਰੀਆਂ ਦੇ ਬੁਲਾਰੇ ਮਾਹਦ ਮੁਹੰਮਦ ਮੁਤਾਬਕ ਮੰਗਾਂ ਵਿਚ 10.5 ਮਿਲੀਅਨ ਡਾਲਰ ਦੇ ਸੇਵਾ ਖ਼ਰਚਿਆਂ ਨੂੰ ਖ਼ਤਮ ਕਰਨਾ, ਮੁਫ਼ਤ ਪੋਸਟ ਸੈਕੰਡਰੀ ਸਿਖਿਆ ਅਤੇ ਉਦਯੋਗਪਤੀਆਂ ਦੇ ਦਬਦਬੇ ਦਾ ਖ਼ਾਤਮਾ ਕਰਨਾ ਸ਼ਾਮਲ ਹਨ। ਮੁਜਾਹਰਾਕਾਰੀ ਕਹਿ ਰਹੇ ਸਨ, ''ਰਾਲਫ਼, ਮਰਜ਼ੀ ਤੇਰੀ ਹੈ ਤੂੰ ਜਾਣਦਾ ਹੈ ਅਸੀਂ ਕਿਥੇ ਮਿਲਾਂਗੇ।'' ਦਸਣਯੋਗ ਹੈ ਕਿ ਮੈਲਕਰ ਨੇ ਐਡਮਿੰਟਨ 'ਤੇ ਕਬਜ਼ਾ ਕਰੋ ਮੁਹਿੰਮ ਵਿਚ ਸ਼ਾਮਲ ਮੁਜ਼ਾਹਰਾਕਾਰੀਆਂ ਨੂੰ ਐਤਵਾਰ ਰਾਤ 11 ਵਜੇ ਤਕ ਉਸ ਦੀ ਜਾਇਦਾਦ ਵਿਚੋਂ ਚਲੇ ਜਾਣ ਦੀ ਚਿਤਾਵਨੀ ਦਿਤੀ ਸੀ। ਅਜਿਹਾ ਨਾ ਹੋਣ 'ਤੇ ਉਸ ਨੇ ਪੁਲਿਸ ਕੋਲ ਸ਼ਿਕਾਇਤ ਕਰਨ ਦੀ ਗੱਲ ਆਖੀ ਸੀ। ਸ਼ਨੀਵਾਰ ਸ਼ਾਮ ਤਕ ਮੁਜ਼ਾਹਰਾਕਾਰੀ ਉਥੇ ਹੀ ਰਹੇ ਅਤੇ ਪੁਲਿਸ ਨੇ ਨੇ ਕਿਹਾ ਕਿ ਉਨ੍ਹਾਂ ਨੂੰ ਰਾਤ ਵੇਲੇ ਹਟਾਇਆ ਜਾਵੇਗਾ। ਸੋਮਵਾਰ ਨੂੰ ਐਡਮਿੰਟਨ ਦੇ ਪੁਲਿਸ ਮੁਖੀ ਰੌਡ ਕਨੈਸ਼ਟ ਨੇ ਆਸ ਪ੍ਰਗਟਾਈ ਕਿ ਮੁਜ਼ਾਹਰਾਕਾਰੀ ਬਗ਼ੈਰ ਹਿੰਸਾ ਤੋਂ ਹਟ ਜਾਣਗੇ ਪਰ ਅਜਿਹਾ ਕੋਈ ਸੰਕੇਤ ਨਾ ਦਿਖਾਈ ਦਿਤਾ। ਦੋਹਾਂ ਧਿਰਾਂ ਦੇ ਨੁਮਾਇੰਦਿਆਂ ਦੀ ਵੀ ਸੋਮਵਾਰ ਨੂੰ ਮੀਟਿੰਗ ਹੋਈ। ਮੁਜ਼ਾਹਰਾਕਾਰੀਆਂ ਵਲੋਂ ਤੀਜੀ ਧਿਰ ਦੀ ਵਿਚੋਲਗੀ ਦੀ ਮੰਗ ਕੀਤੀ ਗਈ ਜਿਸ ਨੂੰ ਮੈਲਕਰ ਨੇ ਰੱਦ ਕਰ ਦਿਤਾ। ਮੰਗਲਵਾਰ ਨੂੰ ਰਾਲਫ ਯੰਗ ਨੇ ਇਸ ਗੱਲ 'ਤੇ ਸ਼ੱਕ ਪ੍ਰਗਟਾਇਆ ਕਿ ਵਿਚੋਲਗੀ ਦੇ ਹਾਂ ਪੱਖੀ ਨਤੀਜੇ ਨਿਕਲਣਗੇ। ਮੰਗਲਵਾਰ ਸਵੇਰੇ ਮੁਜ਼ਾਹਰਾਕਾਰੀਆਂ ਨੇ ਡਟੇ ਰਹਿਣ ਦਾ ਫ਼ੈਸਲਾ ਕੀਤਾ। ਬਿਲ ਥਾਮਸ ਅਤੇ ਦੋ ਹੋਰਨਾਂ ਮੁਜ਼ਾਹਰਾਕਾਰੀਆਂ ਨੂੰ 287 ਡਾਲਰ ਦਾ ਜੁਰਮਾਨਾ ਕੀਤਾ ਗਿਆ। ਇਸੇ ਦਰਮਿਆਨ ਮਾਂਟਰੀਆਲ ਵਿਖੇ ਵੀ ਪੁਲਿਸ ਨੇ ਮੁਜ਼ਾਹਰਾਕਾਰੀਆਂ ਨੂੰ ਜਬਰੀ ਖਦੇੜ ਦਿਤਾ।


Vehicle Unlock Specialist
Boost Your Car Call 24/7

Gurpreet Sohal
Tel: 780.935.2990
gssohal72@yahoo.co.in

If your car is locked or need a boost please call 780.935.2990







Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
CAAMP ACCHA AXIOM AMBA BBB think MORTGAGE think AMP



Krishna(KK)Gupta, AMP
"Experienced, Knowledgeable, Committed"
Serving the Community Since 1999

# ਦੂਜਾ ਪਰਲ ਵਿਸ਼ਵ ਕਬੱਡੀ ਕੱਪ ਤੇ ਸਿਆਸਤ



ਉਜਾਗਰ ਸਿੰਘ
94178-13072

ਪੰਜਾਬ ਨੂੰ ਖੇਡਾਂ ਦੀ ਨਰਸਰੀ ਕਿਹਾ ਜਾਂਦਾ ਸੀ। ਪੰਜਾਬ ਨੂੰ ਮਾਣ ਹੈ ਇਸਨੇ ਧਿਆਨ ਚੰਦ, ਅਜੀਤਪਾਲ ਸਿੰਘ, ਪ੍ਰਿਥੀਪਾਲ ਸਿੰਘ ਅਤੇ ਹਰਮੀਕ ਸਿੰਘ ਵਰਗੇ ਹਾਕੀ ਦੇ ਧੁਰੰਦਰ ਪੈਦਾ ਕੀਤੇ। ਮਿਲਖਾ ਸਿੰਘ ਨੇ ਅਥਲੈਟਿਕਸ ਵਿਚ ਉਡਦਾ ਸਿੱਖ ਦਾ ਖਿਤਾਬ ਪ੍ਰਾਪਤ ਕਰਕੇ ਪੰਜਾਬ ਦੀ ਸ਼ੋਭਾ ਵਧਾਈ। ਪੰਜਾਬ ਦੀਆਂ ਦੋ ਰਵਾਇਤੀ ਖੇਡਾਂ ਹਾਕੀ ਅਤੇ ਕਬੱਡੀ ਹਨ, ਜਿਹਨਾਂ ਨੂੰ ਪੰਜਾਬੀਆਂ ਨੇ ਵਿਰਸੇ ਵਿਚ ਪਿੰਡਾਂ ਦੀਆਂ ਸੱਥਾਂ ਤੋਂ ਪ੍ਰੇਰਨਾ ਲੈ ਕੇ ਪ੍ਰਾਪਤ ਕੀਤਾ। ਗਲੀਆਂ ਮਹੱਲਿਆਂ ਵਿਚ ਖਿੱਦੋ ਖੂੰਡੀ ਖੇਡਕੇ ਕੌਮਾਂਤਰੀ ਪੱਧਰ ’ਤੇ ਮਾਨਤਾ ਪ੍ਰਾਪਤ ਕੀਤੀ। ਕਬੱਡੀ ਦੇ ਖਿਡਾਰੀਆਂ ਲਈ ਵੀ ਕੋਈ ਗਰਾਊਂਡ ਨਹੀਂ ਹੁੰਦੇ ਸਨ। ਹਲ ਨਾਲ ਵਾਹੇ ਹੋਏ ਖੇਤਾਂ ਵਿਚ ਹੀ ਟ੍ਰੇਨਿੰਗ ਲੈਕੇ ਪੰਜਾਬੀਆਂ ਨੇ ਕਬੱਡੀ ਨੂੰ ਵੀ ਵਿਰਸੇ ਵਿਚੋਂ ਪ੍ਰਾਪਤ ਕੀਤਾ। ਪੰਜਾਬ ਦੀਆਂ ਇਹਨਾਂ ਦੋਹਾਂ ਰਵਾਇਤੀ ਖੇਡਾਂ ਵਿਚੋਂ ਹਾਕੀ ਨੂੰ ਤਾਂ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਮਾਨਤਾ ਮਿਲ ਗਈ ਸੀ ਤੇ ਪੰਜਾਬੀਆਂ ਨੇ ਇਸ ਵਿਚ ਆਪਣੀ ਪ੍ਰਭੁਸੱਤਾ ਕਾਇਮ ਰੱਖੀ ਤੇ ਦੁਨੀਆ ’ਤੇ ਆਪਣਾ ਲੋਹਾ ਮਨਵਾਇਆ। ਪ੍ਰੰਤੂ ਦੁਖ ਦੀ ਗੱਲ ਹੈ ਕਿ ਇਸ ਖੇਡ ਨੂੰ ਜੋ ਮਾਨਤਾ ਮਿਲਣੀ ਚਾਹੀਦੀ ਸੀ ਉਹ ਕੌਮੀ ਤੇ ਕੌਮਾਂਤਰੀ ਪੱਧਰ ’ਤੇ ਨਹੀਂ ਮਿਲੀ। ਕਬੱਡੀ ਨੂੰ ਤਾਂ ਕਿਸੇ ਪੱਧਰ ’ਤੇ ਵੀ ਮਾਨਤਾ ਨਹੀਂ ਦਿਤੀ ਗਈ। ਇਸ ਪਾਸੇ ਹੁਣ ਪਿਛਲੇ ਸਾਲ ਤੋਂ ਕੋਸ਼ਿਸ਼ਾਂ ਹੋ ਰਹੀਆਂ ਹਨ। ਇਹ ਕੋਸ਼ਿਸ਼ਾਂ ਪ੍ਰਸ਼ੰਸ਼ਾ ਦੀਆਂ ਹੱਕਦਾਰ ਹਨ ਪ੍ਰੰਤੂ ਇਹਨਾਂ ਕੋਸ਼ਿਸ਼ਾਂ ਵਿਚ ਵੀ ਸਰਕਾਰ ਦੀ ਨੀਅਤ ਸਾਫ਼ ਨਹੀਂ। ਇਹਨਾ ਮੈਚਾਂ ਦਾ ਮੰਤਵ ਸਿਆਸੀ ਹੈ। ਸਰਕਾਰ ਇਹਨਾਂ ਮੈਚਾਂ ਰਾਹੀਂ ਚੋਣਾਂ ਤੋਂ ਪਹਿਲਾਂ ਸਿਆਸੀ ਲਾਭ ਲੈਣਾ ਚਾਹੁੰਦੀ ਸੀ। ਦੂਸਰੇ ਕਬੱਡੀ ਕੱਪ ਵਿਚ ਦੁਨੀਆ ਦੇ ਪੰਦਰਾਂ ਦੇਸ਼ਾਂ ਨੇ ਹਿੱਸਾ ਲਿਆ। ਇਹਨਾਂ ਟੀਮਾਂ ਵਿਚ ਬਹੁਤੇ ਖਿਡਾਰੀ ਪੰਜਾਬੀ ਹੀ ਹਨ, ਜਿਹੜੇ ਇਹਨਾਂ ਦੇਸ਼ਾਂ ਵਿਚ ਜਾ ਕੇ ਵਸੇ ਹੋਏ ਹਨ। ਇਸੇ ਕਰਕੇ ਕਬੱਡੀ ਅੰਤਰਰਾਸ਼ਟਰੀ ਪੱਧਰ ਤੇ ਪਹੁੰਚ ਨਹੀਂ ਸਕੀ ਕਿਉਂਕਿ ਜੇਕਰ ਕਿਸੇ ਹੋਰ ਦੇਸ਼ ਵਿਚ ਕਬਡੀ ਖੇਡੀ ਹੀ ਨਹੀਂ ਜਾਂਦੀ ਤਾਂ ਫਿਰ ਉਹਨਾਂ ਦਾ ਅੰਤਰਰਾਸ਼ਟਰੀ ਮੈਚਾਂ ਵਿਚ ਹਿੱਸਾ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਕਪ ਵਿਚ ਜਿਹੜੇ ਦੇਸ਼ਾਂ ਨੇ ਹਿੱਸਾ ਲਿਆ ਉਹਨਾਂ ਦੀਆਂ ਟੀਮਾਂ ਵਿਚ ਇਕਾ ਦੁਕਾ ਨੂੰ ਛੱਡਕੇ ਸਾਰੇ ਦੇ ਸਾਰੇ ਹੀ ਪ੍ਰਵਾਸੀ ਪੰਜਾਬੀ ਸਨ।



ਪਹਿਲੀ ਨਵੰਬਰ 2011 ਨੂੰ ਪੰਜਾਬ ਦਿਵਸ ਵਾਲੇ ਦਿਨ ਬਠਿੰਡਾ ਵਿਖੇ ਬੜੀ ਧੂਮ ਧਾਮ ਨਾਲ ਇਹ ਕਬਡੀ ਕਪ ਸ਼ੁਰੂ ਕੀਤਾ ਗਿਆ ਸੀ। ਇਸ ਕਬੱਡੀ ਕੱਪ ਦੇ ਮੈਚ 20 ਨਵੰਬਰ ਤਕ ਪੰਜਾਬ ਦੇ 20 ਜਿਲਿਆਂ ਵਿਚੋਂ 16 ਜਿਲ੍ਹਿਆਂ ਵਿਚ ਲਗਾਤਾਰ ਹੋਏ ਹਨ। ਬਠਿੰਡਾ ਜਿਥੋਂ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਲੋਕ ਸਭਾ ਦੇ ਮੈਂਬਰ ਹਨ, ਵਿਖੇ ਦੋ ਦਿਨ ਸਮਾਗਮ ਹੋਏ। ਇਹ ਬੜੀ ਖੁਸ਼ੀ ਦੀ ਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸਾਡੀ ਰਵਾਇਤੀ ਖੇਡ ਨੂੰ ਪੁਨਰ ਸੁਰਜੀਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪ੍ਰੰਤੂ ਓਨੇ ਹੀ ਦੁਖ ਦੀ ਗਲ ਹੈ ਕਿ ਇਸ ਕਬੱਡੀ ਕੱਪ ਦੀ ਖੇਡ ਨੂੰ ਪੁਨਰ ਸੁਰਜੀਤ ਕਰਨ ਦੀ ਆੜ ਵਿਚ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਦੇ 16 ਜਿਲ੍ਹਿਆਂ ਵਿਚ ਪ੍ਰੋਗਰਾਮ ਆਯੋਜਤ ਕਰਨ ਤੋਂ ਸਪਸ਼ਟ ਹੈ ਕਿ ਵਰਤਮਾਨ ਸਰਕਾਰ ਆਪਣੇ ਪਾਰਟੀ ਕੇਡਰ ਨੂੰ ਸਰਕਾਰ ਦੀ ਤਾਕਤ ਤੇ ਪੈਸੇ ਦੇ ਜ਼ੋਰ ਨਾਲ ਸਰਗਰਮ ਕਰਨਾ ਚਾਹੁੰਦੀ ਸੀ। ਇਹਨਾਂ ਮੈਚਾਂ ਤੇ ਇਕੱਠ ਕਰਨ ਲਈ ਬਾਕਾਇਦਾ ਅਧਿਕਾਰੀਆਂ ਅਤੇ ਜਿਲਾ ਜਥੇਦਾਰਾਂ ਦੇ ਗਰੁਪ ਬਣਾਕੇ ਲੋਕਾਂ ਦੀ ਭੀੜ ਇੱਕਠੀ ਕੀਤੀ ਗਈ। ਜਦੋਂ ਕਿ ਸਰਕਾਰ ਦਾ ਕੰਮ ਵਿਕਾਸ ਕਰਨਾ ਹੁੰਦਾ ਹੈ। ਸਰਕਾਰ ਆਪਣੇ ਕੰਮ ਵਿਚ ਅਸਫਲ ਰਹਿਣ ਕਰਕੇ ਲੋਕਾਂ ਦਾ ਧਿਆਨ ਅਸਲੀ ਮੁਦਿਆਂ ਤੋਂ ਹਟਕੇ ਐਧਰ ਉਧਰ ਲਾਉਣਾ ਚਾਹੁੰਦੀ ਹੈ। ਅਜਿਹੀਆਂ ਇਕ ਇੰਡੋ ਪਾਕ ਖੇਡਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸਮੇਂ ਵੀ 2008 ਵਿਚ ਹੋਈਆਂ ਸਨ ਪ੍ਰੰਤੂ ਉਹਨਾਂ ਖੇਡਾਂ ਦਾ ਸਿਆਸੀ ਲਾਹਾ ਨਹੀਂ ਲਿਆ ਗਿਆ ਸੀ। ਇਹ ਮੈਚ ਤਾਂ ਚੋਣਾਂ ਤੋਂ ਥੋੜ੍ਹਾ ਸਮਾਂ ਪਹਿਲਾਂ ਕਰਾਉਣ ਤੋਂ ਹੀ ਇਹਨਾਂ ਦਾ ਮੰਤਵ ਸ਼ਪਸ਼ਟ ਹੋ ਜਾਂਦਾ ਹੈ। ਇਹਨਾਂ ਮੈਚਾਂ ਦੀ ਸ਼ੁਰੂਆਤ ਨੂੰ ਕਾਮਯਾਬ ਬਣਾਉਣ ਲਈ ਫਿਲਮੀ ਸਿਤਾਰਿਆਂ ਦਾ ਆਸਰਾ ਲਿਆ ਗਿਆ। ਚਲੋ ਇਹ ਵੀ ਬਹੁਤੀ ਮਾੜੀ ਗਲ ਨਹੀਂ ਪ੍ਰੰਤੂ ਦੁਖ ਦੀ ਗਲ ਤਾਂ ਇਹ ਹੈ ਕਿ ਆਪਣੇ ਆਪਨੂੰ ਪੰਥ ਦੀ ਤਰਜਮਾਨੀ ਕਰਨ ਦੀ ਡੌਂਡੀ ਪਿਟਣ ਵਾਲਾ ਅਕਾਲੀ ਦਲ ਜਿਸਦਾ ਵਿਰਸਾ ਧਾਰਮਕ ਰੀਤੀ ਰਿਵਾਜਾਂ ਦਾ ਪਹਿਰੇਦਾਰ ਹੈ, ਉਹ ਪੰਜਾਬ ਦੇ ਲੋਕਾਂ ਦੇ ਸਾਹਮਣੇ ਅਧਨੰਗੀਆਂ ਕੁੜੀਆਂ ਦਾ ਨਾਚ ਕਰਵਾ ਰਿਹਾ ਹੈ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਦੀ ਪਤਨੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਜਿਹੜੀ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਆਸ਼ੀਰਵਾਦ ਨਾਲ ਨੰਨੀ ਛਾਂ ਪ੍ਰੋਜੈਕਟ ਚਲਾ ਰਹੀ ਹੈ, ਉਹ ਸਟੇਜ ’ਤੇ ਇਹ ਨੰਗਾ ਨਾਚ ਵੇਖਕੇ ਮੁਸਕਰਾ ਰਹੀ ਹੈ। ਪੰਜਾਬ ਗੁਰੂਆਂ ਪੀਰਾਂ ਤੇ ਰਿਸ਼ੀਆਂ ਮੁਨੀਆਂ ਦੀ ਪਵਿਤਰ ਧਰਤੀ ਹੈ। ਇਸਦੇ ਵਿਰਸੇ ਵਿਚ ਵੀ ਇਸਤਰੀ ਨੂੰ ਪੂਰਾ ਸਤਿਕਾਰ ਤੇ ਮਾਣ ਦਿਤਾ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਇਸਤਰੀ ਦੀ ਪ੍ਰਸੰਸਾ ਕਰਦਿਆਂ ਕਿਹਾ ਹੈ ਕਿ- ਭੰਡਿ ਨਿਮੀਏ ਭੰਡਿ ਜੰਮੀਏ ਭੰਡਿ ਮੰਗਣ ਭੰਡਿ ਵਿਆਹ, ਭੰਡਿਹ ਹੋਵੈ ਦੋਸਤੀ, ਭੰਡਿਹ ਚਲੇ ਰਾਹਿ, ਸੋ ਕਿਉਂ ਮੰਦਾ ਆਖੀਐ ਜਿਤਿ ਜੰਮਿਹ ਰਾਜਾਨ- ਬੜੀ ਸ਼ਰਮ ਦੀ ਗਲ ਹੈ ਕਿ ਲੜਕੀਆਂ ਦੇ ਅੱਧਨੰਗੇ ਨਾਚ ਕਰਵਾਕੇ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਕਬੱਡੀ ਕਪ ਲੜਕੇ ਅਤੇ ਲੜਕੀਆਂ ਦਾ ਕਰਵਾਇਆ ਗਿਆ ਹੈ। ਲੜਕੀਆਂ ਨੂੰ ਜੋ ਇਵਜ ਵਜੋਂ ਰਕਮ ਦਿਤੀ ਗਈ ਹੈ ਉਹ ਲੜਕਿਆ ਦੇ ਮੁਕਾਬਲੇ ਨਾ ਮਾਤਰ ਹੈ। ਇਸੇ ਤਰ੍ਹਾਂ ਫਿਲਮੀ ਸਿਤਾਰਿਆਂ ਅਤੇ ਕਲਾਕਾਰਾਂ ’ਤੇ ਕੀਤਾ ਗਿਆ ਖਰਚਾ ਵੀ ਖਿਡਾਰੀਆਂ ਨੂੰ ਦਿਤੇ ਗਏ ਇਵਜਾਨੇ ਤੋਂ ਕਿਤੇ ਜਿਆਦਾ ਹੈ। ਇਕ ਪਾਸੇ ਐਡੇ ਵੱਡੇ ਜਸ਼ਨ ਮਨਾਏ ਜਾ ਰਹੇ ਹਨ ਦੂਜੇ ਪਾਸੇ ਪੰਜਾਬ ਦੇ ਖੇਡ ਵਿਭਾਗ ਦੇ 150 ਕੋਚ ਸਾਹਿਬਾਨ ਨੂੰ ਦੋ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ। ਸਰਕਾਰ ਇਹ ਕਹਿ ਰਹੀ ਹੈ ਕਿ ਇਸ ਵਿਸ਼ਵ ਕਬੱਡੀ ਕੱਪ ਦਾ ਸਾਰਾ ਖਰਚਾ ਪਰਲ ਗਰੁਪ ਨੇ ਕੀਤਾ ਹੈ। ਇਕ ਕਲਾਕਾਰ ਨੂੰ ਵੀ 3 ਕਰੋੜ ਰੁਪਏ ਦਿਤੇ ਗਏ ਹਨ। ਚਲੋ ਇਹ ਹੀ ਮੰਨ ਲਓ ਖਰਚਾ ਪੰਜਾਬ ਸਰਕਾਰ ਨਹੀਂ ਕੀਤਾ। ਪਰਲ ਗਰੁਪ ਦੇ ਖਰਚੇ ’ਤੇ ਸਿਆਸੀ ਲਾਹਾ ਲੈਣਾ ਕੀ ਭਰਿਸ਼ਟਾਚਾਰ ਨਹੀਂ। ਚੋਣਾਂ ਦੇ ਐਨ ਮੌਕੇ ’ਤੇ ਕਿਸੇ ਵੀ ਸਰਮਾਏਦਾਰ ਵਪਾਰੀ ਤੋਂ ਮਦਦ ਲੈਣੀ ਸਿਆਸੀ ਭਰਿਸ਼ਟਾਚਾਰ ਹੈ। ਦੂਜੇ ਇਹਨਾ 16 ਜਿਲਿਆਂ ਦੇ ਸਤਾਰਾਂ ਸਮਾਗਮਾਂ ਦਾ ਪ੍ਰਬੰਧ ਜਿਲਾ ਪ੍ਰਸ਼ਾਸ਼ਨਾਂ ਨੇ ਕੀਤਾ ਹੈ, ਭਾਂਵੇ ਉਸਦਾ ਖਰਚਾ ਸਪਾਂਸਰ ਕਰਵਾਇਆ ਹੋਇਆ ਹੈ। ਜਿਲਾ ਪ੍ਰਬੰਧ ਆਪਣਾ ਇਕ ਮਹੀਨੇ ਲਈ ਅਸਲੀ ਕੰਮ ਭੁਲ ਬੈਠਾ ਸੀ। ਪੁਲਿਸ ਪ੍ਰਸ਼ਾਸ਼ਨ ਤਾਂ ਪੱਬਾਂ ਭਾਰ ਰਹੀ, ਦੂਜੇ ਜਿਲਿਆਂ ਤੋਂ ਪੁਲਸ ਮੰਗਵਾਈ ਸੀ। ਚੰਡੀਗੜ੍ਹ ਤੋਂ ਅਤੇ ਸਾਰੇ ਪੰਜਾਬ ਦੇ ਖੇਤਰਾਂ ਨਾਲ ਵਿਭਾਗ ਨਾਲ ਸੰਬੰਧਤ ਅਧਿਕਾਰੀ ਤੇ ਕਰਮਚਾਰੀ ਜਿਲ੍ਹਿਆਂ ਵਿਚ ਡੇਰੇ ਜਮਾਈ ਬੈਠੇ ਰਹੇ। ਇਹਨਾਂ ਦਾ ਟੀ.ਏ, ਡੀ.ਏ, ਰਹਿਣ ਦਾ ਖਰਚਾ ਕਰੋੜਾਂ ਰੁਪਏ ਤਕ ਪੁਜੇਗਾ, ਪੰਜਾਬ ਨੂੰ ਇਹਦਾ ਕੀ ਲਾਭ ਹੋਵੇਗਾ। ਹਾਂ ਜੇ ਥੋੜਾ ਬਹੁਤਾ ਲਾਭ ਹੋਵੇਗਾ ਤਾਂ ਉਹ ਅਕਾਲੀ ਦਲ ਨੂੰ ਹੀ ਹੋਵੇਗਾ। ਮੰਤਰੀਆਂ ਤੇ ਅਫਸਰਾਂ ਦੀਆਂ ਡਿਊਟੀਆਂ ਲੱਗੀਆਂ ਰਹੀਆਂ ਹਨ। ਕਈ ਦਫਤਰ ਖਾਲੀ ਪਏ ਰਹੇ ਹਨ, ਮੇਰਾ ਸਾਂਈ ਘਰ ਨਹੀਂ ਸਾਨੂੰ ਕਿਸੇ ਦਾ ਡਰ ਨਹੀਂ। ਪੰਜਾਬ ਦੇ ਕਰਮਚਾਰੀਆਂ ਤੇ ਅਧਿਕਾਰੀਆਂ ਨੇ ਛੁਟੀਆਂ ਮਨਾਈਆਂ। ਸਾਢੇ 4 ਕਰੋੜ ਤੋਂ ਉਪਰ ਰੁਪਏ ਦੀ ਰਾਸ਼ੀ ਇਨਾਮਾਂ ਦੇ ਤੌਰ ’ਤੇ ਦਿੱਤੀ ਗਈ। ਖਿਡਾਰੀਆਂ ਦੀ ਆਰਥਕ ਹਾਲਤ ਠੀਕ ਹੋਵੇਗੀ, ਚੰਗੀ ਗਲ ਹੈ ਪ੍ਰੰਤੂ ਪੰਜਾਬ ਦੇ ਜਿਹੜੇ ਨੌਜਵਾਨ ਨਸ਼ਿਆਂ ਵਿਚ ਫਸੇ ਹੋਏ ਹਨ ਉਹਨਾਂ ਨੂੰ ਸਿਧੇ ਰਾਹ ਪਾਉਣ ਲਈ ਸਰਕਾਰ ਕੀ ਉਪਾਅ ਕਰ ਰਹੀ ਹੈ। ਇਹ ਜਰੂਰ ਮਨੰਣ ਵਾਲੀ ਗਲ ਹੈ ਕਿ ਪੰਜਾਬ ਦੇ ਨੌਜਵਾਨਾਂ ਵਿਚ ਹਿਲਜੁਲ ਜਰੂਰ ਹੋਵੇਗੀ, ਉਹ ਆਪਣੇ ਘਰਾਂ ਵਿਚ ਬੈਠਣ ਦੀ ਥਾਂ ਸਰਕਾਰੀ ਸਹੂਲਤਾਂ ਦਾ ਲਾਭ ਉਠਾਕੇ ਇਕ ਦੋ ਦਿਨ ਘੁੰਮ ਫਿਰ ਆਏ ਤੇ ਮੁਫਤ ਦੀ ਆਓ ਭਗਤ ਕਰਵਾਈ। ਸ੍ਰੀ ਸੁਖਬੀਰ ਸਿੰਘ ਬਾਦਲ ਜਿਸਦੇ ਦਿਮਾਗ ਦੀ ਵਿਸ਼ਵ ਕਬੱਡੀ ਕੱਪ ਕਾਢ ਕਿਹਾ ਜਾਂਦਾ ਹੈ, ਕੀ ਉਹ ਪੰਜਾਬ ਵਿਚ ਸਪੋਰਟਸ ਦੇ ਢਾਂਚੇ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰਨਗੇ। ਕਬੱਡੀ ਨੂੰ ਉਲੰਪਿਕ ਵਿਚ ਮਾਨਤਾ ਦਿਵਾਉਣਗੇ? ਇਹ ਸੰਭਵ ਨਹੀਂ। ਕਬੱਡੀ ਭਾਵੇਂ ਪੰਜਾਬ ਦੀ ਖੇਡ ਹੈ ਪ੍ਰੰਤੂ ਜਿਸ ਹਾਕੀ ਨੇ ਪੰਜਾਬ ਦਾ ਨਾਂ ਦੁਨੀਆ ਵਿਚ ਰੋਸ਼ਨ ਕੀਤਾ, ਉਸਨੂੰ ਅਣਗੌਲਿਆ ਕਿਉਂ ਕੀਤਾ ਜਾ ਰਿਹਾ ਹੈ। ਉਸਦੇ ਖਿਡਾਰੀ ਕ੍ਰਿਕਟ ਦੇ ਮੁਕਾਬਲੇ ਬਿਲਕੁਲ ਹੀ ਅਖੋਂ ਪ੍ਰੋਖੇ ਕੀਤੇ ਗਏ ਹਨ। ਜਿਹੜਾ ਸਨਅਤੀ ਘਰਾਣਾ ਇਹਨਾਂ ਖੇਡਾਂ ਵਿਚ ਪੈਸਾ ਪਾਣੀ ਦੀ ਤਰ੍ਹਾਂ ਵਹਾ ਰਿਹਾ ਹੈ, ਉਹ ਆਪਣੇ ਆਪਨੂੰ ਚੇਰੀਟੇਬਲ ਕਹਾਉਂਦਾ ਹੈ। ਇਹਨਾਂ ਖੇਡਾਂ ਦਾ ਚੇਰੀਟੇਬਲ ਨਾਲ ਕੀ ਸੰਬੰਧ ਹੈ। ਚੰਗਾ ਹੋਵੇ ਜੇਕਰ ਪੰਜਾਬ ਸਰਕਾਰ ਇਹੋ ਜਿਹੇ ਹੋਰ ਸਨਅਤੀ ਘਰਾਣਿਆਂ ਤੋਂ ਸਪਾਂਸਰ ਕਰਾਕੇ ਨਸ਼ਿਆਂ ਵਿਚ ਗ੍ਰਸਤ ਨੌਜਵਾਨਾਂ ਨੂੰ ਸਿਧੇ ਰਸਤੇ ਪਾਉਣ ਦੀ ਤਰਕੀਬ ਸੋਚੇ ਤਾਂ ਜੋ ਉਹ ਮੁਖ ਧਾਰਾ ਵਿਚ ਆ ਸਕਣ। ਮੇਰਾ ਕਹਿਣ ਦਾ ਇਹ ਭਾਵ ਨਹੀਂ ਕਿ ਵਿਸ਼ਵ ਕਬੱਡੀ ਆਯੋਜਿਤ ਕਰਵਾਉਣਾ ਮਾੜਾ ਕੰਮ ਹੈ। ਮੇਰਾ ਕਹਿਣਾ ਤਾਂ ਇਹ ਹੈ ਕਿ ਫਜ਼ੂਲ ਖਰਚੀ ਕਰਨ ਦੀ ਥਾਂ ਕੋਈ ਉਸਾਰੂ ਕਦਮ ਚੁੱਕੇ ਜਾਂਦੇ ਤਾਂ ਚੰਗੀ ਗਲ ਸੀ ਪ੍ਰੰਤੂ ਇਸ ਕਬੱਡੀ ਕਪ ’ਤੇ ਸਿਆਸਤ ਕਰਕੇ ਇਸ ਕਪ ਅਤੇ ਖੇਡ ਦੀ ਮਹੱਤਤਾ ਘਟਾਈ ਗਈ ਹੈ।




K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX
- INDIVIDUAL TAX RETURNS
- INCORPORATION OF COMPANIES
- PAYROLL, T4 SLIPS
- CORPORATE TAX RETURNS
- TAX RETURNS FOR SELF EMPLOYED
- SMALL BUSINESS SETUP & BOOKKEEPING
- ACCOUNTING & G.S.T. RETURNS
- FINANCIAL STATEMENTS
FOR FAST REFUND USE E-FILES
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

KAPIL SHARMA
780-469-2677
FAX : 780-469-2026

# RON RANDHAWA

BSc. BSc. MPA.

"I AM PLEASED TO BE ANNOUNCING THAT I WILL BE SEEKING THE PC ALBERTA NOMINATION FOR EDMONTON-MILLWOODS"

## Bio

- 1991- MPA - Master of Public Administration, University of Victoria, BC
- 1989 - BSc -Bachelor of Science (Psychology) University of Victoria, BC
- 1987 - BSc -Bachelor of Science (Biology) University of Victoria, BC
- Graduated with academic award from Reynolds Secondary School, Victoria, BC
- Worked with BC Ministries of Health and Advanced Education,Victoria for 13 years as Research officer, Program Evaluator and Health Information Consultant
- Worked in government, non-profit and private Sector
- Moved to Edmonton in 2005, GM/ Partner of Super 8 Hotel
- Director, Edmonton-Sherwood Park Conservative Party of Canada Association
- Vice President, Policy, Fort Saskatchewan-Vegreville PC Association
- Member of Servus Credit Union Community Council
- Great grandson of late Jathedar Sohan Singh Jalalusman, freedom fighter and politician (MLA and Minister of Punjab Government for many years)



## What I Stand For

- Voicing the needs and concerns of my constituents
- Supporting an open and transparent government
- Honesty, Accountability and Integrity
- More effective and efficient management of provincial funds
- Improving facilities, programs and services for our seniors. While finding ways to allow them to age with the dignity they deserve
- Providing stable funding and efficient management for Education and Health Care
- A better Health Care system that is more accessible for all Albertan's
- Standing up for our provinces industry

Have a Merry Christmas and a Happy New Year





Email: Ronrandhawa@shaw.ca Contact Number: (780) 965-8871 Office Address: Millwoods Plaza 34, 9271 34 Ave (next to Domo)

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ ।

Secure Your Future

**JeevanBima Inc**

ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ ! !

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

ਕੀ ਤੁਸੀਂ ਉਪਰੋਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾਂ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



**Jasvir Deol**

*For All Insurance Needs Book Appointment Today.*

**Calgary**
Bus: (403) 717 - 0666
Cell: (403) 830 - 7007

**Edmonton**
Bus: (780) 465 - 6900
Cell: (780) 906 - 4497


MILLBOURNE ROAD
MEDICAL CLINIC
WALK-INS WELCOME
FAMILY PHYSICIANS
Dr. V.K. Thapar (M.D., CCFP)*
By Appointments Only
Dr. B.S. Jassar (M.D., Ph.D, CCFP)*
Cell: 780 918 0516
Dr. S. Bananda (M.D.)
Ph: 780 462 4229
Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation


WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors
Endless Options
On site full custom designing and manufacturing.
Consultation for Kitchens, Bathrooms, Offices, Dens, Storage etc.
Quality installation and delivery.
One Location - Multiple Considerations
Complete Range of Counter tops including laminate.
Custom Cabinetry
Exceptional Quality Customised Solutions
Premium Construction at Competitive Price.
ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼
Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889


Passport
Photos
by:
Kanwal Lyall
All types of Immigration, Passport,
PIO, Citizenship Photos
Phone: 780-952-8017
lyallstudio@gmail.com


Auto Shine Detailing
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3


SAVE ON DOOR KNOBS & HANDLES!
Austin Door Lock and Handle Set
ONLY $49.99
ONLY $13.99
Villa Passage Knob
Taymor
TRANSITIONAL
2 Piece Deadbolt
ONLY $19.99
Globe Knob
ONLY $9.99
ALEXANDRIA Moulding
MOULDING SPECIALS!
#5010
1⅜" x 4⅜" MDF Primed $1.20 /linear foot
#412
⅝" x 4¼" MDF Primed $0.60 /linear foot
#411
⁹⁄₁₆" x 3" MDF Primed $0.49 /linear foot
#3140
⅜" x 3¼" MDF Primed $0.29 /linear foot
#357
2⅛" x ⅞" MDF Primed $0.19 /linear foot
Taymor MODERN
SAVE ON BATHROOM FIXTURES!
4 Piece Bath Set: Infinity and Corona Models
ONLY $24.99
Robe Hook
Towel Bar
Towel Ring
Paper Holder
Concealed Surface Mount, Lifetime warranty, mounting hardware & installation instructions included. Available in a variety of finishes.


Fancy Doors
& Mouldings
JELD-WEN WINDOWS & DOORS
Masonite
ALEXANDRIA Moulding
Show Specials!
French Doors
Paris
Double "Paris" Doors ONLY $400.99
Single "Paris" Door ONLY $200.99
Interior Door
Bostonian
ONLY $55.99
6-Panel Pre-Hung 18" x 36"
Exterior Door
ONLY $149.99
6-Panel Steel Door with Brick Moulding Pre-Hung (32" or 36") with 4.5" jamb
Creston
ONLY $169.99 Slab
Pantry
ONLY $99.99 Slab
Exterior Wood Doors
A - D103H
B - 1530
C - TDM10H
ONLY $5500.00
Exterior Fibreglass Door
ONLY $299.00
Parlaiment Pre-Hung 32" or 36"
Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Come visit our new, remodeled showroom!
Alberta Location: 9129 - 35 Avenue, Edmonton, AB T6E 5Y1
Ph: 780-432-7700
Fax: 780-432-7710 www.fancydoors.net
Limited time offer. Expires April 30, 2011

ਲੋਕ ਗੀਤਾਂ ਦੇ ਨਾਲ ਨਾਲ

# ਲੋਕ-ਕਵਿਤ੍ਰੀਆਂ ਦੀ ਨਜ਼ਰ 'ਚ ਮਿਰਜ਼ਾ-ਸਾਹਿਬਾਂ

ਪੀਲੂ ਦੇ ਮਿਰਜ਼ੇ ਵਿਚ ਅਜਿਹੇ ਵਿਸਤ੍ਰਿਤ ਵੇਰਵੇ ਕਿਤੇ ਨਹੀਂ ਮਿਲਦੇ। ਸੱਚਮੁਚ ਇਹ ਲੋਕ ਕਵ੍ਰਿਤੀਆਂ ਦੀ ਕਲਪਨਾ ਦਾ ਹੀ ਹਿੱਸਾ ਹੈ। ਸਾਰਾ ਬ੍ਰਿਤਾਂਤ ਕਾਂ ਦੇ ਰਾਹੀਂ ਹੀ ਨੇਪਰੇ ਚੜ੍ਹ ਰਿਹਾ ਸੀ। ਭੂਆ ਬਚਨੀ ਦਾ ਇਹ ਕਮਰਾ ਸ਼ਾਂਤ ਸੀ, ਪਰ ਮੈਂ ਇਸ ਕਮਰੇ ਤੋਂ ਵੀ ਪਾਰ ਵਿਚਰ ਰਿਹਾ ਸਾਂ। ਕਦੇ ਪੀਲੂ ਨਾਲ ਤੁਲਨਾ ਕਰਦਾ, ਕਦੇ ਕਲਪਨਾ ਦੇ ਨਵੇਂ ਵੇਰਵਿਆਂ ਦੇ ਨਾਲ ਰਚਦਾ ਮਿਚਦਾ ਮੈਂ ਗੀਤ ਸੁਣ ਰਿਹਾ ਸਾਂ, ਜੋ ਪਾਣੀ ਦੇ ਵਹਾ ਵਾਂਗ ਅਗਾਂਹ ਵੱਧ ਰਿਹਾ ਸੀ।



ਡਾ. ਕਰਮਜੀਤ ਸਿੰਘ
+91-99927-32006
kjskurukshetra@yahoo.com

ਹਰਿਆਣਾ (ਹੁਸ਼ਿਆਰਪੁਰ ਤੋਂ ਪੰਦਰਾਂ ਕਿਲੋਮੀਟਰ ਦਸੂਹੇ ਵਲ ਨੂੰ ਇਕ ਕਸਬਾ) ਭਾਵੇਂ ਕਸਬਾ ਹੈ ਪਰ ਫੀਲਡ ਵਰਕ ਵਿਚ ਇਸ ਨੇ ਮੈਨੂੰ ਬਹੁਤ ਕੁਝ ਦਿਤਾ ਹੈ। ਇਥੇ ਸਾਡੇ ਬਾਬੇ ਦੇ ਭਰਾ ਦੀ ਕੁੜੀ ਯਾਨੀ ਮੇਰੀ ਭੂਆ ਬਚਨੀ ਰਹਿੰਦੀ ਹੈ। ਉਸ ਨੇ ਬਹੁਤ ਸਾਰੇ ਢੋਲਕ ਗੀਤ, ਮੈਨੂੰ ਸੁਣਾਏ। ਜਦੋਂ ਮੈਂ ਖੇਤਰੀ ਕਾਰਜ ਨੂੰ ਜਨੂੰਨ ਦੀ ਹੱਦ ਤਕ ਕਰ ਰਿਹਾ ਸਾਂ, ਉਸ ਨੂੰ ਪਤਾ ਸੀ ਕਿ ਮੈਂ ਕੀ ਚਾਹੁੰਦਾ ਹਾਂ। ਇਕ ਫੇਰੀ ਤੇ ਉਸ ਨੇ ਮੈਨੂੰ ਕਿਹਾ, "ਕਰਮਜੀਤ, ਇਥੇ ਸਾਡੇ ਨਾ ਇਕ ਸ਼ਕੁੰਤਲਾ ਹੈ, ਉਸ ਨੂੰ ਮਿਰਜ਼ਾ ਆਉਂਦਾ। ਹੁਣ ਤਾਂ ਉਨ੍ਹਾਂ ਦੇ ਘਰ ਕੋਈ ਮਰਗ ਹੋ ਗਈ ਐ ਕਿਤੇ ਫਿਰ ਆਵੇਂਗਾ ਤਾਂ ਮੈਂ ਉਸ ਨੂੰ ਕਹਾਂਗੀ।" ਮੇਰੇ ਲਈ ਇਹ ਸਚਮੁੱਚ ਇਕ ਬਹੁਤ ਵੱਡੀ ਖਬਰ ਸੀ। ਕਿਉਂਕਿ ਹੁਣ ਤਕ ਪ੍ਰਚਲਿਤ ਮਿਰਜ਼ਾ ਸਿਰਫ ਮਰਦ ਹੀ ਗਾਉਂਦੇ ਹਨ। ਔਰਤਾਂ ਵਲੋਂ ਵੀ ਕੋਈ ਅਜਿਹੀ ਸਿਰਜਣਾ ਹੋ ਸਕਦੀ ਹੈ, ਇਹ ਮੈਂ ਤਾਂ ਕੀ ਕਿਸੇ ਨੇ ਵੀ ਨਹੀਂ ਸੀ ਸੋਚਿਆ। ਮੈਂ ਦੋ ਤਿੰਨ ਵਾਰ ਗੇੜੇ ਮਾਰੇ, ਪਰ ਕੋਈ ਨਾ ਕੋਈ ਕਾਰਨ ਬਣਦਾ ਰਿਹਾ ਕਿ ਸ਼ਕੁੰਤਲਾ ਗੀਤ ਨਾ ਗਾ ਸਕੀ।

ਅਗਲੀ ਵਾਰ ਜਦੋਂ ਮੈਂ ਗਿਆ ਤਾਂ ਭੂਆ ਬਚਨੀ ਨੇ ਸ਼ਕੁੰਤਲਾ ਤਕ ਪਹੁੰਚ ਕੀਤੀ। ਉਸ ਨੂੰ ਸਾਹ ਦੀ ਸਮੱਸਿਆ ਸੀ। ਫਿਰ ਵੀ ਭੂਆ ਬਚਨੀ ਉਸ ਨੂੰ ਤੇ ਇਕ ਹੋਰ ਔਰਤ ਭੁਪਿੰਦਰ ਨੂੰ ਸੱਦ ਲਿਆਈ। ਉਸ ਨੂੰ ਪਹਿਲਾਂ ਹੀ ਬਚਨੀ ਨੇ ਦੱਸ ਦਿਤਾ ਹੋਇਆ ਸੀ, ਇਸ ਲਈ ਮੈਨੂੰ ਬਹੁਤੀ ਮਿਹਨਤ ਨਾ ਕਰਨੀ ਪਈ। ਫਿਰ ਵੀ ਮੈਂ ਸ਼ਕੁੰਤਲਾ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਨ ਲਈ ਭੂਆ ਬਚਨੀ ਦੇ ਗਾਏ ਗੀਤਾਂ ਦੀ ਕੈਸਟ ਲਾ ਦਿਤੀ। ਉਹ ਗੀਤ ਸੁਣਦੀ ਤੇ ਹੱਸਦੀ ਰਹੀ। ਭੂਆ ਬਚਨੀ ਨੂੰ ਤਾਂ ਖਿੜ ਖਿੜ ਕੇ ਹੱਸਣ ਦੀ ਆਦਤ ਸੀ, ਹੁਣ ਵੀ ਹੈ। ਉਹ ਹਰ ਗੀਤ 'ਤੇ ਟਿੱਪਣੀਆਂ ਕਰਦੀ ਤੇ ਆਪੇ ਠਹਾਕੇ ਮਾਰ ਮਾਰ ਹੱਸਦੀ। ਕੁਝ ਚਿਰ ਬਾਅਦ, ਉਸਨੇ ਆਪਣੇ ਆਪ ਨੂੰ ਸਹੇਜਣਾ ਸ਼ੁਰੂ ਕੀਤਾ, ਮੈਂ ਵੀ ਇਕਾਗਰ ਮਨ ਨਾਲ ਸੁਣਨ ਲਈ ਤਿਆਰ ਹੋ ਗਿਆ। ਉਸ ਨੇ ਧੀਮੇ ਜਿਹੇ ਬੋਲ ਚੁੱਕਿਆ।

ਚੰਗੀ ਭਲੀ ਗਈ ਸੀ, ਧੀਏ ਕੱਤਣੇ ਨੂੰ,
ਤੂੰ ਤਾਂ ਆਈ ਮਿਰਜ਼ੇ ਨਾਲ ਲੱਗ ਕੇ।
ਕਿਨ ਤੈਨੂੰ ਮਾਰਿਆ ਕੁੱਟਿਆ ਧੀਏ,
ਕਿਨ ਤੈਨੂੰ ਕੱਢੀਆਂ ਸੀ ਗਾਲੀਆਂ।

ਇਹ ਪੰਗਤੀਆਂ ਵਿਚੋਂ ਪਹਿਲੀ ਦਾ ਦੁਹਰਾ ਹੁੰਦਾ ਸੀ ਤੇ ਅਖੀਰ ਤੇ ਲੰਬੀ ਟੁੱਟਦੀ ਸੀ, ਇਸ ਲਈ ਸ਼ਕੁੰਤਲਾ ਨੂੰ ਸਾਹ ਚੜ੍ਹ ਗਿਆ। ਉਹ ਰੁਕ ਗਈ। ਦੁਬਾਰਾ ਸ਼ੁਰੂ ਕਰਨ ਨੂੰ ਦੇਰ ਲੱਗੀ। ਤੈਅ ਇਹ ਹੋਇਆ ਕਿ ਕੁਝ ਪੰਗਤੀਆਂ ਬਾਅਦ ਦਮ ਲੈ ਲਿਆ ਜਾਏਗਾ। ਗੀਤ ਦੀ ਸ਼ੁਰੂਆਤ ਹੀ ਨਾਟਕੀ ਸੀ। ਸਾਹਿਬਾਂ ਤ੍ਰਿੰਝਣ ਵਿਚ ਗਈ ਸੀ, ਪਰ ਆਈ ਤਾਂ ਮਿਰਜ਼ੇ ਨਾਲ ਮਿਲ ਕੇ ਆਉਣ ਦੀ ਖਬਰ ਪਹੁੰਚ ਚੁੱਕੀ ਸੀ। ਇਸੇ ਤੋਂ ਮਾਂ ਖ਼ਫ਼ਾ ਹੈ। ਮਾਂ ਧੀ ਦੇ ਸੰਵਾਦ ਤਿੱਖੇ ਸਨ। ਲੋਕ ਗੀਤ ਕਥਾਵਾਂ ਦੇ ਬ੍ਰਿਤਾਂਤ ਦੀ ਇਕ ਵਿਸ਼ੇਸ਼ਤਾ ਹੈ ਕਿ ਇਸ ਵਿਚ ਬ੍ਰਿਤਾਂਤ ਨਾਂ-ਮਾਤਰ ਹੀ ਹੁੰਦਾ ਹੈ, ਸਥਿਤੀਆਂ ਹੁੰਦੀਆਂ ਹਨ ਤੇ ਵਾਰਤਾਲਾਪ। ਇਨ੍ਹਾਂ ਤੋਂ ਹੀ ਕਹਾਣੀ ਦਾ ਸੂਤਰ ਫੜਨਾ ਪੈਂਦਾ ਹੈ। ਗੀਤ ਦੁਬਾਰਾ ਸ਼ੁਰੂ ਹੋਇਆ। ਹੁਣ ਬਚਨੀ ਤੇ ਭੁਪਿੰਦਰ ਵੀ ਥੋੜ੍ਹਾ ਥੋੜ੍ਹਾ ਸਾਥ ਦੇਣ ਲੱਗੀਆਂ।

ਨਾ ਮੈਨੂੰ ਮਾਰਿਆ ਕੁੱਟਿਆ ਮਾਏ,
ਮੈਨੂੰ ਭੂਆ ਨੇ ਭੇਜਿਆ ਸੀ ਤੇਲ ਨੂੰ,
ਉਥੇ ਮਿਰਜ਼ਾ ਬੈਠਾ ਉਤੋਂ ਹੱਟ ਤੇ
ਓਮ ਤਾਂ ਚੱਕ ਨਾ ਜਾਣਦਾ ਤੱਕੜੀ,
ਮਗਰ ਪਾਉਣ ਨਾ ਜਾਣਦਾ ਵੱਟਤੋਂ,
ਓਅ ਤਾਂ ਹੋਰਨਾਂ ਨੂੰ ਦਿੰਦਾ ਸੀ ਤੋਲ ਕੇ,
ਓ ਤਾਂ ਮੈਨੂੰ ਦਿੰਦਾ ਕੁੱਪਾ ਰੋੜ੍ਹ ਕੇ....।

ਏਨੀਆ ਪੰਗਤੀਆਂ ਨੂੰ ਇਕੋ ਸਾਹ ਗਾਉਣਾ, ਔਖਾ ਸੀ, ਪਰ ਸ਼ਕੁੰਤਲਾ ਹੁਣ ਕੁਝ ਰਵਾਂ ਹੋ ਗਈ ਸੀ। ਮੇਰੇ ਲਈ ਤਾਂ ਇਹ ਪਲ ਰੁਮਾਂਟਿਕ ਸਨ। ਮੈਂ ਉਹ ਕੁਝ ਸੁਣ ਰਿਹਾ ਸਾਂ, ਜਿਸ ਦਾ ਕਿਤੇ ਜ਼ਿਕਰ ਤਕ ਨਹੀਂ ਹੋਇਆ। ਪੀਲੂ ਦੇ ਮਿਰਜ਼ੇ ਵਿਚ ਤਾਂ ਸਾਹਿਬਾਂ ਦੀ ਸੁੰਦਰਤਾ ਬਿਆਨ ਕਰਨ ਲਈ, ਬਣੀਏ ਦੀ ਹੱਟ ਨੂੰ ਵਿਧੀ ਦੇ ਤੌਰ 'ਤੇ ਵਰਤਿਆ ਗਿਆ ਹੈ। ਜਿਥੇ ਸਾਹਿਬਾਂ ਦੀ ਸੁੰਦਰਤਾ ਤੇ ਮੋਹਿਤ ਹੋਇਆ ਬਾਣੀਆਂ ਤੇਲ ਦੇ ਭੁਲੇਖੇ ਸ਼ਹਿਦ ਹੀ ਉਲਟ ਦਿੰਦਾ ਹੈ। ਇਥੇ ਤਾਂ ਮਿਰਜ਼ੇ ਨੂੰ ਹੀ ਹੱਟਵਾਣੀਆਂ ਬਣਾ ਦਿਤਾ ਹੈ। ਬਾਅਦ ਵਿਚ ਮੈਨੂੰ ਪਤਾ ਲੱਗਾ ਕਿ ਸ਼ਕੁੰਤਲਾ ਖੱਤਰੀਆਂ ਵਿਚੋਂ ਹੈ। ਇਸ ਲਈ ਮੈਨੂੰ ਗੀਤ ਵਿਚ ਅਜਿਹਾ ਹੋਣ 'ਤੇ ਕੋਈ ਹੈਰਾਨੀ ਨਹੀਂ ਹੋਈ। ਇਹ ਗੀਤ ਕਿਉਂਕਿ ਪਹਿਲੀ ਵਾਰ ਸੁਣ ਰਿਹਾ ਸੀ ਇਸ ਲਈ ਇਸ ਦਾ ਹਰ ਵੇਰਵਾ ਮੇਰੇ ਲਈ ਅਸਚਰਜ ਭਰਿਆ ਸੀ। ਗੀਤ ਹੁਣ ਅਗਲੀਆਂ ਪਰਤਾਂ ਫਰੋਲਣ ਲੱਗਾ।

ਅਗਲੀਆਂ ਤਾਂ ਪੱਟ ਸਿੱਟਾਂ ਮੀਢੀਆਂ,
ਕੋਈ ਪਿਛਲੀ ਤਾਂ ਪੱਟ ਸਿੱਟਾਂ ਗੁੱਤ ਨੀ।
ਉਠੋ ਵੇ ਪੁੱਤਰੋ ਮੇਰਿਉ ਵਾਰੀ
ਤੁਆਡੀ ਸਾਹਿਬਾਂ ਤਾਂ ਹੋਈ ਮੁਟਿਆਰ ਵੇ
ਏਦਾ ਅੱਛਾ ਤਾਂ ਵਰ ਘਰ ਟੋਲਣਾ।

ਖਰੀਆਂ ਖਰੀਆਂ ਸੁਣਾ ਕੇ ਮਾਂ, ਪੁੱਤਰਾਂ ਨਾਲ ਵਿਚਾਰ ਵਟਾਂਦਰਾ ਕਰਦੀ ਸਮਝਾਉਣੀਆਂ ਦਿੰਦੀ ਹੈ। ਯਥਾਰਥ ਜੀਵਨ ਦੇ ਬਹੁਤ ਨੇੜੇ ਵਿਚਰ ਰਿਹਾ ਸੀ ਇਹ ਗੀਤ।

ਉੱਡੀਂ ਵੇ ਕਾਲਿਆ ਕਾਗਾ, ਵੈ ਮੈਂ ਵਾਰੀ,
ਤੂੰ ਤਾਂ ਜਾਈਂ ਮਿਰਜ਼ੇ ਵਾਲੇ ਦੇਸ ਵੇ,
ਤੂੰ ਤਾਂ ਜਾਏ ਕਹੀਂ, ਮਿਰਜ਼ੇ ਮੇਰੇ ਨੂੰ,
ਤੂੰ ਤਾਂ ਆਉਣਾ ਤਾਂ ਆਜਾ ਅੱਜ ਵੇ,
ਤੇਰਾ ਫੇਰ ਕੋਈ ਨਹੀਂ ਹੱਜ ਵੇ।

ਜੋ ਕੁਝ ਵਾਪਰਿਆ ਹੋ ਸਕਦਾ ਹੈ ਉਸ ਦੀ ਕਲਪਨਾ ਕੀਤੀ ਜਾ ਸਕਦੀ ਹੈ। ਸਾਹਿਬਾਂ ਨੂੰ ਘਰੋਂ ਨਿਕਲਣ ਦੀ ਮਨਾਹੀ ਹੋ ਗਈ ਹੋਵੇਗੀ ਤਾਂ ਹੀ ਤਾਂ ਉਹ ਕਾਵਾਂ ਹੱਥ ਸੁਨੇਹੇ ਭੇਜਣ ਲੱਗ ਪੈਂਦੀ ਹੈ ਤੇ ਉਹ ਸੁਨੇਹੇ ਪਹੁੰਚ ਵੀ ਜਾਂਦੇ ਹਨ। ਲੋਕ ਗੀਤਾਂ ਦਾ ਇਹ ਰੋਮਾਂਟਿਕ ਰੰਗ ਆਪਣੇ ਆਪ ਵਿਚ ਰੰਗੀਲਾ ਹੈ। ਸਾਹਿਬਾਂ ਦਾ ਵਿਆਹ ਵੀ ਧਰ ਹੋ ਗਿਆ ਲੱਗਦਾ ਹੈ ਜਿਸ ਲਈ ਉਹ ਉਤਾਵਲਾਪਨ ਦਿਖਾ ਰਹੀ ਹੈ। ਹੁਣ ਤਕ ਸ਼ਕੁੰਤਲਾ ਨੇ ਆਪਣੀ ਆਵਾਜ਼ ਨੂੰ ਪਹਿਲਾਂ ਨਾਲੋਂ ਸਥਿਰ ਬਣਾ ਲਿਆ ਸੀ। ਕਿਤੇ ਕਿਤੇ ਗੀਤ ਦੇ ਭਾਵਾਂ ਅਨੁਸਾਰ ਮੁਸਕਾਣ ਵੀ ਆ ਰਹੀ ਸੀ।

ਉਡ ਕੇ ਕਾਲਿਆ ਕਾਗਾ ਵੇ,
ਤੂੰ ਜਾਵੀਂ ਸਾਹਿਬਾਂ ਵਾਲੇ ਦੇਸ ਵੇ,
ਤੂੰ ਤਾਂ ਜਾਏ ਕਹੀਂ, ਸਾਹਿਬਾਂ ਮੇਰੀ ਨੂੰ,
ਤੇਰੀਆਂ ਕਿਥੇ ਕੁ ਸੌਂਦੀਆਂ ਭਾਬੀਆਂ,
ਤੇਰੇ ਕਿਥੇ ਕੁ ਸੌਂਦੇ ਵੀਰ ਵੇ,
ਤੇਰੀ ਕਿਥੇ ਕੁ ਸੌਂਦੀ ਆ ਅੰਬੜੀ,
ਤੇਰੇ ਕਿਥੇ ਕੁ ਸੌਂਦੇ ਬਾਪ ਨੀ,
ਤੂੰ ਤਾਂ ਕਿਥੇ ਕੁ ਸੌਂਨੀ ਆਂ ਆਪ ਨੀ,

ਪੀਲੂ ਦੇ ਮਿਰਜ਼ੇ ਵਿਚ ਅਜਿਹੇ ਵਿਸਤ੍ਰਿਤ ਵੇਰਵੇ ਕਿਤੇ ਨਹੀਂ ਮਿਲਦੇ। ਸੱਚਮੁਚ ਇਹ ਲੋਕ ਕਵ੍ਰਿਤੀਆਂ ਦੀ ਕਲਪਨਾ ਦਾ ਹੀ ਹਿੱਸਾ ਹੈ। ਸਾਰਾ ਬ੍ਰਿਤਾਂਤ ਕਾਂ ਦੇ ਰਾਹੀਂ ਹੀ ਨੇਪਰੇ ਚੜ੍ਹ ਰਿਹਾ ਸੀ। ਭੂਆ ਬਚਨੀ ਦਾ ਇਹ ਕਮਰਾ ਸ਼ਾਂਤ ਸੀ, ਪਰ ਮੈਂ ਇਸ ਕਮਰੇ ਤੋਂ ਵੀ ਪਾਰ ਵਿਚਰ ਰਿਹਾ ਸਾਂ। ਕਦੇ ਪੀਲੂ ਨਾਲ ਤੁਲਨਾ ਕਰਦਾ, ਕਦੇ ਕਲਪਨਾ ਦੇ ਨਵੇਂ ਵੇਰਵਿਆਂ ਦੇ ਨਾਲ ਰਚਦਾ ਮਿਚਦਾ ਮੈਂ ਗੀਤ ਸੁਣ ਰਿਹਾ ਸਾਂ, ਜੋ ਪਾਣੀ ਦੇ ਵਹਾ ਵਾਂਗ ਅਗਾਂਹ ਵੱਧ ਰਿਹਾ ਸੀ।

ਉੱਡ ਵੇ ਕਾਲਿਆ ਕਾਗਾ, ਵੇ ਵਾਰੀ,
ਤੂੰ ਤਾਂ ਜਾਈਂ ਮਿਰਜ਼ੇ ਵਾਲੇ ਦੇਸ ਵੇ,
ਤੂੰ ਤਾਂ ਜਾਏ ਕਹੀਂ ਮਿਰਜ਼ੇ ਮੇਰੇ ਨੂੰ,
ਕੋਈ ਮਹਿਲੀਂ ਤਾਂ ਸੌਂਦੀ ਆਂ ਭਾਬੀਆਂ,
ਓਅਨਾ ਕੋਲ ਤਾਂ ਸੌਂਦੇ ਆ ਵੀਰ ਵੇ,
ਕੋਈ ਡੋਅੜੀ 'ਚ ਸੌਂਦੀ ਆ ਅੰਬੜੀ,
ਓਅਦੇ ਕੋਲ ਤਾਂ ਸੌਂਦਾ ਆ ਬਾਪ ਵੇ,
ਓਅ ਤਾਂ ਚੜ੍ਹ ਚੁਬਾਰੇ ਤੇ ਆਪ ਵੇ,
ਮਹਿਲਾਂ ਨੂੰ ਪੌੜੀਆਂ ਨਾ ਲਾਮੀ ਮਿਰਜ਼ਿਆ,
ਮਹਿਲਾਂ ਨੂੰ ਪੌੜੀਆਂ ਨਾ ਲਾਮੀ,
ਤੂੰ ਤਾਂ ਬਾਰੀ ਥਾਣੀ ਚੜ੍ਹ ਆਵੀਂ ਵੇ,
ਕੋਈ ਅੱਖ 'ਚ ਰੌਸ਼ਨੀ ਨਾ ਕਰੀਂ,
ਮੇਰੀ ਬੇਸਰ ਦਾ ਪਊ ਲਿਸ਼ਕਾਰ ਵੇ,
ਮੇਰੀ ਵੀਣੀ ਨੂੰ ਹੱਥ ਨਾ ਲਾਵੀਂ ਵੇ,
ਮੇਰੇ ਚੂੜੇ ਦੀ ਪਊ ਛਣਕਾਰ ਵੇ,
ਮੇਰੇ ਵੀਰੇ ਨੂੰ ਆ ਜਾਊ ਜਾਗ ਵੇ।

ਸਾਹਿਬਾਂ ਸੱਚਮੁਚ ਹੀ ਆਲੇ ਦੁਆਲੇ ਬਾਰੇ ਏਨੀ ਸੁਚੇਤ ਸੀ ਕਿ ਨਿੱਕੀ ਤੋਂ ਨਿੱਕੀ ਗੱਲ ਦਾ ਧਿਆਨ ਰੱਖ ਰਹੀ ਸੀ। ਬੇਸਰ ਦੀ ਲਿਸ਼ਕੋਰ, ਤੇ ਚੂੜੀਆਂ ਦੀ ਛਣਕਾਰ ਤੋਂ ਸੁਚੇਤ। ਕਹਾਣੀ ਹੁਣ ਇਥੇ ਆ ਪਹੁੰਚੀ ਸੀ ਕਿ ਮੈਂ ਇਹ ਸਮਝ ਚੁੱਕਾ ਸਾਂ ਕਿ ਉਹ ਸਥਿਤੀ ਜਿਸ ਵਿਚ ਪੀਲੂ ਦੇ ਰਿਸ਼ਤੇਦਾਰ 'ਰੰਨਾ ਦੀ ਦੋਸਤੀ' ਨੂੰ ਭੰਡਦੇ ਹਨ, ਉਹ ਇਸ ਗੀਤ ਵਿਚੋਂ ਗਾਇਬ ਹੈ। ਪਰ ਅਜੇ ਕੁਝ ਵੀ ਹੋ ਸਕਦਾ ਹੈ। ਅਜੇ ਤਾਂ ਜੰਡ ਦੀ ਕਥਾ ਨੇ ਵੀ ਪ੍ਰਵੇਸ਼ ਕਰਨਾ ਸੀ। ਗੀਤ ਸਥਿਤੀਆਂ ਬਦਲਦਾ ਜਾ ਰਿਹਾ ਸੀ। ਪਾਤਰਾਂ ਦੇ ਕਾਰਜ ਬਦਲ ਰਹੇ ਸਨ ਤੇ ਨਾਲ ਹੀ ਉਨ੍ਹਾਂ ਦੇ ਬੋਲ। ਮੈਂ ਬਿਨਾਂ ਖੜਾਕ ਕੀਤੇ ਸੁਣ ਰਿਹਾ ਸਾਂ, ਸਿਰਫ ਧਿਆਨ ਇਸ ਪਾਸੇ ਸੀ ਕਿ ਟੇਪ ਨਾ ਬੰਦ ਹੋ ਜਾਵੇ, ਜਾਂ ਸਾਈਡ ਬਦਲਣ ਦੀ ਲੋੜ ਨਾ ਪੈ ਜਾਏ। ਗੀਤ ਹੋਰ ਅੱਗੇ ਵੱਲ ਵਧਿਆ।

ਉਠੋ ਵੇ ਪੁੱਤਰੋ ਸੁੱਤਿਓ ਮੈਂ ਵਾਰੀ
ਤੁਆਡੇ ਮਹਿਲੀਂ ਤਾਂ ਪੈ ਗਏ ਚੋਰ ਵੇ
ਤੁਆਡਾ ਮਹਿਲ ਖਜ਼ਾਨਾ ਤਾਂ ਰਹਿ ਗਿਆ
ਤੁਆਡੀ ਸਾਹਿਬਾਂ ਨੂੰ ਲੈ ਗਏ ਚੋਰ ਵੇ।
ਉਠੋ ਵੇ ਪੁੱਤਰੋ ਮੇਰਿਉ
ਘੋੜੇ ਤਾਂ ਤੁਸੀਂ ਲਉ ਬੀੜ ਵੇ,

ਗੀਤ ਨੇ ਜੋ ਗੈਪ ਛੱਡਿਆ ਸੀ, ਉਸ ਵਿਚ ਮਿਰਜ਼ਾ-ਸਹਿਬਾਂ ਘਰੋਂ ਜਾ ਚੁੱਕੇ ਸਨ। ਪੁੱਤਰਾਂ ਨੂੰ ਜਗਾਉਣ ਦਾ ਜ਼ਿੰਮਾ ਮਾਂ ਦਾ ਹੈ। ਵੈਸੇ ਗੀਤ ਵਿਚ ਸਪੱਸ਼ਟ ਨਹੀਂ, ਇਹ ਬੋਲ ਪਿਉ ਦੇ ਵੀ ਹੋ ਸਕਦੇ ਹਨ। ਜੋ ਵੀ ਸੀ ਘਰ ਦਿਆਂ ਲਈ ਭਾਣਾ ਵਰਤ ਚੁੱਕਾ ਸੀ। ਹੁਣ ਉਹ ਘੋੜੇ 'ਬੀੜ' ਕੇ ਦੋਨਾਂ ਦੇ ਮਗਰ ਜਾਣਗੇ। ਕੁਝ ਤਾਂ ਸਾਡੇ ਸਭਿਆਚਾਰ ਵਿਚ ਵੇਰਵੇ ਪ੍ਰਾਪਤ ਹੀ ਹਨ ਮੈਂ ਉਨ੍ਹਾਂ ਲੀਹਾਂ 'ਤੇ ਹੀ ਸੋਚ ਰਿਹਾ ਸਾਂ ਪਰ ਗੀਤ ਮੈਨੂੰ ਝਕਾਨੀ ਦੇ ਰਿਹਾ ਸੀ।

ਉਠੀ ਵੇ ਮਿਰਜ਼ਿਆ ਸੁੱਤਿਆ,
ਕੋਈ ਵੀਰਾਂ ਜਹੇ ਕੋਈ ਆ ਗਏ।
ਓਅਨਾਂ ਹੱਥ ਵਿਚ ਰੰਗਲੇ ਗਾਤਰੇ,
ਓਅ ਤਾਂ ਕਰਦੇ ਆ, ਮਾਰੋ ਮਾਰ ਵੇ।

ਜਿਸ ਹੋਣੀ ਦਾ ਡਰ ਸੀ ਉਹ ਸਿਰਾਂ 'ਤੇ ਸੀ ਉਹ ਆ ਪਹੁੰਚੀ। ਮੈਂ ਹੈਰਾਨ ਸਾਂ ਕਿ ਜੰਡ ਦਾ ਅਜੇ ਤਕ ਕੋਈ ਜ਼ਿਕਰ ਨਹੀਂ ਸੀ ਆਇਆ, ਸ਼ਾਇਦ ਅੱਗੇ ਹੋਵੇ।

ਮੈਨੂੰ ਤਾਂ ਭਾਵਾਂ ਵੱਢ ਸੁੱਟੋ ਵੀਰੋ,
ਇਸ ਮਿਰਜ਼ੇ ਨੂੰ ਕੁਝ ਵੀ ਨਾ ਆਖਿਉ।
ਇਹ ਤਾਂ ਇਕ ਬਾਬੇ ਦਾ ਪੋਤਰਾ,
ਇਹ ਤਾਂ ਇਕ ਬਾਬਲ ਦਾ ਐ ਬੇਟੜਾ
ਕਿਤੇ ਜੱਗ ਵਿਚ ਰਹਿ ਜਾਏ ਨਾਂ ਵੇ,

ਹੁਣ ਸਥਿਤੀ ਸਾਫ ਸੀ ਕਿ ਜੰਡ ਔਰਤਾਂ ਦੇ ਮਿਰਜ਼ੇ ਵਿਚੋਂ ਗਾਇਬ ਹੈ, ਜੇ ਹੁੰਦਾ ਤਾਂ ਔਰਤ ਮਰਦ ਵਲੋਂ ਲਾਏ ਗਏ ਉਹ ਸਾਰੇ ਇਲਜ਼ਾਮ ਸਵੀਕਾਰ ਕਰ ਰਹੀ ਹੁੰਦੀ, ਜੋ ਪੀਲੂ ਨੇ ਉਸ ਉਪਰ ਲਾਏ ਸਨ। ਸੱਚਮੁਚ ਇਹ ਗੀਤ ਕਿਸੇ ਕਹਾਣੀ ਦੀ ਨਕਲ ਨਹੀਂ ਸੀ, ਸਗੋਂ ਔਰਤ ਦੀ ਆਪਣੀ ਮੌਲਿਕ ਸਿਰਜਣਾ ਸੀ ਜਿਸ ਵਿਚ ਉਹ ਅਪਾਣਾ ਪੱਖ ਰੱਖ ਰਹੀ ਸੀ। ਉਪਰਲੀਆਂ ਸੰਖੇਪ ਸਥਿਤੀਆਂ ਦਸਦੀਆਂ ਹਨ ਕਿ ਗੀਤ ਇਕਦਮ ਤੇਜ਼ੀ ਫੜ ਗਿਆ ਸੀ। ਸਾਹਿਬਾਂ ਮੌਤ ਸਾਹਵੇਂ ਵੀ ਮਿਰਜ਼ੇ ਦਾ ਜੀਵਨ ਦਾਨ ਮੰਗ ਰਹੀ ਸੀ। ਆਪ ਉਹ ਮਰਨ ਕਬੂਲ ਕਰ ਰਹੀ ਸੀ। ਸ਼ਕੁੰਤਲਾ ਨੇ ਆਪਣੀ ਲੈਅ ਇਕਸਾਰ ਰੱਖੀ ਹੋਈ ਸੀ।

ਤੈਨੂੰ ਤਾਂ ਕੁਝ ਨਹੀਂ ਆਖਣਾ ਭੈਣੇ,
ਏਸ ਮਿਰਜ਼ੇ ਦੇ ਟੁਕੜੇ ਚਾਰ ਨੀ।
ਉਚੇ ਤਾਂ ਦੱਬਿਓ ਇਹਨੂੰ ਵੇ ਵੀਰੋ,
ਕਿਤੇ ਨੀਵੇਂ ਨਾ ਦੱਬਿਉ ਮੈਨੂੰ ਵੇ।
ਕਿਤੇ ਉਚੇ ਦਾ ਪਾਣੀ ਤਾਂ ਲੱਗ ਜਾਵੇ,
ਕਿਤੇ ਜੱਗ ਵਿਚ ਰਹਿ ਜਾਵੇ ਨਾ ਵੇ।

ਗੀਤ ਅਤਿ ਦੇ ਭਾਵਕ ਖੇਤਰ ਵਿਚ ਸ਼ਾਮਲ ਹੋ ਗਿਆ ਸੀ। ਸ਼ਕੁੰਤਲਾ, ਭੁਪਿੰਦਰ ਤੇ ਬਚਨੀ ਪੂਰੀਆਂ ਤਣਾਉ ਵਿਚ ਆਈਆਂ ਹੋਈਆਂ ਸਨ। ਸਾਹ ਚੜ੍ਹਨ ਤੋਂ ਇਲਾਵਾ, ਸ਼ਕੁੰਤਲਾ ਦੀ ਆਵਾਜ਼ ਵਿਚ ਕੰਬਣੀ ਵੀ ਆ ਗਈ ਸੀ। ਮੈਂ ਵੀ ਉਨ੍ਹਾਂ ਦੀ ਇਸ ਸਥਿਤੀ ਵਿਚ ਸ਼ਾਮਲ ਸੀ। ਕੀ ਭਰਾ ਸਾਹਿਬਾਂ ਦੀ ਇਹ ਬੇਨਤੀ ਸਵੀਕਾਰ ਕਰ ਲੈਣਗੇ? ਮਨ ਵਿਚ ਸ਼ੰਕਾ ਸੀ,

ਉਚੇ ਤਾਂ ਦੱਬਣਾ ਤੈਨੂੰ ਭੈਣੇ,
ਕਿਤੇ ਨੀਮੇ ਤਾਂ ਦੱਬਣਾ ਇਹਨੂੰ ਨੀ।
ਕਿਤੇ ਉਚੇ ਦਾ ਪਾਣੀ ਤਾਂ ਨਾ ਲੰਘੇ,
ਕਿਤੇ ਨੀਮੇ ਨੂੰ ਪਾਣੀ ਤਾਂ ਨਾ ਆਵੇ।
ਕਿਤੇ ਜਗ ਵਿਚ ਨਾ ਰਵੇ ਨਾਂ ਨੀ।

ਇਥੇ ਆ ਕੇ ਗੀਤ ਰੁਕ ਗਿਆ। ਤਿੰਨਾਂ ਨੇ ਸੁਖ ਦਾ ਸਾਹ ਲਿਆ। ਮੇਰੀ ਗੰਭੀਰਤਾ ਟੁੱਟ ਨਹੀਂ ਸੀ ਰਹੀ। ਤਿੰਨੋ ਹੌਲੀ ਹੌਲੀ ਗੱਲਾਂ ਵਿਚ ਰੁਝ ਗਈਆਂ। ਮੇਰੇ ਕੋਲ ਤਾਂ ਧੰਨਵਾਦ ਦੇ ਵੀ ਕੋਈ ਸ਼ਬਦ ਨਹੀਂ ਸਨ। ਗੀਤ ਮਿਰਜ਼ਾ ਸਾਹਿਬਾਂ ਦੀ ਮੌਤ ਨਾਲ ਸਮਾਪਤ ਹੋਇਆ। ਗੱਲਾਂ ਤੋਂ ਮੈਨੂੰ ਇਹ ਜਾਣਕਾਰੀ ਵੀ ਮਿਲੀ ਕਿ ਗੀਤ ਲਾਹੌਰ ਵਲੋਂ ਪਾਕਿਸਤਾਨ ਦੀ ਵੰਡ ਤੋਂ ਬਾਅਦ ਇਧਰ ਆਇਆ ਸੀ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਪਿੰਡ ਡਡਿਆਣੇ ਤੋਂ ਵੀ ਮਿਰਜ਼ਾ ਸੁਣਿਆ। ਉਸ ਦੇ ਕਈ ਵੇਰਵੇ ਨਵੇਂ ਸਨ। ਇਸ ਤੋਂ ਅੰਦਾਜ਼ਾ ਲਾਇਆ ਕਿ ਔਰਤਾਂ ਦੇ ਮਿਰਜ਼ੇ ਦੀਆਂ ਆਪਣੀਆਂ ਵਿਸ਼ੇਸ਼ਤਾਵਾਂ ਹਨ ਤੇ ਇਹ ਆਮ ਗਾਇਆ ਜਾਂਦਾ ਰਿਹਾ ਹੈ। ਉਹ ਗੀਤ ਪਾਠਕਾਂ ਦੇ ਸਨਮੁੱਖ ਕਿਤੇ ਫਿਰ ਰੱਖਾਂਗਾ। ਫਿਲਹਾਲ ਤਾਂ ਇਨਾਂ ਹੀ। ਮੈਂ ਚਾਹੁੰਦਾ ਹਾਂ ਕਿ ਪੀਲੂ ਦੇ ਮਿਰਜ਼ੇ ਦੇ ਨਾਲ ਇਹ ਗੀਤ ਜ਼ਰੂਰ ਪੜ੍ਹੇ ਜਾਣ। ਇਸ ਲਈ ਪਿੱਛੇ ਜਿਹੇ ਜਦੋਂ ਮੈਂ ਡਾ. ਸੁਰਿੰਦਰ ਸ਼ਾਂਤ ਦੀ ਪੁਸਤਕ ਬਿਆਨ ਹਲਫੀਆ ਦਾ ਮੁੱਖਬੰਧ ਲਿਖ ਰਿਹਾ ਸਾਂ ਤਾਂ ਇਹ ਗੀਤ ਮੈਂ ਪੂਰੇ ਦਾ ਪੂਰਾ ਦੇ ਕੇ ਔਰਤ ਦੇ ਪੱਖ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਸੀ। ਗੀਤਾਂ ਦਾ ਸਫਰ ਲੰਬਾ ਹੈ, ਇਹ ਉਥੇ ਹੀ ਨਹੀਂ ਖੜ੍ਹ ਰਿਹਾ। ਇਹ ਤਾਂ ਅਜੇ ਵੀ ਜਾਰੀ ਹੈ।



# ਕਿਰਤੀਆਂ ਲਈ ਸਾਰੀ ਦੁਨੀਆ ਮੰਗਣ ਵਾਲਾ ਸ਼ਾਇਰ ਫ਼ੈਜ਼



ਸੁਲੱਖਣ ਸਰਹੱਦੀ
+91-94174-84337
sulakhansarhaddi@gmail.com

ਭਾਰਤ ਉਪ ਮਹਾਂਦੀਪ ਵਿਚ ਲੱਖਾਂ ਕਵੀ ਪੈਦਾ ਹੋਏ ਅਤੇ ਪੈਦਾ ਹੁੰਦੇ ਰਹਿਣਗੇ ਪਰ ਫ਼ੈਜ਼ ਅਹਿਮਦ ਫ਼ੈਜ਼ ਵਰਗਾ ਯੁੱਗ ਕਵੀ ਕਦੇ ਕਦੇ ਜਨਮ ਲੈਂਦਾ ਹੈ। ਫ਼ੈਜ਼ ਨੇ ਬੇਨੂਰੀ ਵਿਚ ਸ਼ਿਅਰਾਂ ਦੀਆਂ ਫੁਲਝੜੀਆਂ ਨਾਲ ਨੂਰ ਬਖੇਰੇ ਅਤੇ ਖਲੋਤੀ ਜ਼ਿੰਦਗੀ ਨੂੰ ਨਵੀਆਂ ਧੜਕਣਾ ਬਖ਼ਸ਼ੀਆਂ। ਬੇਹਿੱਸ ਹੋਏ ਚਿਹਰਿਆਂ ਨੂੰ ਨਵੀਆਂ ਆਸਾਂ ਨਾਲ ਜੋੜਿਆ ਅਤੇ ਲੋਕਾਂ ਵਿਚ ਉਮੰਗਾਂ ਅਤੇ ਉਮੀਦਾਂ ਦੀ ਸੀਰਨੀ ਵੰਡੀ। ਉਹੀ ਕਵੀ ਲੋਕਾਂ ਵਿਚ ਹਰਮਨ ਪਿਆਰੇ ਅਤੇ ਅਮਰ ਰਹਿੰਦੇ ਹਨ ਜੋ ਵਕਤ ਦੇ ਔਰੰਗੇਸ਼ਾਹਾਂ ਦੇ ਬਰਖ਼ਿਲਾਫ਼ ਲੋਕਾਂ ਦੇ ਖ਼ਾਮੋਸ਼ ਰੋਹ ਨੂੰ ਬੋਲਾਂ ਵਿਚ ਤਸਦੀਕ ਕਰ ਦੇਣ। ਜਦੋਂ ਬਾਬਾ ਨਾਨਕ 'ਰਾਜੇ ਸੀਹ ਮੁਕਦਮ ਕੁਤੇ।। ਜਾਇ ਜਗਾਇਨਿ ਬੈਠੇ ਸੁਤੇ।।' ਵਰਗੇ ਬੋਲਾਂ ਨਾਲ ਲੋਕ ਬਾਣੀ ਵਿਚ ਸੁਰਤ ਤੇ ਸੁਰ ਪੈਦਾ ਕਰਦਾ ਹੈ ਤਾਂ ਜ਼ੁਲਮ ਦੇ ਸਾਰੇ ਕਾਬਲ ਕੰਧਾਰ ਥਰਥਰਾਉਂਦੇ ਹਨ। ਜਦੋਂ ਦਸਮੇਸ਼ ਪਿਤਾ 'ਚੂੰ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ਹਲਾਲ ਅਸਤ ਬੁਰਦਨ ਬਾ ਸਮਸ਼ੀਰ ਦਸਤ' ਦਾ ਐਲਾਨ ਕਰਦੇ ਹਨ ਤਾਂ ਦੱਬੇ ਕੁਚਲੇ ਅਤੇ ਹੁੱਟੇ ਹਾਰੇ ਬੇਚਾਰੇ ਲੋਕ ਹਾਲਾਤ ਦੇ ਚਾਰਗਰ ਹੋ ਨਿੱਬੜਦੇ ਹਨ। ਫ਼ੈਜ਼ ਦੀ ਸ਼ਾਇਰੀ ਵਿਚ ਅਥਾਹ ਸ਼ਕਤੀ ਹੌਸਲਾ ਅਤੇ ਆਤਮ ਵਿਸ਼ਵਾਸ ਹੈ। ਉਸ ਦੇ ਸ਼ਿਅਰ ਲੋਕਾਂ ਵਿਚੋਂ ਸੁੱਤੀ ਅਣਖ ਤੇ ਬਹਾਦਰੀ ਨੂੰ ਹਲੂਣ ਕੇ ਜਗਾਉਂਦੇ ਹਨ। ਉਸਦੀ ਸ਼ਾਇਰੀ ਪੜ੍ਹਦਿਆਂ ਮਨਾਂ ਦੇ ਹਨੇਰੇ ਛਟਦੇ ਅਤੇ ਸੁਹਣੇਰੇ ਭਵਿੱਖ ਦੀਆਂ ਚਿਣਗਾਂ ਫੁਟਦੀਆਂ ਹਨ। ਫ਼ੈਜ਼ ਨੇ ਸਥਾਪਤੀ ਦੇ ਜ਼ੁਲਮਾਂ ਦੇ ਸਾਹਮਣੇ ਖਿੰਡੀ ਪੁੰਡੀ ਲੋਕ ਸ਼ਕਤੀ ਨੂੰ ਆਸਮੁਖੀ ਜਦੋ ਜਹਿਦ ਦਾ ਅਹਿਦ ਪ੍ਰਦਾਨ ਕੀਤਾ। ਉਹ ਫ਼ੈਜ਼ ਹੀ ਸੀ ਜਿਸ ਨੇ ਜ਼ਾਲਮ ਹਕੂਮਤ ਦੀਆਂ ਵਧੀਕੀਆਂ ਨੂੰ ਸਵੀਕਾਰਦਿਆਂ ਸਿਰਜਣਾ ਦਾ ਕਾਰਜ ਅਣਖ ਦੇ ਘੇਰੇ ਵਿਚ ਰੱਖਿਆ। ਉਸ ਨੇ ਸਾਬਤ ਕੀਤਾ ਕਿ ਜੇਲ੍ਹਾਂ ਨਜ਼ਰਬੰਦੀਆਂ ਅਤੇ ਹਥਕੜੀਆਂ ਦੀ ਵਿਰੋਧੀ ਰੁੱਤ ਵਿਚ ਵੀ ਲੋਕਤਾ ਦੇ ਸੂਹੇ ਫੁੱਲ ਖਿੜਾਏ ਜਾ ਸਕਦੇ ਹਨ।

ਫ਼ੈਜ਼ ਨੂੰ ਕੇਵਲ ਭਾਰਤ-ਪਾਕਿਸਤਾਨ ਵਿਚ ਹੀ ਲੋਕਾਂ ਨੇ ਅੱਖਾਂ ਉਤੇ ਨਹੀਂ ਬਿਠਾਇਆ ਸਗੋਂ ਉਸ ਦਾ ਸ਼ੁਮਾਰ ਸੰਸਾਰ ਦੇ ਸਿਰਮੌਰ ਅਤੇ ਲੋਕਤਾ ਪੱਖੀ ਕਵੀਆਂ ਵਿਚ ਹੈ ਅਤੇ ਭਾਰਤ ਉਪ ਮਹਾਂਦੀਪ ਵਾਸਤੇ ਇਹ ਵੱਡੇ ਮਾਣ ਵਾਲੀ ਗੱਲ ਹੈ।

1911-12 ਦਾ ਸਾਲ ਫ਼ੈਜ਼ ਦੀ ਜਨਮ ਸ਼ਤਾਬਦੀ ਵਜੋਂ ਸੰਸਾਰ ਭਰ ਵਿਚ ਮਨਾਇਆ ਜਾ ਰਿਹਾ ਹੈ। ਇਸ ਯੁੱਗ ਕਵੀ ਨੂੰ ਅਸੀਂ ਇਸ ਨਿਮਾਣੇ ਜਿਹੇ ਲੇਖ ਰਾਹੀਂ ਆਪਣੇ ਦਿਲ ਤੋਂ ਸੂਹੀ ਸ਼ਰਧਾਂਜਲੀ ਭੇਟ ਕਰਦੇ ਹਾਂ।

ਫ਼ੈਜ਼ ਦਾ ਜਨਮ ਜ਼ਿਲ੍ਹਾ ਸਿਆਲਕੋਟ (ਪੰਜਾਬ) 13 ਫਰਵਰੀ 1911 ਨੂੰ ਹੋਇਆ। ਉਸ ਦਾ ਪਿਤਾ ਗਰੀਬ ਸੀ ਜੋ ਕਿ ਪਿੰਡ ਦੇ ਡੰਗਰ ਚਾਰਦਾ ਹੁੰਦਾ ਸੀ ਪਰ ਇਕ ਸਕੂਲ ਮਾਸਟਰ ਦੀ ਮਿਹਰ ਸਦਕਾ ਉਹ ਪਿੰਡ ਦੇ ਸਕੂਲ ਦਾਖ਼ਲ ਹੋਇਆ। ਇਸ ਦਾ ਨਾਮ ਚੌਧਰੀ ਸੁਲਤਾਨ ਮੁਹੰਮਦ ਸੀ, ਜਿਹੜਾ ਆਪਣੀ ਲਗਨ ਅਤੇ ਮਿਹਨਤ ਸਦਕਾ ਬਾਅਦ ਵਿਚ ਬੈਰਿਸਟਰ ਅਤੇ ਇੰਗਲੈਂਡ ਵਰਗੇ ਮੁਲਕ ਦਾ ਸਫ਼ੀਰ ਵੀ ਰਿਹਾ। ਸੁਲਤਾਨ ਮੁਹੰਮਦ ਸੰਸਾਰ ਕਵੀ ਇਕਬਾਲ ਦਾ ਦੋਸਤ ਸੀ।

ਫ਼ੈਜ਼ ਨੇ ਲਾਹੌਰ ਦੇ ਮਿਸ਼ਨ ਹਾਈ ਸਕੂਲੋਂ ਮੈਟ੍ਰਿਕ ਅਤੇ ਗੌਰਮਿੰਟ ਕਾਲਜ ਲਾਹੌਰ ਤੋਂ 1931 ਵਿਚ ਬੀ.ਏ. ਕੀਤੀ। ਇਥੋਂ ਹੀ 1933 ਵਿਚ ਐਮ.ਏ. ਅੰਗਰੇਜ਼ੀ ਅਤੇ ਓਰੀਐਂਟਲ ਕਾਲਜ ਲਾਹੌਰ ਤੋਂ ਅਰਬੀ ਦੀ ਐਮ.ਏ. ਕੀਤੀ। 1935 ਵਿਚ ਉਹ ਅੰਮ੍ਰਿਤਸਰ ਵਿਖੇ ਪ੍ਰੋਫੈਸਰ ਲੱਗੇ। 1940 ਵਿਚ ਉਹ ਲਾਹੌਰ ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਜਾ ਲੱਗੇ। ਦੂਜੀ ਜੰਗ ਵੇਲੇ ਫ਼ੈਜ਼ ਅੰਗਰੇਜ਼ੀ ਆਰਮੀ ਵਿਚ ਕਪਤਾਨ ਵਜੋਂ ਭਰਤੀ ਹੋਏ ਅਤੇ ਕਰਨਲ ਦੇ ਅਹੁਦੇ ਤੋਂ ਅਸਤੀਫਾ ਦੇ ਦਿਤਾ ਅਤੇ ਲਾਹੌਰ ਆ ਵੱਸੇ। 1947 ਦੀ ਦੇਸ਼ ਵੰਡ ਉਪਰੰਤ ਫ਼ੈਜ਼ ਨੇ ਆਪਣਾ ਵਤਨ ਪਾਕਿਸਤਾਨ ਚੁਣਿਆ।

ਕਹਿਣ ਨੂੰ ਭਾਰਤ ਆਜ਼ਾਦ ਹੋ ਗਿਆ ਪਰ ਫ਼ੈਜ਼ ਸਮਝਦਾ ਸੀ ਕਿ ਇਹ ਉਹ ਆਜ਼ਾਦੀ ਨਹੀਂ ਜਿਸ ਵਾਸਤੇ ਹਜ਼ਾਰਾਂ ਭਾਰਤੀ ਸ਼ਹੀਦ ਹੋ ਗਏ ਸਨ। ਪੰਜਾਬ ਦੀ ਵੰਡ ਸਮੇਂ ਹੋਈ ਕਤਲੋਗਾਰਤ ਨੇ ਫ਼ੈਜ਼ ਦੇ ਸ਼ਾਇਰ ਮਨ ਨੂੰ ਝੰਜੋੜ ਕੇ ਰੱਖ ਦਿਤਾ ਸੀ। ਉਸ ਸਮੇਂ ਉਸ ਨੇ ਲਿਖਿਆ :

ਯੇ ਦਾਗ਼ ਦਾਗ਼ ਉਜਾਲਾ, ਯੇ ਸ਼ਬ ਗਜ਼ੀਦਾ ਸਹਰ
ਵੋ ਇੰਤਜ਼ਾਰ ਥਾ ਜਿਸਕਾ, ਯੇ ਵੋਹ ਸਹਰ ਤੋ ਨਹੀਂ
ਚਲੋ ਚਲੋ ਕਿ ਵੁਹ ਮੰਜ਼ਲ ਅਭੀ ਨਹੀਂ ਆਈ

ਇਧਰ ਭਾਰਤ ਵਿਚ ਵੀ ਫ਼ੈਜ਼ ਵਰਗੇ ਚੇਤਨ ਸ਼ਾਇਰ ਲੋਕਾਂ ਨੂੰ ਦੱਸ ਰਹੇ ਸਨ ਕਿ ਜਿਹੜੀ ਆਜ਼ਾਦੀ ਵਾਸਤੇ ਲੋਕ ਕਟ ਮਰੇ ਸਨ, ਇਹ ਉਹ ਆਜਾਦੀ ਨਹੀਂ। ਉਹ ਇਹ ਵੀ ਸੱਦਾ ਦੇ ਰਹੇ ਸਨ ਕਿ ਅਸਲ ਆਜ਼ਾਦੀ ਵਾਸਤੇ ਅਜੇ ਲੰਮੀ ਜਦੋ-ਜਹਿਦ ਕਰਨੀ ਪਵੇਗੀ। ਐਸੀਆਂ ਕਵਿਤਾਵਾਂ ਰਾਵੀ ਦੇ ਇਧਰ ਵੀ ਤੇ ਉਧਰ ਵੀ ਹਾਕਮਾਂ ਨੂੰ ਅੱਖ ਤਿਣ ਨਹੀਂ ਸਨ ਭਾਉਂਦੀਆਂ। ਫ਼ੈਜ਼ ਐਸੀ ਆਜ਼ਾਦੀ ਦੇ ਜਸ਼ਨਾਂ ਬਾਰੇ ਲੋਕਾਂ ਨੂੰ ਵਿਅੰਗ ਵਿਧਾ ਰਾਹੀਂ ਜਗਾ ਰਿਹਾ ਸੀ :

ਪਾਗਲਪਨ ਦੀ ਯਾਦ ਮਨਾਉ ਕਿ ਜਸ਼ਨ ਦਾ ਦਿਨ ਹੈ
ਸੂਲੀ ਫਾਂਸੀ ਖ਼ੂਬ ਸਜਾਉ ਕਿ ਜਸ਼ਨ ਦਾ ਦਿਨ ਹੈ।

ਡਾਕੂ ਆਗੂ ਇਕ ਤਰ੍ਹਾਂ ਦੇ ਅਜ ਨਾ ਕਰੋ ਨਖੇੜਾ ਕੋਈ
ਸਭਨਾਂ ਦੇ ਸੰਗ ਹਥ ਮਿਲਾਉ ਕਿ ਜਸ਼ਨ ਦਾ ਦਿਨ ਹੈ।



ਫ਼ੈਜ਼ ਦੇਸ਼ ਵਿਚ ਆਈ ਅਖੌਤੀ ਆਜ਼ਾਦੀ ਨੂੰ ਨਹੀਂ ਸੀ ਪਰਵਾਨਦਾ। ਉਸ ਦਾ ਮੱਤ ਸੀ ਕਿ ਭਾਰਤ -ਪਾਕਿ ਵਿਚ ਰਾਜ ਕਰਨ ਵਾਲੀ ਟੀਮ ਬਦਲੀ ਹੈ ਬਾਕੀ ਕੋਈ ਨਿਯਮ ਜਾਂ ਅਸੂਲ ਨਹੀਂ ਬਦਲੇ। ਪਰ ਨਵੀਂ ਹਕੂਮਤ ਐਸੀਆਂ ਜੀਭਾਂ ਨੂੰ ਠਾਕ ਦੇਣ ਲਈ ਤਤਪਰ ਸੀ ਜੋ ਉਨ੍ਹਾਂ ਦੀਆਂ ਰਾਜ ਗੱਦੀਆਂ ਵੱਲ ਅਣਖੀ ਨਿਗਾਹ ਨਾਲ ਵੇਖਦੀਆਂ ਸਨ। ਇਸੇ ਲਈ 1951 ਵਿਚ ਹੀ ਲਿਆਕਤ ਅਲੀ ਖਾਂ ਦੀ ਹਕੂਮਤ ਸਮੇਂ ਫ਼ੈਜ਼ ਨੂੰ ਹਕੂਮਤ ਦਾ ਤਖਤਾ ਪਲਟਣ ਦੇ ਝੂਠੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ। ਫ਼ੈਜ਼ ਰਾਵਲਪਿੰਡੀ ਸਾਜ਼ਸ਼ ਕੇਸ ਅਧੀਨ ਚਾਰ ਸਾਲ ਤਕ ਕੈਦ ਰਿਹਾ। ਉਸ ਨੂੰ ਜੇਲ੍ਹ ਵਿਚ ਇਕਾਂਤ ਵਿਚ ਗਿਆ ਅਤੇ ਕਿਸੇ ਨਾਲ ਵੀ ਮੁਲਾਕਾਤ ਨਾ ਕਰਨ ਦਿਤੀ ਗਈ। 30 ਅਪ੍ਰੈਲ 1955 ਨੂੰ ਇਸ ਸ਼ਾਇਰ ਨੂੰ ਰਿਹਾਅ ਕੀਤਾ ਗਿਆ। ਜੇਲ੍ਹ ਵਿਚ ਉਸ ਨੇ ਲਿਖਿਆ :

ਮਤਾਤੇ-ਲੋਹ ਵਾ ਕਲਮ ਛਿਨ ਗਈ ਤੋ ਕਿਆ ਗਮ ਹੈ
ਕਿ ਖ਼ੂਨੇ ਜਿਗਰ ਮੇਂ ਡਬੋ ਲੀ ਹੈ ਉਂਗਲੀਆਂ ਮੈਂਨੇ
ਜੁਬਾਂ ਪਰ ਮੋਹਰ ਲਗੀ ਹੈ ਤੋ ਕਿਆ ਹੈ
ਕਿ ਰੱਖ ਦੀ ਹੈ,
ਹਰ ਇਕ ਹਲਕਾ ਦੇ ਜੰਜੀਰ ਮੇਂ ਜੁਬਾਂ ਮੈਂਨੇ।

ਫ਼ੈਜ਼ ਨੂੰ 1958 ਵਿਚ ਸੇਫਟੀ ਐਕਟ ਅਧੀਨ ਫਿਰ ਤੋਂ ਕੈਦ ਕਰ ਲਿਆ ਗਿਆ ਤੇ ਇਕ ਸਾਲ ਬਾਅਦ ਰਿਹਾਅ ਕੀਤਾ ਗਿਆ। ਉਹ ਜਲਾਵਤਨ ਵੀ ਰਿਹਾ ਪਰ ਸਮੇਂ ਦੀ ਹਕੂਮਤ ਨਾਲ ਉਸ ਨੇ ਕਦੇ ਵੀ ਸਮਝੌਤਾ ਨਾ ਕੀਤਾ। ਉਸ ਨੂੰ ਜਦ ਪਾਕਿਸਤਾਨ ਦੀ ਉਘੀ ਸੰਸਥਾ ਆਰਟ ਕੌਂਸਲ ਦਾ ਕਾਰਜ ਭਾਰ ਕੁਝ ਸ਼ਰਤਾਂ ਅਧੀਨ ਸਵੀਕਾਰਨ ਲਈ ਸਰਕਾਰੀ ਹੁਕਮ ਆਏ ਤਾਂ ਉਸ ਨੇ ਸਾਫ ਨਾਂਹ ਕਰ ਦਿਤੀ ਤੇ ਕਿਹਾ ਕਿ ਮੈਂ ਸ਼ਰਤਾਂ ਅਧੀਨ ਕੰਮ ਨਹੀਂ ਕਰਾਂਗਾ। ਆਖ਼ਰ ਸਰਕਾਰ ਝੁਕੀ ਤੇ ਉਸ ਨੇ ਆਰਟ ਕੌਂਸਲ ਵਿਚ ਨਵੀਂ ਰੂਹ ਫੂਕ ਦਿਤੀ। ਮਗਰੋਂ ਜਦ ਪਾਕਿਸਤਾਨੀ ਫੌਜੀ ਰਾਜ ਨੇ ਇਸ ਕੌਂਸਲ ਉਤੇ ਵੀ ਸੀ.ਆਈ.ਡੀ. ਦੀ ਨਿਗਰਾਨੀ ਥੋਪ ਦਿਤੀ ਤਾਂ ਫ਼ੈਜ਼ ਨੇ ਇਹ ਆਰਟ ਕੌਂਸਲ ਵੀ ਤਿਆਗ ਦਿਤਾ।

ਇਨ੍ਹਾਂ ਹੀ ਸਮਿਆਂ ਵਿਚ ਫ਼ੈਜ਼ ਨੂੰ ਸੰਸਾਰ ਪ੍ਰਸਿੱਧ ਲੈਨਿਨ ਸ਼ਾਂਤੀ ਪੁਰਸ਼ਕਾਰ ਪ੍ਰਦਾਨ ਕੀਤਾ ਗਿਆ ਤੇ ਉਹ ਖੁਦ ਮਾਸਕੋ ਗਿਆ।

ਫ਼ੈਜ਼ ਦੀ ਸ਼ਾਇਰੀ ਵਿਚ ਪਾਕਿਸਤਾਨ ਦੇ ਲੋਕਾਂ ਦੇ ਗਮ ਪਰੁੱਤੇ ਹੋਏ ਹਨ। ਫ਼ੈਜ਼ ਪਾਕਿਸਤਾਨ ਵਿਚਲੀਆਂ ਸ਼ਹਿਰੀ ਆਜ਼ਾਦੀਆਂ ਦਾ ਘਾਣ ਹੁੰਦਿਆਂ ਨਹੀਂ ਸੀ ਵੇਖ ਸਕਦਾ। ਉਸ ਦੀ ਸ਼ਾਇਰੀ ਦੇ ਸਰੋਕਾਰ ਸੰਸਾਰ ਪੱਧਰੀ ਬਣਦੇ ਗਏ ਅਤੇ ਵਿਸ਼ਵ ਵਿਚ ਕਿਸੇ ਵੀ ਦੇਸ਼ ਦੇ ਲੋਕਾਂ ਦੀਆਂ ਸਖ਼ਸ਼ੀ ਆਜ਼ਾਦੀਆਂ ਉਤੇ ਹਾਕਮਾਂ ਵਲੋਂ ਛਾਪਾਮਾਰੀ ਕੀਤੀ ਜਾਂਦੀ ਤਾਂ ਉਸ ਦੀ ਕਲਮ ਉਨ੍ਹਾਂ ਦੇ ਹੱਕਾਂ ਵਿਚ ਨਾਅਰਾ ਗੁੰਜਾਉਂਦੀ। ਫ਼ੈਜ਼ ਹਮੇਸ਼ਾ ਹੀ ਖੱਬੇ ਪੰਖੀ ਵਿਚਾਰਾਂ ਨਾਲ ਲੈੱਸ ਰਹੇ। ਜੇਲ੍ਹਾਂ ਦੀਆਂ ਜ਼ਰਦ ਦੀਵਾਰਾਂ, ਧੂੜ ਮਿੱਟੀ, ਜੰਜੀਰਾਂ ਹਿਕਾਰਤੀ ਚਿਹਰੇ, ਹੁੰਮ ਤੇ ਸੈਲਾਬ ਨੇ ਉਸ ਨੂੰ ਨਿਰਾਸਤਾ ਦੇ ਹਨੇਰੇ ਵਿਚ ਡੋਬਣ ਦਾ ਕਵੀ ਵੇਰ ਯਤਨ ਕੀਤਾ ਪਰ ਉਹ ਆਪਣੇ ਸੁਖਨ ਨੂੰ ਨਵੀਆਂ ਕੋਪਲਾਂ ਦੇ ਰੂਪ ਵਿਚ ਵੇਖ ਕੇ ਫੇਰ ਤੋਂ ਭਵਿੱਖ ਮੁਖੀ ਹੋ ਜਾਂਦਾ ਰਿਹਾ। ਜੇਲ੍ਹਾਂ ਨੇ ਉਸ ਨੂੰ ਇਕਾਂਤ ਵਿਚ ਸੋਚਣ ਤੇ ਡੂੰਘੀ ਚਿੰਤਨ ਸ਼ੈਲੀ ਦਾ ਮੌਕਾ ਦਿਤਾ। ਫ਼ੈਜ਼ ਨੇ ਆਪਣੇ ਮਨੋਬਲ ਨੂੰ ਕਦੇ ਡਿੱਗਣ ਨਾ ਦਿਤਾ ਅਤੇ ਹਮੇਸ਼ਾ ਚੜ੍ਹਦੀਕਲਾ ਵਿਚ ਨਜ਼ਮਾਂ ਰਚਦੇ ਰਹੇ। ਆਉ ਫ਼ੈਜ਼ ਦੀ ਸ਼ਾਇਰੀ ਵਿਚੋਂ ਕੁਝ ਨਮੂਨੇ ਜ਼ਿਹਨਸ਼ੀਲ ਕਰੀਏ :

----

ਕਟਤੇ ਭੀ ਚਲੋ ਬੜਤੇ ਭੀ ਚਲੋ
ਬਾਜ਼ੂ ਭੀ ਬਹੁਤ ਹੈਂ ਸਰ ਭੀ ਬਹੁਤ
ਚਲਤੇ ਭੀ ਚਲੋ ਕਿ ਅਬ ਡੇਰੇ
ਮੰਜ਼ਿਲ ਹੀ ਪੇ ਡਾਲੇ ਜਾਏਂਗੇ

----

ਅਸੀਂ ਮਿਹਨਤਕਸ਼ ਜਗ ਵਾਲਿਆਂ ਤੋਂ ਜਦ ਆਪਣਾ ਹਿੱਸਾ ਮੰਗਾਂਗੇ
ਇਕ ਖੇਤ ਨਹੀਂ ਇਕ ਦੇਸ਼ ਨਹੀਂ ਅਸੀਂ ਸਾਰੀ ਦੁਨੀਆ ਮੰਗਾਂਗੇ।
ਜੋ ਲਹੂ ਵਗਿਆ ਜੋ ਬਾਗ ਉਜੜੇ ਜੋ ਗੀਤ ਦਿਲਾਂ ਵਿਚ ਕਤਲ ਹੋਏ
ਹਰ ਕਤਰੇ ਦਾ ਹਰ ਗੁੱਛੇ ਦਾ ਹਰ ਗੀਤ ਦਾ ਬਦਲਾ ਮੰਗਾਂਗੇ।
ਇਹ ਸੇਠ ਵਪਾਰੀ ਰਜਵਾੜੇ ਹਨ ਲੱਖ ਤੇ ਅਸੀਂ ਕਰੋੜਾਂ ਹਾਂ
ਇਹ ਦੱਸਣ ਭਈ 'ਅਮਰੀਕਾ ਤੋਂ ਕਿੰਜ ਨਿੱਤ ਸਹਾਰਾ ਮੰਗਾਂਗੇ'
ਜਾਂ ਗੱਲ ਸਿੱਧੀ ਹੋ ਜਾਵੇਗੀ, ਜਦ ਸਭ ਝਗੜੇ ਮਿਟ ਜਾਵਣਗੇ
ਅਸੀਂ ਹਰ ਇਕ ਦੇਸ਼ ਦੇ ਝੰਡੇ 'ਤੇ, ਇਕ ਲਾਲ ਸਿਤਾਰਾ ਮੰਗਾਂਗੇ।

----

ਜਿਸ ਧੱਜ ਸੇ ਕੋਈ ਮਕਤਲ ਮੇ ਗਿਆ
ਵੋਹ ਸ਼ਾਨ ਸਲਾਮਤ ਰਹਿਤੀ ਹੈ
ਯਹ ਜਾਨ ਤੋ ਆਨੀ ਜਾਨੀ ਹੈ
ਇਸ ਜਾਨ ਕੀ ਕੋਈ ਬਾਤ ਨਹੀਂ।

----

ਕਿਸੇ ਲੁਭਾਏਗਾ ਮੇਰੇ ਲਹੂ ਕਾ ਵਾਵੇਲਾ
ਮੇਰੇ ਫਿਗਾਰ ਬਦਨ ਮੇ ਲਹੂ ਹੀ ਕਿਤਨਾ ਹੈ
ਸਜੇ ਤੋ ਕੈਸੇ ਸਜੇ ਕਤਲੇਆਮ ਕਾ ਮੇਲਾ
ਚਿਰਾਗ ਹੋ ਕੋਈ ਰੌਸ਼ਨ ਨਾ ਕੋਈ ਜਾਮ ਭਰੇ
ਨਾ ਇਸ ਸੇ ਆਗ ਹੀ ਭੜਕੇ ਨਾ ਇਸ ਸੇ ਪਿਆਸ ਬੁਝੇ
ਮੇਰੇ ਫਿਗਾਰ ਬਦਨ ਮੇ ਲਹੂ ਹੀ ਕਿਤਨਾ ਹੈ

----

ਐ ਖਾਕ ਨਸ਼ੀਨੋ ਉਠ ਬੈਠੋ ਵੁਹ ਵਕਤ ਕਰੀਬ ਆ ਪਹੁੰਚਾ ਹੈ
ਜਬ ਤਖਤ ਗਿਰਾਏ ਜਾਏਂਗੇ ਜਬ ਤਾਜ ਉਛਾਲੇ ਜਾਏਂਗੇ

ਅਬ ਟੂਟ ਗਿਰੇਂਗੀ ਜੰਜੀਰੇਂ, ਅਬ ਜਿੰਦਾਨੋ ਕੀ ਖੈਰ ਨਹੀਂ
ਜੋ ਦਰਿਆ ਝੂਮ ਕੇ ਉਠੇ ਹੈ, ਤਿਨਕੋ ਸੇ ਨਾ ਟਾਲੇ ਜਾਏਂਗੇ

----

ਝਾਂਜਰਾਂ ਵਾਂਗ ਜ਼ੰਜੀਰਾਂ ਛਣਕਾਈਆਂ ਨੇ
ਕਦੀਂ ਪੈਰੀਂ ਬੇੜੀਆਂ ਪਾਈਆਂ ਨੇ
ਕਦੀ ਕੰਨੀਂ ਮੁੰਦਰਾਂ ਪਾਈਆਂ ਨੇ

ਤੇਰੀ ਤਾਂਘ ਵਿਚ ਪੱਟ ਦਾ ਮਾਸ ਦੇ ਕੇ
ਕਦੀ ਕਾਗ ਸੱਦੇ ਅਸੀਂ ਸ਼ੀਂਹ ਘੱਲੇ

----

ਉਠ ਉਤਾਂਹ ਹੁਣ ਜੱਟਾ, ਮਰਦਾ ਕਿਉਂ ਜਾਨਾਂ?
ਭੋਲਿਆ ਤੂੰ ਅੰਨ ਦਾਤਾ ਏਂ, ਤੇਰੀ ਬਾਂਦੀ ਧਰਤੀ ਮਾਤਾ ਏ
ਤੂੰ ਜਗ ਦਾ ਪਾਲਣਹਾਰਾ, ਤੂੰ ਮਰਦਾ ਕਿਉਂ ਜਾਨਾਂ
ਉਠ ਉਤਾਂਹ ਨੂੰ ਜੱਟਾ ਤੂੰ ਮਰਦਾ ਕਿਉਂ ਜਾਨਾਂ
ਜਨਰਲ ਕਰਨਲ ਸੂਬੇਦਾਰ, ਡਿਪਟੀ ਡੀਸੀ ਥਾਣੇਦਾਰ
ਸਾਰੇ ਤੇਰਾ ਦਿਤਾ ਖਾਵਣ,
ਤੂੰ ਜੇ ਨਾ ਬੀਜੇਂ ਤੂੰ ਜੇ ਨਾ ਉਗਾਵੇਂ, ਸਭ ਭੁੱਖੇ ਮਰ ਜਾਵਣ
ਜੇ ਚੜ੍ਹ ਆਵਣ ਫੌਜਾਂ ਵਾਲੇ, ਤੂੰ ਵੀ ਛਵੀਆਂ ਤਿੱਖੀਆਂ ਕਰਾ ਲੈ
ਤੇਰਾ ਹੱਕ ਤੇਰੀ ਤਲਵਾਰ ਤੂੰ ਮਰਦਾ ਕਿਉਂ ਜਾਨਾਂ....

----

ਵੇਖ ਕਿ ਲੁਹਾਰ ਦੀ ਭੱਠੀ ਵਿਚ, ਤੇਜ਼ ਨੇ ਅੰਗਾਰ ਤੇ ਲਾਲ ਹੈ ਲੋਹਾ
ਖੁਲ੍ਹਣ ਲੱਗੇ ਮੂੰਹ ਜੰਦਰਿਆਂ ਦੇ, ਬੋਲ ਕਿ ਸਚ ਜਿੰਦਾ ਹੈ ਹੁਣ ਤਕ

----

ਗਮ ਨਾ ਕਰ, ਦਰਦ ਥਮ ਜਾਏਗਾ
ਯਾਰ ਮੁੜ ਆਉਣਗੇ ਦਿਲ ਠਹਿਰ ਜਾਏਗਾ, ਗਮ ਨਾ ਕਰ...
ਰੁਤ ਬਦਲ ਜਾਏਗੀ ਗਮ ਨਾ ਕਰ...

----

ਆਓ! ਹੱਥ ਉਠਾਈਏ ਆਪਾਂ
ਅਸੀਂ ਜਿੰਨ੍ਹਾਂ ਨੂੰ
ਦੁਆ ਦੀ ਕੋਈ ਰਸਮ ਯਾਦ ਨਹੀਂ
ਅਸੀਂ ਜਿਨ੍ਹਾਂ ਨੂੰ
ਪਿਆਰ ਮੁਹੱਬਤ ਦੇ ਦਰਦਾਂ ਤੋਂ ਬਿਨਾਂ
ਹੋਰ ਕੋਈ ਰੁੱਤ
ਹੋਰ ਕੋਈ ਖੁਦਾ ਯਾਦ ਨਹੀਂ
ਆਓ ਦੁਆ ਕਰੀਏ... ਉਹ ਜਿਨ੍ਹਾਂ ਦੇ ਸਿਰ 'ਤੇ
ਜ਼ੁਲਮ ਦੀ ਤੇਗ਼ ਦਾ ਪ੍ਰਛਾਵਾਂ ਹੈ
ਉਨ੍ਹਾਂ ਨੂੰ ਕਾਤਲ ਦੇ ਹੱਥਾਂ ਨੂੰ
ਝਟਕ ਦੇਣ ਦੀ ਸ਼ਕਤੀ ਮਿਲੇ ... ਕਿ ਉਹ ਜਿਨ੍ਹਾਂ ਦੇ ਜੀਵਨ
ਵਿਚ ਹਨੇਰਾ ਹੈ
ਉਨ੍ਹਾਂ ਦੀਆਂ ਰਾਤਾਂ ਵਿਚ
ਕੋਈ ਮੋਮਬੱਤੀ ਰੌਸ਼ਨ ਹੋਵੇ
ਆਮੀਨ!

BeLL STUCCO & RENOVATION
Residential
Commertial
ਰੇਨੋਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੇ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266 Fax: 780 463 7363

A City Limos Ltd.
Ph: 780-462-4940
Toll Free: 1-888-462-4623
Edmonton-Calgary
Vancouver
Wedding
School Proms
Birthday
City Tours
Airport Service
Contact
780-951-7260
e-mail: dhaliwalsd@hotmail.com, www.acitylimousine.com

# ਫੇਰ ਕੀ

ਮਾਨਸਾ ਜ਼ਿਲ੍ਹੇ ਦੇ ਪਿੰਡ ਜੋਗਾ ਦਾ ਜੰਮ-ਪਲ ਦਰਸ਼ਨ ਜੋਗਾ ਕਿੱਤੇ ਵਜੋਂ ਡਰਾਫਟਸਮੈਨ ਹੈ। ਲਿਖਣਾ ਭਾਵੇਂ ਥੋੜ੍ਹਾ ਅਰਸਾ ਪਹਿਲਾਂ ਹੀ ਸੁਰੂ ਕੀਤਾ ਹੈ ਪਰ ਪਿੰਡ ਦੇ ਜੀਵਨ, ਸੱਭਿਆਚਾਰ ਤੇ ਭਾਸ਼ਾ 'ਤੇ ਉਸ ਦੀ ਪਕੜ ਹੈ। ਉਸਦੀਆਂ ਕਹਾਣੀਆਂ ਕਿਸਾਨਾਂ ਦੇ ਜ਼ਮੀਨ ਅਧਾਰਤ ਰਿਸ਼ਤਿਆਂ, ਔਰਤ ਦੀ ਤ੍ਰਾਸਦੀ ਅਤੇ ਜਵਾਨੀ ਦੇ ਮਸਲਿਆਂ ਨੂੰ ਮੁਖ਼ਾਤਿਬ ਹੁੰਦੀਆਂ ਹਨ। ਉਹ ਨਿਰਾਸ਼ਾ ਨੂੰ ਉਲੀਕਦਾ ਹੋਇਆ ਵੀ ਭਵਿੱਖ ਪ੍ਰਤੀ ਆਸਵੰਦ ਰਹਿੰਦਾ ਹੈ ਤੇ ਸਮੇਂ ਦੇ ਹਾਣ ਦੀਆਂ ਨਾ ਰਹੀਆਂ ਪੁਰਾਤਨ ਕਦਰਾਂ-ਕੀਮਤਾਂ ਨੂੰ ਰੱਦ ਕਰਦਾ ਹੈ।

ਦਰਸ਼ਨ ਜੋਗਾ ਦਾ ਹੁਣੇ-ਹੁਣੇ ਛਪਿਆ ਕਹਾਣੀ ਸੰਗ੍ਰਹਿ 'ਨਮਸਕਾਰ' ਸਾਹਿਤਕ ਹਲਕਿਆਂ 'ਚ ਕਾਫੀ ਸਲਾਹਿਆ ਜਾ ਰਿਹਾ ਹੈ। – ਸੰਪਾਦਕ



ਦਰਸ਼ਨ ਜੋਗਾ
+91- 98720-01856
darshanjoga@yahoo.co.in

"ਬਾਪੂ ਜੀ ਚਲੋ ਫੇਰ ਕੁਵੇਲਾ ਹੋਜੂ।"

ਵੱਡੇ ਪੋਤੇ ਗੋਲਡੀ ਦੇ ਬੋਲ ਮੇਰੇ ਕੰਨਾਂ 'ਚ ਪੈਂਦੇ ਨੇ।

"ਆਇਆ ਬੇਟੇ," ਮੇਰੇ ਮੂੰਹੋਂ ਇਕਦਮ ਨਿਕਲਦਾ ਹੈ। ਮੰਜੇ ਕੋਲ ਪਏ ਸਟੂਲ ਨੂੰ ਪਾਸੇ ਕਰਕੇ ਉੱਠਣ ਲੱਗਦਾ ਹਾਂ। ਤਿਆਰ ਹੋ ਕੇ ਵੀ ਜਾਣ ਨੂੰ ਮਨ ਨਹੀਂ ਮੰਨਦਾ। ਐਨੇ 'ਚ ਮੇਰੇ ਕੋਲ ਆ ਕੇ ਗੋਲਡੀ ਚਾਹ ਵਾਲੇ ਕੱਪ ਚੁੱਕਦਾ ਪੁੱਛਦਾ ਹੈ-

"ਕੀ ਗੱਲਾਂ ਕਰਦੇ ਸੀ? ਪਾਪਾ ਨਾਲ ਬਾਪੂ ਜੀ ਬਹੁਤ ਦੇਰ ਲਾਤੀ। ਮੈਂ ਸੋਚਦਾ ਸਾਂ ਕਦ ਮੀਟਿੰਗ ਮੁੱਕੇ। ਗੱਡੀ ਬਾਹਰ ਕੱਢਾਂ। ਬਾਪੂ ਜੀ ਕਿਉਂ ਐਵੇਂ ਉਲਝੇ ਪਏ ਓਂ ਤੁਸੀਂ। ਸਭ ਆਵਦੀ ਆਵਦੀ ਕਰਦੇ ਐ। ਹਰੇਕ ਨੇ ਮਨ ਆਈ ਕੀਤੀ ਐ। ਫਿਰ ਜਦ ਤੁਹਾਡੀ ਕੋਈ ਪਰਵਾਹ ਨਾ ਕਰੇ, ਤੁਸੀਂ ਐਵੇਂ ਸਾਹ ਸੁਕਾਈ ਜਾਓਂ। ਕੀ ਗੱਲ ਬਣਦੀ ਐ। ਤੁਸੀਂ ਮੌਜ ਕਰੋ, ਸਭ ਗੱਲਾਂ ਠੀਕ ਹੁੰਦੀਆਂ ਨੇ। ਹਰੇਕ ਅਪਣੇ ਅਪਣੇ ਐਂਗਲ ਤੋਂ ਜਸਟੀਫਾਈ ਕਰਦੈ।" ਗੋਲਡੀ ਨੂੰ ਪਤਾ ਤਾਂ ਹੈ ਪਰ ਗੱਲ ਸਿਰਫ ਗੱਲ ਕਰਨ ਵਾਸਤੇ ਹੀ ਪੁੱਛੀ ਹੈ ਉਸਨੇ।

ਗੋਲਡੀ ਦੀ ਗੱਲ ਸੁਣ ਕੇ ਮਨ ਫੇਰ ਉਲਟ-ਪੁਲਟ ਹੋਣ ਲੱਗ ਪਿਆ ਹੈ। ਇਸ ਬੱਚੇ ਨੂੰ ਕੀ ਦੱਸਾਂ, ਲਖਵੀਰ ਕਿਵੇਂ ਲੋਹੇ ਦਾ ਥਣ ਬਣਿਆ ਆਵਦੀ ਪਗੌਣ 'ਤੇ ਅੜਿਆ ਖੜਿਐ। ਇਉਂ ਲਾਗੇ ਦੇਗੇ ਥੋੜ੍ਹੇ ਖਤਮ ਹੋ ਜਾਂਦੇ ਨੇ ਜਿਉਂਦਿਆਂ ਜੀਆਂ ਦੇ। ਨਾਲੇ ਮਨੀ ਦੇ ਕਾਰਿਆਂ ਨੇ ਤਾਂ ਪਹਿਲਾਂ ਕਿੱਥੋਂ ਤੱਕ ਪਹੁੰਚਾਏ ਪਏ ਆਂ। ਹੱਦ ਹੋਈ ਪਈ ਐ ਇਸ ਟੱਬਰ ਆਲੀ। ਚਲੋ ਕੋਈ ਵੇਲਾ ਹੁੰਦੈ, ਤੱਤਾ ਠੰਡਾ ਵੀ ਹੋਇਆ ਜਾਂਦੈ। ਨਾਲੇ ਇਹੋ ਜਿਹਾ ਕੀ ਉਪੱਦਰ ਖੜਾ ਕਰਤਾ ਤੇਰੇ ਭਾਈ ਨੇ, ਜਿਹੜਾ ਤੂੰ ਸਹੁਰਿਆ ਬੁਰੇ ਦੇ ਬਾਰ ਤਾਈਂ ਪਹੁੰਚਿਆ ਖੜਿਐਂ। ਲਖਵੀਰ ਦੀਆਂ ਹੁਣੇ ਸੁਣੀਆਂ ਗੱਲਾਂ ਨਾਲ ਤਾਂ ਦੇਹ ਝੂਠੀ ਹੋਈ ਪਈ ਐ। ਸੁਖਵੀਰ ਏਡਾ ਵੀ ਮਾੜਾ ਨਹੀਂ ਹੈ ਜਿੰਨਾ ਲਖਵੀਰ ਤੇ ਇਹ ਲਾਣਾ ਬਣਾਉਣ 'ਤੇ ਤੁਲਿਆ ਖੜਿਐ।

"ਚੱਲੀਏ ਬਾਪੂ ਜੀ।" ਗੋਲਡੀ ਨੇ ਫਿਰ ਆਵਾਜ਼ ਮਾਰੀ। ਕਾਰ ਉਸ ਨੇ ਗੇਟ ਤੋਂ ਬਾਹਰ ਕੱਢ ਲਈ ਹੈ। "ਤੇਰੇ ਪਾਪਾ ਤੋਂ ਸਾਰੇ ਕੰਮ ਕਾਰ ਪੁੱਛ ਲਏ ਨੇ?" ਕਾਰ ਦੀ ਅਗਲੀ ਸੀਟ 'ਤੇ ਬੈਠਦਿਆਂ ਮੈਂ ਸੁਭਾਵਿਕ ਹੀ ਉਸਨੂੰ ਪੁੱਛਿਆ ਹੈ।

"ਹਾਂ ਜੀ, ਬਸ ਤੁਸੀਂ ਬੈਠੋ। ਸਭ ਕੁਝ ਸਮਝ ਲਿਐ।"

ਪੋਤੇ ਗੋਲਡੀ ਦੀ ਤਿਆਰੀ ਲਈ ਕੁਛ ਸਾਮਾਨ ਸ਼ਹਿਰੋਂ ਲੈਣਾ ਹੈ। ਇਸ ਦੇ ਨਾਲ ਜਾ ਰਿਹਾ ਹਾਂ।

ਉਸੇ ਸ਼ਹਿਰ ਸੁਖਵੀਰ ਰਹਿਣ ਲੱਗ ਪਿਐ। ਲਖਵੀਰ ਦੀਆਂ ਘੁਰਕੀਆਂ ਯਾਦ ਕਰਕੇ ਇਹਨਾਂ ਦੋਵਾਂ ਦਾ ਬਚਪਨ ਮੇਰੀਆਂ ਅੱਖਾਂ ਅੱਗੋਂ ਲੰਘਣਾ ਸ਼ੁਰੂ ਹੋ ਗਿਐ।

ਦੋਵੇਂ ਅੱਗੜ ਪਿੱਛੜ ਦੇ ਸਨ। ਮਸਾਂ ਡੂਢ ਕੁ ਸਾਲ ਦਾ ਫ਼ਰਕ ਸੀ ਇਹਨਾਂ ਦਾ ਆਪਸ ਵਿਚ। ਦੋਵੇਂ ਕੱਠੇ ਖੇਡਦੇ। ਇਹਨਾਂ ਦੀ ਮਾਂ ਦੋਹਾਂ ਦੇ ਇਕੋ ਜਿਹੇ ਕੁੜਤੇ ਪਜਾਮੇ ਸਿਲਾਕੇ ਪਵਾ ਦਿੰਦੀ। ਜੂੜੇ ਕਰਕੇ ਚਿੱਟੇ ਰੁਮਾਲ ਬੰਨ੍ਹ ਦਿੰਦੀ।

ਕੇਸੀਂ ਨਵ੍ਹਾ ਕੇ ਜਦ ਸਿਰ ਨੂੰ ਤੇਲ ਲਦਾਉਣ ਲਗਦੀ ਸੁਖਵੀਰ ਰਾਮ ਨਾਲ ਤੇਲ ਲਵਾਉਂਦਾ ਪਰ ਲਖਵੀਰ ਅੜਕੇ ਖੜ੍ਹ ਜਾਂਦਾ।

"ਹਾਲੇ ਨੀ, ਹਾਲੇ ਨੀ, ਅਸੀਂ ਤਾਂ ਖੇਡਦੇ ਆਂ।"

ਮਸਾਂ ਫੜਕੇ ਬਿਠਾਉਂਦੀ ਇਹਨਾਂ ਦੀ ਮਾਂ ਇਹਨੂੰ। ਵਿਹੜੇ 'ਚ ਭੱਜੇ ਫਿਰਦੇ ਖਰਗੋਸ਼ਾਂ ਵਰਗੇ ਲੱਗਦੇ। ਗੁਆਂਢ ਦੀ ਜਲ ਕੁਰ ਬੁੜ੍ਹੀ ਵੇਖ ਕੇ ਕਹਿੰਦੀ,

"ਕੁੜੇ ਸੁਰਜੀਤ ਕੁਰੇ, ਤੇਰੇ ਦੋਵਾਂ ਪੁੱਤਾਂ ਦੀ ਤਾਂ ਮੈਨੂੰ ਸਿਆਣ ਈ ਨੀਂ ਆਉਂਦੀ। ਇਕੋ ਜੇ ਨੇ।"

ਸਕੂਲ ਪੜ੍ਹਨ ਲਾਏ। ਦੋਵੇਂ ਇਕੱਠੇ ਜਾਂਦੇ। ਆ ਕੇ ਵੀ ਇਕੱਠੇ ਪੜ੍ਹਦੇ। ਇਕ ਦਿਨ ਇਹਨਾਂ ਦੀ ਮਾਂ ਫੀਸ ਦੇਣ ਗਈ। ਨਵੀਂ ਆਈ ਭੈਣ ਜੀ ਪੁੱਛਣ ਲੱਗੀ, ਜੌੜੇ ਨੇ ਇਹ?"

ਘਰੇ ਆ ਕੇ ਇਹਨਾਂ ਦੀ ਮਾਂ ਹੱਸਣੋਂ ਨਾ ਹਟੇ, "ਫੋਟ ਜੈ ਖਾਣੇ ਦੀ ਨੂੰ ਪੁੱਛਣ ਆਲਾ ਹੋਵੇ- ਜਨਮ ਤਰੀਕ ਲਿਖ ਕੇ ਹੀ ਦਾਖਲ ਕਰਾਏ ਨੇ। ਤੂੰ ਦੇਖ ਕੇ ਤਾਂ ਗੱਲ ਕਰ।"

ਲਖਵੀਰ ਘੱਟ ਪੜ੍ਹਦਾ ਸੀ। ਸੁਖਵੀਰ ਤਾਂ ਘਰੇ ਆ ਕੇ ਵੀ ਕਿਤਾਬਾਂ ਕਾਪੀਆਂ ਨਾਲ ਚਿੰਬੜਿਆ ਰਹਿੰਦਾ। ਪਰ ਦੋਵੇਂ ਵਧੀਆ ਨੰਬਰਾਂ ਨਾਲ ਪਾਸ ਹੁੰਦੇ। ਦਸਵੀਂ ਪਾਸ ਕਰਕੇ ਸੁਖਵੀਰ ਕਹਿੰਦਾ, "ਮੈਂ ਤਾਂ ਕਾਲਜ 'ਚ ਲੱਗਣੈ।"

ਲਖਵੀਰ ਘੇਸਲ ਜੀ ਮਾਰੇ। ਖੇਤ ਦਾ ਵੱਧ ਪਿਆਰਾ ਸੀ ਇਹ। ਇਸੇ ਕਰਕੇ ਖੇਤੀ 'ਚ ਪੈ ਗਿਆ। ਊਂ ਤਾਂ ਚੰਗਾ ਹੋਇਆ। ਮੈਥੋਂ ਕੰਮਾਂ ਕਾਰਾਂ 'ਚ ਸੀਰੀਆਂ ਸਾਂਝੀਆਂ ਨਾਲ ਪੂਰੀ ਨਹੀਂ ਸੀ ਪੈਂਦੀ। ਜਿੱਦਣ ਦੇ ਨੇ ਕੰਮ ਸੰਭਾਲਿਐ- ਸੌਖ ਹੋਗੀ ਸੀ। ਸੁਖਵੀਰ ਨੇ ਚੰਗੀ ਪੜ੍ਹਾਈ ਕੀਤੀ। ਫਿਰ ਬੈਂਕ 'ਚ ਨੌਕਰੀ ਮਿਲ ਗਈ।

ਦੋਹਾਂ ਦੇ ਕੰਮਾਂ ਨੂੰ ਵੇਖਦੇ ਇਹਨਾਂ ਦੀ ਮਾਂ ਦੀ ਅੱਡੀ ਨਾ ਲੱਗਦੀ। ਵੱਡੇ ਤੜਕੇ ਉੱਠ ਕੇ ਨ੍ਹਾ ਕੇ ਗੁਰਦੁਆਰੇ ਜਾ ਆਉਂਦੀ। ਦੁੱਧ ਰਿੜਕ ਕੇ ਧਾਰਾਂ ਕੱਢਦੀ। ਐਨੇ ਨੂੰ ਸੁਖਵੀਰ ਨ੍ਹਾ ਕੇ ਪੱਗ ਬੰਨ੍ਹ ਕੇ ਤਿਆਰ ਹੋਣ ਲੱਗ ਜਾਂਦਾ। ਉਸ ਨੂੰ ਪਰੌਂਠੇ ਪਕਾ ਕੇ ਡਿਊਟੀ 'ਤੇ ਤੋਰਦੀ। ਫਿਰ ਖੇਤ ਵਾਲਿਆਂ ਦੇ ਕੰਮ ਵੱਲ ਹੁੰਦੀ। ਕਿੰਨੇ ਵਧੀਆ ਦਿਨ ਸਨ।

"ਕਿਵੇਂ ਬਾਪੂ ਜੀ ਬੈਠੇ-ਬੈਠੇ ਸਿਰ ਹਿਲਾਈ ਜਾਂਦੇ ਓ।" ਗੱਡੀ ਚਲਾ ਰਹੇ ਗੋਲਡੀ ਦੀ ਨਿਗ੍ਹਾ ਅਚਾਨਕ ਮੇਰੇ ਸਿਰ ਹਿੱਲਣ 'ਤੇ ਪਈ ਐ।

"ਨਹੀਂ ਪੁੱਤਰਾ ਬੱਸ ਐਵੇਂ ਕਿਸੇ ਊਖਲੀ 'ਚ ਕਾਰ ਦਾ ਟਾਇਰ ਵੱਜਣ ਕਰਕੇ ਸਰੀਰ ਹਿੱਲਿਆ ਹੋਊ।"

ਮੈਂ ਗੋਲਡੀ ਦਾ ਧਿਆਨ ਬਦਲਣ ਲਈ ਕਿਹਾ ਹੈ।

"ਵਾਹ ਬਾਪੂ ਜੀ! ਪੱਕੀ ਸੜਕ 'ਤੇ ਕਿਹੜੀ ਊਖਲੀ ਆਗੀ, ਗੱਡੀ ਤਾਂ ਸੌ ਦੀ ਸਪੀਡ 'ਤੇ ਸੁੱਤੀ ਤੁਰੀ ਜਾਂਦੀ ਐ।"

"ਅੱਛਾ! ਅੱਛਾ! ਹੌਲੀ ਚੱਲ ਫੇਰ।"

ਗੱਲ ਦਾ ਵਿਸ਼ਾ ਬਦਲਣ ਲਈ ਇੰਨਾ ਹੀ ਕਹਿ ਚੁੱਪ ਹੋ ਗਿਆ ਹਾਂ ਮੈਂ। ਆਵਦੀ ਆਖੀ ਗੱਲ ਨਾਲ ਹੀ ਮਨ ਕਿਧਰੇ ਹੋਰ ਘਾਟੀਏਂ ਪੈ ਗਿਆ ਹੈ। ਮਨ ਦੀਆਂ ਭਮੀਰੀਆਂ ਹੋਰ ਤੇਜ਼ ਘੁੰਮਣ ਲਗਦੀਆਂ ਹਨ।

ਸੜਕ 'ਤੇ ਭੱਜਦੀ ਕਾਰ ਦੇ ਟਾਇਰ ਤਾਂ ਨਹੀਂ, ਮੇਰੀਆਂ ਸੋਚਾਂ ਜ਼ਰੂਰ ਜ਼ਿੰਦਗੀ ਦੀਆਂ ਉੱਖਲੀਆਂ ਵਿਚ ਵਜਦੀਆਂ ਡਿਕ-ਡੋਲੇ ਖਾਂਦੀਆਂ ਜਾ ਰਹੀਆਂ ਹਨ।

"ਪੁੱਤਰਾ ਤੈਨੂੰ ਕੀ ਦੱਸਾਂ। ਇਹਨਾਂ ਦੋਵਾਂ ਭਰਾਵਾਂ ਦੇ ਵਿਆਹ ਦੀਆਂ ਰੌਣਕਾਂ ਦੇ ਕੀ ਸਮੇਂ ਸਨ। ਲਖਵੀਰ ਨੂੰ ਪੁੱਛਿਆ, ਰਿਸ਼ਤਿਆਂ ਵਾਲੇ ਆਉਂਦੇ ਐ ਦੱਸ ਭਾਈ ਕੀ ਰਾਇ ਐ ਤੇਰੀ, ਤਾਂ ਆਖਦਾ ਹਾਲੇ ਨੀ ਕਰਵਾਉਣਾ। ਸੁਖਵੀਰ ਦੀ ਨੌਕਰੀ ਕਰਕੇ ਤਾਂ ਕੋਈ ਨਾ ਕੋਈ ਰੋਜ਼ ਖੜਾ ਹੀ ਰਹਿੰਦਾ। ਦੱਸੋ ਕੀ ਮੰਗ ਐ। ਕੁੜੀ ਪੜ੍ਹੀ ਲਿਖੀ ਐ। ਨੌਕਰੀ 'ਤੇ ਲੱਗੀ ਐ। ਜਦ ਤਲਵੰਡੀ ਆਲਿਆਂ ਨੇ ਆ ਜ਼ੋਰ ਪਾਇਆ ਤਾਂ ਇਹੀ ਲਖਵੀਰ ਕਹਿੰਦਾ, "ਫੇਰ ਮੇਰਾ ਵਿਆਹ ਕਦੋਂ ਹੋਊ। ਇਹਦਾ ਤਾਂ ਕਰੀ ਜਾਂਦੇ ਓ।" ਮੈਂ ਕਿਹਾ, "ਤੂੰ ਹੀ ਲੱਤ ਨਹੀਂ ਲਾਉਂਦਾ ਅਸੀਂ ਤਾਂ ਤੇਰੇ ਵਿਆਹ ਲਈ ਤਿਆਰ ਬੈਠੇ ਹਾਂ।" ਦੋਵਾਂ ਦੇ ਇਕੱਠਿਆਂ ਦੇ ਵਿਆਹ ਕੀਤੇ। ਨੂੰਹਾਂ ਨਾਲ ਵਿਹੜਾ ਭਰਿਆ-ਭਰਿਆ ਲੱਗਿਆ ਕਰੇ। ਲਖਵੀਰ ਦੇ ਘਰ ਵਾਲੀ ਕੁਲਦੀਪ ਘਰੇ ਰਹਿੰਦੀ। ਕੰਮ ਕਰਨ ਦੀ ਪੂਰੀ ਵਿਉਂਤ ਐ ਉਸ ਨੂੰ। ਸੁਖਵੀਰ ਦੀ ਘਰਵਾਲੀ ਸੁੱਖ ਨਾਲ ਮਾਸਟਰਨੀ ਸੀ। ਕੁਝ ਮਹੀਨੇ ਤਾਂ ਅਪਣੇ ਪੇਕੇ ਪਿੰਡ ਪੜ੍ਹਾਉਣ ਜਾਂਦੀ ਰਹੀ। ਫੇਰ ਸੁਖਵੀਰ ਬਦਲੀ ਕਰਵਾ ਲਿਆਇਆ ਪਿੰਡ ਦੀ। ਕਿਸੇ ਪੰਚਾਇਤੀ ਕੰਮ ਧੰਦੇ ਮੈਂ ਸਕੂਲ 'ਚ ਜਾਂਦਾ। ਕੁਰਸੀ 'ਤੇ ਬੈਠੀ ਹਰਮੀਤ ਨੂੰ ਵੇਖ ਕੇ ਮੇਰੀ ਛਾਤੀ ਚੌੜੀ ਹੋ ਜਾਂਦੀ। ਚਾਵਾਂ ਨਾਲ ਵਿਆਹ ਕੇ ਲਿਆਂਦੀ ਸੀ ਨੂੰਹ। ਸਕੂਲ ਦੇ ਉਪਰਲਿਆਂ ਚੁਬਾਰਿਆਂ ਦੀ ਛੱਤ ਪੈਣੀ ਸੀ। ਅਸੀਂ ਸਾਰੇ ਪੰਚਾਇਤ ਮੈਂਬਰ ਸਕੂਲ ਦੇ ਵਿਹੜੇ 'ਚ ਖੜ੍ਹੇ ਸਾਂ। ਖੜ੍ਹਿਆਂ ਨੂੰ ਆ ਸਾਰਿਆਂ ਨੂੰ ਸਤਿ ਸ੍ਰੀ ਅਕਾਲ ਬੁਲਾਈ ਹਰਮੀਤ ਨੇ। ਕੁਰਸੀਆਂ ਵਿਹੜੇ 'ਚ ਮੰਗਵਾ ਕੇ ਬੈਠਣ ਲਈ ਕਹਿ ਕੇ ਚਲੀ ਗਈ। ਸਰਪੰਚ ਦੇ ਉਸ ਦਿਨ ਕਹੇ ਬੋਲ ਯਾਦ ਕਰਕੇ ਅੱਜ ਮਨ ਭਰ-ਭਰ ਆਉਂਦੈ, "ਬਚਨ ਸਿਆਂ ਭਾਗਾਂ ਵਾਲੈਂ ਤੂੰ ਜਿਹਦੇ ਐਨੀ ਸੋਹਣੀ ਤੇ ਸਿਆਣੀ ਨੂੰਹ ਆਈ ਐ। ਔਲਾਦ ਹੋਵੇ ਭਾਈ ਤਾਂ ਤੇਰੇ ਵਰਗੀ।"

ਪਰ ਕੀ ਦੱਸਾਂ ਕਿਸੇ ਨੂੰ, ਹੁਣ ਇਸੇ ਔਲਾਦ ਕਰਕੇ ਮਨ ਅੰਦਰੋਂ ਟੁੱਟਿਆ ਪਿਐ। ਅਸਲ ਦੱਸਾਂ ਕਿਸੇ ਦੇ ਮੱਥੇ ਲੱਗਣ ਨੂੰ ਜੀਅ ਨਹੀਂ ਕਰਦਾ।

ਮੁੜ-ਮੁੜ ਇਸੇ ਕਰਕੇ ਬੀਤਿਆ ਯਾਦ ਕਰੀ ਜਾਂਦਾਂ। ਵਿਆਹ ਦੇ ਸਾਲ ਮਗਰੋਂ ਲਖਵੀਰ ਦੀ ਘਰਵਾਲੀ ਕੋਲ ਕੁੜੀ ਹੋਈ। ਸੁਖਵੀਰ ਦੀ ਘਰਵਾਲੀ ਦੀ ਗੋਦ ਮੁੰਡਾ। ਘਰ ਖੁਸ਼ੀਆਂ ਨਾਲ ਭਰ ਗਿਆ। ਪੋਹ ਸੱਤੇਂ ਨੂੰ ਅਖੰਡ ਪਾਠ ਹੋਣਾ ਸੀ। ਸਾਰੇ ਪਿੰਡ ਵਿਚਦੀ ਮਹਾਰਾਜ ਦੀ ਸਵਾਰੀ ਨਾਲ ਟਰੈਕਟਰ ਟਰਾਲੀਆਂ ਦੇ ਲਾਰੇ ਨਾਲ ਜਲੂਸ ਨਿਕਲਣਾ ਸੀ। ਇਹਨਾਂ ਦੀ ਮਾਂ ਕਹਿੰਦੀ- ਇਸ ਮੌਕੇ ਗੁਰੂ ਘਰ ਨੂੰ ਕੁਛ ਜਰੂਰ ਦਾਨ ਕਰੀਏ । ਜਲੂਸ ਵਾਲੇ ਦਿਨ ਮੈਂ ਇੱਕੀ ਸੌ ਰੁਪੱਈਏ ਮੱਥਾ ਟੇਕਿਆ। ਟਰਾਲੀ 'ਚ ਖੜ੍ਹੇ ਢੱਡ-ਸਾਰੰਗੀ ਨਾਲ ਵਾਰਾਂ ਗਾਉਂਦੇ ਕਵੀਸ਼ਰੀ ਜੱਥੇ ਦੇ ਮੋਢੀ ਨੇ ਤੁਰਤ-ਫੁਰਤ ਕਵਿਤਾ ਜੋੜ ਕੇ ਪੋਤੇ ਦੀਆਂ ਵਧਾਈਆਂ ਦਿੱਤੀਆਂ ਸੀ ਸਾਰੇ ਪਰਿਵਾਰ ਨੂੰ। ਲੋਹੜੀ ਵਾਲੀ ਰਾਤ ਘਰੇ ਪੂਰਾ ਜਸ਼ਨ ਚੱਲਿਆ। ਅਗਵਾੜ ਦੇ ਮੁੰਡੇ ਮੰਜਿਆਂ 'ਤੇ ਬੈਠੇ ਗਲਾਸ ਖੜਕਾ ਰਹੇ ਸਨ। ਲਖਵੀਰ ਉਹਨਾਂ 'ਚ ਬੈਠਾ ਭਰ-ਭਰ ਗਿਲਾਸ ਅੰਦਰ ਸਿੱਟੀ ਜਾਂਦਾ ਸੀ। ਮੈਨੂੰ ਵੀ ਮੱਲੋ ਮੱਲੀ ਗਿਲਾਸ ਦੇ ਗਿਆ ਸੀ ਭਰਕੇ। ਸੁਖਵੀਰ ਨੇ ਉਦੋਂ ਵੀ ਨਹੀਂ ਪੀਤੀ। ਹੁਣ ਵੀ ਨਹੀਂ ਪੀਂਦਾ। ਲਖਵੀਰ ਦੇ ਅੰਦਰ ਉਸੇ ਰਾਤ ਕੋਈ ਖੁੰਧਕ ਪਣਪੀ ਲੱਗੀ। ਜਦ ਨਸ਼ੇ ਦੇ ਲੋਰ 'ਚ ਮੇਰੇ ਮਗਰ ਬੈਠਕ 'ਚ ਆ ਕੇ ਬਹਿਕਣ ਲੱਗਿਆ,

"ਗੱਲ ਈ ਕੋਈ ਨੀ ਬਾਪੂ ਜੀ ਭਰਾ ਦੇ ਤਾਂ ਮੁੰਡਾ ਹੋਇਐ। ਸਾਡੀ ਕੁੜੀ ਨੂੰ ਵੀ ਮੁੰਡਿਆਂ ਵਰਗੀ ਸਮਝੀਂ।

ਆਹ ਗੋਲਡੀ ਉਸ ਤੋਂ ਡੇਢ ਦੋ ਸਾਲ ਮਗਰੋਂ ਹੋਇਆ ਸੀ।

ਗੱਲ ਸੁਣ ਕੇ ਮਨ 'ਚ ਝੁਣਝੁਣੀ ਜਿਹੀ ਉੱਠੀ ਸੀ। "ਤੂੰ ਕਿਉਂ ਫਿਕਰ ਕਰਦੈਂ। ਮੁੰਡਿਆਂ ਵਰਗੀ ਹੀ ਰਹੂ।"

"ਫੇਰ ਠੀਕ ਐ, ਫੇਰ ਠੀਕ ਐ।" ਕਹਿੰਦਾ ਸ਼ਰਾਬੀਆਂ ਵਾਲੀ ਚਾਲ ਬਾਹਰ ਨੂੰ ਨਿਕਲ ਗਿਆ ਸੀ। ਵਿਹੜੇ 'ਚ ਬੈਠੇ ਇਕ ਦੋ ਮੁੰਡੇ ਬੋਲੀਆਂ ਪਾਈ ਜਾਣ। ਮੁੜ ਇਹਨਾਂ ਦੇ ਵਿਆਹ ਵਰਗਾ ਮਾਹੌਲ ਬਣਿਆ ਪਿਆ ਸੀ। ਵੇਖਦੇ ਹੀ ਵੇਖਦੇ ਮਨੀ ਗੋਦੀ 'ਚੋਂ ਉਤਰ ਕੇ ਨਿੱਕੇ-ਨਿੱਕੇ ਕਦਮ ਭਰਨ ਲੱਗ ਪਿਆ ਸੀ। ਗੋਭਲੇ ਜਿਹੇ ਨੂੰ ਹਰਮੀਤ ਸਜਾ ਸੰਵਾਰ ਕੇ ਅਪਣੇ ਨਾਲ ਸਕੂਲ ਲੈ ਜਾਂਦੀ। ਕਦੇ-ਕਦੇ ਮੈਂ ਵਿਹੜੇ 'ਚ ਬੈਠਾ ਹੁੰਦਾ ਤਾਂ ਗੋਦੀਓਂ ਉਤਾਰਦੀ ਅਪਣੇ ਮੋਢੇ ਪਾਇਆ ਪਰਸ ਠੀਕ ਕਰਦੀ ਕਹਿੰਦੀ,

"ਲੈ ਮੇਰੀ ਤਾਂ ਬਾਂਹ ਥਕਾ ਦਿੱਤੀ। ਅੱਜ ਗੋਦੀਓਂ ਈ ਨਹੀਂ ਉਤਰਿਆ। ਜਾਹ ਬਾਪੂ ਜੀ ਕੋਲੇ। ਕੁਦਾੜੀਆਂ ਮਾਰਦਾ ਮਨੀ ਮੇਰੇ ਮੰਜੇ 'ਤੇ ਬੈਠਾ ਖੇਡਦਾ ਰਹਿੰਦਾ। ਕਈ ਵਾਰ ਖੇਡਦਾ -ਖੇਡਦਾ ਉਥੇ ਹੀ ਸੌਂ ਜਾਂਦਾ। ਹਰਮੀਤ ਚੁੱਕ ਕੇ ਅੰਦਰ ਬੈੱਡ 'ਤੇ ਪਾਉਂਦੀ। ਸੁਖਵੀਰ ਦਾ ਸੁਭਾਅ ਸ਼ੁਰੂ ਤੋਂ ਸੰਗਾਲੂ ਰਿਹਾ। ਮਨੀ ਨਾਲ ਆਥਣੇ ਥੋੜ੍ਹਾ ਬਹੁਤਾ ਲਾਡ ਕਰਦਾ। ਫੇਰ ਟੈਲੀਵਿਜ਼ਨ ਲਾ ਲੈਂਦਾ ਕਮਰੇ 'ਚ ਜਾ ਕੇ। ਦਾਦੀ ਨਾਲ ਖੂਬ ਚਾਂਬੜਾਂ ਪਾਉਂਦਾ ਵਾਹਵਾ ਰਾਤ ਤੱਕ ਮਨੀ। ਚਾਰ ਕੁ ਸਾਲ ਦੇ ਨੂੰ ਸ਼ਹਿਰ ਅੰਗਰੇਜ਼ੀ ਸਕੂਲ 'ਚ ਦਾਖਲ ਕਰਵਾ ਦਿੱਤਾ ਸੁਖਵੀਰ ਨੇ। ਸਵੇਰੇ ਸਕੂਲ ਦੀ ਬੱਸ ਲੈ ਜਾਂਦੀ, ਆਥਣੇ ਛੱਡ ਜਾਂਦੀ। ਵੱਡੀਆਂ ਜਮਾਤਾਂ 'ਚ ਚਲਦੀਆਂ ਆਮ ਬੱਸਾਂ 'ਤੇ ਜਾਣ ਲੱਗ ਪਿਆ। ਸਿਆਲਾਂ 'ਚ ਉਥੇ ਵੀ ਰਹਿ ਪੈਂਦਾ। ਦਸਵੀਂ ਦੇ ਚੰਗੇ ਨੰਬਰ ਆਏ। ਬਾਰਵੀਂ ਜਮਾਤ ਲਈ ਚੰਡੀਗੜ੍ਹ ਦਾਖਲ ਕਰਵਾ ਆਇਆ ਸੁਖਵੀਰ। ਕਾਲਜ 'ਚ ਜਾਂਦੇ ਨੂੰ ਹਵਾ ਲੱਗਣੀ ਸ਼ੁਰੂ ਹੋ ਗਈ। ਪਹਿਲੇ ਸਾਲ 'ਚ ਹੀ ਮਨੀ ਦੀਆਂ ਗੱਲਾਂ ਹੋਰੂੰ-ਹੋਰੂੰ ਲੱਗਣ ਲੱਗੀਆਂ। ਸੁਖਵੀਰ ਨਾਲ ਗੱਲ ਘੱਟ ਕਰਦਾ। ਹਰਮੀਤ ਹੀ ਖਰਚਾ ਦਿੰਦੀ, ਉਸੇ ਨਾਲ ਗੱਲਾਂ ਕਰਦਾ। ਸਾਡੇ ਨਾਲ ਮਨ ਹੁੰਦਾ ਚੰਡੀਗੜ੍ਹ ਦੀਆਂ ਗੱਲਾਂ ਕਰਦਾ ਨਹੀਂ ਤਾਂ ਟੈਲੀਵੀਜ਼ਨ ਲਾ ਕੇ ਬੈਠਾ ਰਹਿੰਦਾ। ਜਿੰਨੇ ਦਿਨ ਮਨੀ ਘਰੇ ਰਹਿੰਦਾ ਸੁਖਵੀਰ ਕਮਰੇ 'ਚ ਘੱਟ ਹੀ ਖੜ੍ਹਦਾ। ਜੇ ਮੈਂ ਕਹਿੰਦਾ- ਸੁਖ ਬਹਿ ਜਾ ਮਨੀ ਕੋਲੇ ਕਿੰਨੇ ਦਿਨਾਂ ਮਗਰੋਂ ਆਇਐ। ਤਾਂ ਇਕੋ ਜਵਾਬ ਹੁੰਦਾ,

"ਜਵਾਕਾਂ 'ਚ ਬਹੁਤਾ ਨੀਂ ਬੈਠੀਦਾ ਬਾਪੂ ਜੀ। ਇਹਨਾਂ ਨੇ ਕੋਈ ਹੋਰ ਚੈਨਲ ਵੇਖਣਾ ਹੁੰਦੈ। ਮੈਂ ਖਬਰਾਂ ਵਗੈਰਾ ਹੀ ਸੁਣਦਾਂ। ਨਾਲੇ ਇਹ ਆਵਦੀ ਮੰਮੀ ਨਾਲ ਹੀ ਗੱਲਾਂ ਕਰਕੇ ਖੁਸ਼ ਰਹਿੰਦੈ।"

ਕਈ ਦਿਨਾਂ ਦਾ ਹਰਮੀਤ ਨੂੰ ਬੁਖਾਰ ਨਹੀਂ ਉਤਰ ਰਿਹਾ ਸੀ। ਪਿੰਡੋਂ ਦਵਾਈ ਲੈਂਦੀ ਰਹੀ। ਰਾਤ ਦਰਦ ਵੀ ਬਹੁਤ ਹੋਇਆ ਸੀ। ਅਗਲੇ ਦਿਨ ਸੁਖਵੀਰ ਸ਼ਹਿਰ ਹਸਪਤਾਲ ਦਿਖਾਉਣ ਲਈ ਲੈ ਕੇ ਗਿਆ। ਆਥਣੇ ਆਇਆ, ਉਦਾਸ ਸੀ।

"ਕੀ ਦੱਸਿਆ ਪੁੱਤ ਡਾਕਟਰ ਨੇ? ਪਹਿਲਾਂ ਤਾਂ ਕੁਛ ਨਾ ਬੋਲਿਆ। ਫਿਰ ਗਲਾ ਸਾਫ ਕਰਦਾ ਦੱਸਣ ਲੱਗਿਆ,

"ਬਾਪੂ ਜੀ ਡਾਕਟਰ ਨੇ ਤਾਂ ਮਾੜੀ ਬਿਮਾਰੀ ਦਾ ਸ਼ੱਕ ਪਾਇਐ। ਦਵਾਈ ਦਿੱਤੀ ਐ। ਪਟਿਆਲੇ ਦਿਖਾਉਣ ਲਈ ਕਿਹੈ।"

ਸੁਣ ਕੇ ਮੈਂ ਵੀ ਇਕਦਮ ਸੁੰਨ ਹੋ ਗਿਆ। ਪਰ ਸੁਖਵੀਰ ਨੂੰ ਹੌਸਲਾ ਦੇਣ ਲਈ ਕਿਹਾ,

"ਫਿਕਰ ਨਾ ਕਰ ਪੁੱਤ ਸਭ ਬਿਮਾਰੀਆਂ ਦਾ ਅਲਾਜ ਹੈਗਾ ਹੁਣ। ਹਰਮੀਤ ਤੋਂ ਆਪਾਂ ਨੂੰ ਕੀ ਚੰਗੈ। ਪਟਿਆਲੇ ਵਧੀਆ ਡਾਕਟਰ ਨੂੰ ਵਿਖਾ ਕੇ ਆਈਂ । ਠੀਕ ਹੋਜੂ।"

ਉਸ ਰਾਤ ਮੈਨੂੰ ਨੀਂਦ ਨਹੀਂ ਆਈ ਸੀ। ਸਵੇਰੇ ਸੁਖਵੀਰ ਹਰਮੀਤ ਨੂੰ ਲੈ ਕੇ ਪਟਿਆਲੇ ਗਿਆ ਸੀ। ਕਿੰਨੇ ਹੀ ਗੇੜੇ ਪਟਿਆਲੇ ਦੇ ਲੱਗ ਚੁੱਕੇ ਸਨ। ਹੁਣ ਤਾਂ ਦਰਦ ਇੰਨਾ ਹੁੰਦਾ ਤੜਫਦੀ ਹਰਮੀਤ ਨੂੰ ਵੇਖਿਆ ਨਾ ਜਾਂਦਾ। ਬਿਮਾਰੀ ਵਧਦੀ ਜਾ ਰਹੀ ਸੀ। ਸੁਖਵੀਰ ਕਈ-ਕਈ ਦਿਨ ਡਿਊਟੀ 'ਤੇ ਨਾ ਜਾਂਦਾ। ਬਹੁਤਾ ਛੁੱਟੀ 'ਤੇ ਹੀ ਰਹਿੰਦਾ। ਘਰ ਦਵਾਈਆਂ ਨਾਲ ਭਰ ਗਿਆ। ਪਰ ਹਰਮੀਤ ਨੂੰ ਕੋਈ ਫਰਕ ਨਹੀਂ ਪੈ ਰਿਹਾ ਸੀ। ਅਖੀਰ ਬੀਕਾਨੇਰ ਲੈ ਗਏ। ਕਿੰਨੇ ਦਿਨ ਵਿਚਾਰੀ ਉਥੇ ਰਹੀ। ਛੇ ਸੱਤ ਮਹੀਨਿਆਂ 'ਚ ਸ਼ਕਲ ਹੋਰ ਦੀ ਹੋਰ ਬਣ ਗਈ। ਹੁਣ ਤਾਂ ਸਿਰ ਦੇ ਵਾਲ ਝੜ ਕੇ ਖੋਪੜੀ ਨਿਕਲ ਆਈ ਸੀ। ਵਿਚਾਰੀ ਮੰਜੇ 'ਤੇ ਬੈਠੀ ਨਿੱਕੇ ਜਵਾਕ ਵਾਂਗੂ ਲਗਦੀ। ਇਕ ਦਿਨ ਤਾਂ ਸੁਖਵੀਰ ਦੇ ਹੱਥੋਂ ਗੋਲੀਆਂ ਦਾ ਪੱਤਾ ਤੇ ਪਾਣੀ ਦਾ ਗਿਲਾਸ ਫੜ ਕੇ ਵਿਹੜੇ 'ਚ ਵਗਾਹਕੇ ਮਾਰਿਆ, "ਛੱਡੋ ਪਰ੍ਹੇ ਇਹਨਾਂ ਨੇ ਤਾਂ ਥੋਨੂੰ ਵੀ ਔਖਾ ਕਰ ਛੱਡਿਐ। ਮੈਨੂੰ ਮਰ ਲੈਣ ਦਿਓ। ਇਹ ਤਾਂ ਮੈਨੂੰ ਵਿੱਚੇ ਹੀ ਲਮਕਾਈ ਜਾਂਦੀਐਂ।" ਸੁਣਦਿਆਂ ਹੀ ਸੁਖਵੀਰ ਦੇ ਅੰਦਰਲਾ ਬੰਨ੍ਹ ਟੁੱਟ ਗਿਆ ਸੀ। ਹਰਮੀਤ ਨੂੰ ਬੁੱਕਲ 'ਚ ਲੈ ਕੇ ਸੁਖਵੀਰ ਬੱਚਿਆਂ ਵਾਂਗ ਹੁਬਕੀ-ਹੁਬਕੀ ਅੱਖਾਂ ਦਾ ਪਾਣੀ ਵਹਾ ਰਿਹਾ ਸੀ। ਮੇਰੇ ਤੋਂ ਆਪ ਵੇਖਿਆ ਨਹੀਂ ਜਾ ਰਿਹਾ ਸੀ। ਪਰ ਫਿਰ ਵੀ ਮਸਾਂ ਉਠਾਇਆ,

"ਕਮਲਾ ਹੋਇਐਂ। ਹੌਂਸਲੇ ਨਾਲ ਸੇਵਾ ਕਰ। ਇਹਤਾਂ ਔਖੀ ਐ, ਤੂੰ ਤਕੜਾ ਰਹਿ। ਠੀਕ ਹੋਜੂਗੀ।"

ਪਰ ਮੇਰੇ ਸਭ ਬੋਲ ਝੂਠੇ ਹੋ ਗਏ ਜਿਸ ਦਿਨ ਸਾਨੂੰ ਸਭ ਨੂੰ ਛੱਡ ਕੇ ਉਹ ਚਲੀ ਗਈ। ਇਹਨਾਂ ਦੀ ਮਾਂ ਦਾ ਰੁਦਨ ਅੱਡ ਵੇਖਿਆ ਨਾ ਜਾਂਦਾ। ਨੂੰਹ ਦੇ ਗਮ 'ਚ ਸਾਲ ਅੰਦਰ ਉਹ ਵੀ ਤੁਰ ਗਈ। ਹਰਮੀਤ ਦੇ ਭੋਗ ਤੋਂ ਮਗਰੋਂ ਸੁਖਵੀਰ ਅੰਦਰੇ ਪਿਆ ਰਿਹਾ ਕਰੇ। ਇਕ ਦਿਨ ਨਰਦੇਵ ਆਇਆ ਉਸ ਦਾ ਦੋਸਤ ਜੋ ਐਕਸਾਇਜ ਮਹਿਕਮੇ 'ਚ ਇੰਸਪੈਕਟਰ ਸੀ। ਨਾਲ ਉਹਦੇ ਘਰ ਵਾਲੀ। ਕਹਿੰਦੇ, "ਜੋ ਹੋ ਗਿਆ ਉਹ ਤਾਂ ਮੁੜਦਾ ਨੀਂ। ਐਂ ਪੈ ਕੇ ਜ਼ਿੰਦਗੀ ਨੀ ਲੰਘਣੀ। ਡਿਊਟੀ 'ਤੇ ਆਇਆ ਕਰ। ਬਾਹਰ ਕਿਸੇ ਦੇ ਮੂੰਹ ਮੱਥੇ ਲੱਗੇਂਗਾ ਮਨ ਹੋਰ ਹੋਵੇਗਾ।"

ਅਗਲੇ ਦਿਨ ਸੁਖਵੀਰ ਡਿਊਟੀ 'ਤੇ ਗਿਆ। ਡਿਊਟੀ ਤੋਂ ਆਕੇ ਚੁੱਪ ਚਾਪ ਰੋਟੀ ਖਾਂਦਾ ਅਪਣੇ ਕਮਰੇ 'ਚ ਪੈ ਜਾਂਦਾ। ਟੈਲੀਵਿਜ਼ਨ ਬਹੁਤ ਘੱਟ ਵੇਖਦਾ। ਜੇ ਵੇਖਦਾ ਸੁਣਦਾ ਸਿਰਫ ਖਬਰਾਂ ਲਾਉਂਦਾ। ਕਦੇ-ਕਦੇ ਜੇ ਲਖਵੀਰ ਸੰਦੇਹਾਂ ਖੇਤਾਂ ਤੋਂ ਆਇਆ ਹੁੰਦਾ ਉਹ ਸੁਖਵੀਰ ਨਾਲ ਰੋਟੀ ਖਾਂਦਾ। ਇਕ ਦਿਨ ਕੁਲਦੀਪ ਨੇ ਰੋਟੀ ਪਾਕੇ ਲਖਵੀਰ ਨੂੰ ਫੜਾਉਂਦਿਆਂ ਕਿਹਾ- ਭਾਈ ਸਾਹਿਬ ਨੂੰ ਫੜਾ ਦਿਓ ਨਾਲੇ ਆਪ ਵੀ ਰੋਟੀ ਖਾ ਲਓ।

ਸੁਖਵੀਰ ਤੇ ਲਖਵੀਰ ਵਰਾਂਡੇ 'ਚ ਪਏ ਵੱਡੇ ਮੇਜ਼ 'ਤੇ ਇਕੱਠੇ ਰੋਟੀ ਖਾ ਰਹੇ ਸੀ। ਨਾਲੇ ਨਿੱਕੀਆਂ-ਨਿੱਕੀਆਂ ਗੱਲਾਂ ਕਰ ਰਹੇ ਸੀ। "ਯਾਰ ਸਬਜ਼ੀ 'ਚ ਲੂਣ ਘੱਟ ਐ, ਚੂੰਢੀ ਕੁ ਹੋਰ ਪਾਲੀਏ?

"ਨਹੀਂ, ਨਹੀਂ ਨੂਣ ਤਾਂ ਬਹੁਤ ਐ, ਤੇਰੇ ਮੂੰਹ ਦਾ ਸਵਾਦ ਈ ਠੀਕ ਨਹੀਂ ਹੋਣਾ ਡਾਕਟਰ ਤੋਂ ਦਵਾਈ ਦਵੂਈ ਲੈ ਠੀਕ ਹੋਜੇਂਗਾ।"

ਸੁਣ ਕੇ ਸੁਖਵੀਰ ਚੁੱਪ ਹੋ ਗਿਆ। ਮੈਨੂੰ ਓਪਰਾ ਜਿਹਾ ਲੱਗਿਆ। ਅਸਲ 'ਚ ਲਖਵੀਰ ਕੁਲਦੀਪ ਦੀ ਬਣਾਈ ਸਬਜ਼ੀ ਨੂੰ ਮਾੜੀ ਨਹੀਂ ਕਹਿਣਾ ਚਾਹੁੰਦਾ ਸੀ।

ਰੋਟੀ ਖਾਂਦੇ ਨੂੰ ਮੈਨੂੰ ਵੀ ਲੱਗਿਆ ਲੂਣ ਵਾਕਿਆ ਹੀ ਘੱਟ ਸੀ ਸਬਜ਼ੀ 'ਚ।

ਦੁੱਖਾਂ ਮਾਰੇ ਬੰਦੇ ਨਾਲ ਕਿਵੇਂ ਹੋਣ ਲੱਗ ਪੈਂਦੀ ਐ ਟੱਬਰ 'ਚ ਵੀ। ਸੁਖਵੀਰ ਦਾ ਸੁਭਾਅ ਤਾਂ ਪਹਿਲਾਂ ਤੋਂ ਹੀ ਘੱਟ ਬੋਲਣ ਵਾਲੈ। ਬੱਚੇ ਵੱਲ ਉਸ ਦਾ ਧਿਆਨ ਕੀ ਜਾਣਾ ਸੀ। ਉਸ ਨੂੰ ਤਾਂ ਅਪਣੇ ਆਪ ਦੀ ਹੀ ਸੁਧ ਨਹੀਂ ਸੀ। ਜੇ ਕਦੇ ਕਹਿਣਾ, "ਮਨੀ ਦਾ ਧਿਆਨ ਰੱਖਿਆ ਕਰ।" ਤਾਂ ਅੱਗੋਂ ਇਕੋ ਜਵਾਬ ਹੁੰਦਾ,

"ਬਾਪੂ ਜੀ ਕੁਦਰਤ ਦੇ ਹੱਥ ਐ ਸਭ ਕੁਝ, ਪਹਿਲਾਂ ਮੇਰੀ ਕਿੰਨੀ ਕੁ ਸਿਆਣਪ ਚੱਲੀ ਐ।" ਮੈਂ ਧੁਰ ਅੰਦਰ ਤੱਕ ਟੁੱਟਦਾ ਠੰਡਾ ਹੌਕਾ ਭਰ ਕੇ ਚੁੱਪ ਹੋ ਜਾਂਦਾ।

ਕਾਰ ਦੀ ਰਫਤਾਰ ਹੌਲੀ ਕਰਕੇ ਗੋਲਡੀ ਨੇ ਗਾਣਿਆਂ ਦੀ ਰੀਲ੍ਹ ਚਲਾ ਦਿੱਤੀ ਹੈ।

"ਲਓ ਬਾਪੂ ਜੀ ਸੰਗੀਤ ਦਾ ਮਜ਼ਾ ਲਓ, ਘੰਟੇ ਭਰ ਦੇ ਚੁੱਪ ਬੈਠੇ ਓ।"

ਗੁਰਦਾਸ ਮਾਨ ਗਾ ਰਿਹਾ ਹੈ। ''ਦੁੱਧ ਉਬਲਦੇ, ਪੁੱਤ ਵਿਗੜਦੇ...ਦੁੱਧ ਪੁੱਤ ਗੁਰਦਾਸ ਸਿਆਂ ਨਿਗਰਾਨੀ ਚਾਹੁੰਦੇ ਨੇ.....।'' ਮਨ 'ਚ ਆਉਂਦੈ- ਗੋਲਡੀ ਪੁੱਤ ਕਿਥੇ ਜ਼ਖਮਾਂ ਨੂੰ ਹਰੇ ਕਰਨ ਲੱਗ ਪਿਐਂ। ਗੋਲਡੀ ਗੀਤ ਦੀਆਂ ਧੁਨਾਂ 'ਤੇ ਮਸਤੀ 'ਚ ਝੂਮ ਰਿਹਾ ਕਾਰ ਚਲਾ ਰਿਹੈ। ਦੂਰ-ਦੂਰ ਤੱਕ ਖੇਤਾਂ 'ਚ ਕਣਕ ਦੀ ਹਰੀ ਚਾਦਰ ਵਿਛੀ ਨਜ਼ਰ ਆਉਂਦੀ ਹੈ।

''ਬਾਪੂ ਜੀ ਤੁਸੀਂ ਜਾਣਦੇ ਓ ਇਹ ਗੁਰਦਾਸ ਮਾਨ ਐ।''

''ਹਾਂ ਇਕ ਵਾਰ ਨਹਿਰੂ ਕਾਲਜ ਵਿਚ ਆਇਆ ਸੀ। ਉਦੋਂ ਇਹ ਹਾਲੇ ਗਾਉਣ ਲੱਗਿਆ-ਲੱਗਿਆ ਸੀ। ਤੇਰੇ ਤਾਇਆ ਜੀ ਪੜ੍ਹਦੇ ਸੀ ਉਥੇ। ਉਹਨੇ ਦੱਸਿਆ ਸੀ ਘਰੇ ਆਕੇ। ਡਫਲੀ 'ਤੇ ਗਾਉਂਦੈ। ''ਗੋਲਡੀ ਦੀ ਗੱਲ ਦਾ ਜਵਾਬ ਤਾਂ ਦੇ ਦਿੱਤਾ। ਪਰ ਸੋਚਦਾਂ- ਪੁੱਤ ਤੈਨੂੰ ਕੀ ਪਤਾ ਮੇਰੇ ਅੰਦਰ ਕੀ ਵੱਜ ਰਿਹੈ।

ਚੌਦਾਂ ਕਰਕੇ ਮਨੀ ਘਰੇ ਸੀ। ਕੋਈ ਕੰਮ-ਕਾਰ ਨਹੀਂ ਕਰਦਾ ਸੀ। ਇਕ ਦਿਨ ਸੁਖਵੀਰ ਕਹਿਣ ਲੱਗਿਆ, ''ਬਾਪੂ ਜੀ ਰਿਸ਼ਤਿਆਂ ਵਾਲੇ ਆਉਂਦੇ ਐ, ਇਹਨੂੰ ਵਿਆਹ ਨਾ ਲਈਏ ਹੁਣ। ਅੱਧੀ-ਅੱਧੀ ਰਾਤ ਘਰੇ ਵੜਦੈ। ਤੜਕੇ ਧੁੱਪਾਂ ਚੜ੍ਹ ਜਾਂਦੀਐਂ ਇਹ ਰਜਾਈ 'ਚੋਂ ਮੂੰਹ ਨਹੀਂ ਕੱਢਦਾ। ਨਾਲੇ ਹੁਣ ਵਿਆਹੁਣ ਸਿਰ ਐ। ਆਪੇ ਕੰਮ-ਕਾਰ ਕਰੂ ਫਿਰ।'' ਮੈਂ ਤਾਂ ਪੁੱਤ ਪਹਿਲਾਂ ਈ ਇਹ ਸੋਚਦਾਂ।'' ਸੁਖਵੀਰ ਦੀ ਗੱਲ ਦੀ ਮੈਂ ਪੂਰੀ ਹਾਮੀ ਭਰੀ ਸੀ।

ਆਥਣੇ ਮੋਟਰ ਸਾਈਕਲ ਖੜ੍ਹਾ ਕਰਕੇ ਮਨੀ ਬਰਾਂਡੇ 'ਚੋਂ ਮੇਰੇ ਮੰਜੇ ਕੋਲ ਦੀ ਲੰਘ ਰਿਹਾ ਸੀ ਤਾਂ ਸੁਖਵੀਰ ਨੇ ਆਕੇ ਮਨੀ ਨੂੰ ਬੁਲਾਇਆ। ਪਰ ਉਹ ਉਸ ਦੀ ਗੱਲ ਨੂੰ ਅਣਸੁਣਿਆਂ ਕਰਕੇ ਸਿੱਧਾ ਕਮਰੇ 'ਚ ਜਾ ਵੜਿਆ। ਫਿਰ ਸੁਖਵੀਰ ਨੇ ਮੇਰੇ ਮੰਜੇ 'ਤੇ ਬੈਠਦਿਆਂ ਹੀ ਆਵਾਜ਼ ਮਾਰੀ। ਉਹ ਬਾਹਰ ਬਰਾਂਡੇ 'ਚ ਆ ਗਿਆ।

''ਹਾਂ ਦੱਸੋ ਪਾਪਾ ਕੀ ਗੱਲ ਐ? ਮਨੀ ਦਾ ਤਿੱਖਾ ਗਿਣਵੇਂ ਲਫਜਾਂ ਦਾ ਸਵਾਲ ਸਾਡੇ ਸਾਹਮਣੇ ਖੜ੍ਹਾ ਸੀ।

ਬੇਟੇ ਤੇਰੀ ਮੰਮੀ ਤੋਂ ਬਾਅਦ ਘਰ ਦਾ ਔਖੈ। ਤੈਨੂੰ ਵੀ ਕੱਪੜੇ ਲੀੜੇ ਦੀ ਔਖ ਰਹਿੰਦੀ ਐ। ਬੇਸ਼ੱਕ ਤੇਰੀ ਚਾਚੀ ਸਭ ਕੁਝ ਸੰਭਾਲਦੀ ਐ, ਉਹ ਵਿਚਾਰੀ 'ਕੱਲੀ ਐ। ਤੂੰ ਦੱਸ ਤੇਰਾ ਵਿਆਹ ਕਰ ਦੇਈਏ?''

''ਨਹੀਂ ਹਾਲੇ ਨੀਂ, ਮੈਂ ਅਗਾਂਹ ਹੋਰ ਪੜ੍ਹਨ ਦੀ ਸੋਚਦੈਂ। ਵਿਆਹ-ਵਿਊਹ ਦੀ ਕੋਈ ਗੱਲ ਨੀਂ।''

''ਬੇਟੇ ਪੜ੍ਹਦਾ ਵੀ ਰਹੀਂ।''

''ਐਂ ਕਿਵੇਂ ਪੜ੍ਹਿਐ ਜਾਊ, ਮੈਂ ਤਾਂ ਯੂਨੀਵਰਸਿਟੀ ਜਾਣ ਬਾਰੇ ਸੋਚਦਾਂ।''

ਉਹ ਸਾਡੀ ਹੋਰ ਕਿਸੇ ਗੱਲ ਨੂੰ ਸੁਣਨ ਤੋਂ ਪਹਿਲਾਂ ਹੀ ਅੰਦਰ ਚਲਾ ਗਿਆ। ਸੁਖਵੀਰ ਚੁੱਪ ਹੋ ਗਿਆ। ਮੈਂ ਸਾਰੀ ਰਾਤ ਉਧੇੜ-ਬੁਣ 'ਚ ਲੰਘਾਈ। ਅਖੀਰ ਉਸ ਦੇ ਮਾਮਿਆਂ ਨੂੰ ਵਿਚ ਪਾ ਕੇ ਉਸ ਨੂੰ ਰਿਸ਼ਤਾ ਲੈ ਲਿਆ। ਘਰ ਚੰਗਾ ਤਕੜਾ ਸੀ। ਕੁੜੀ ਸੋਹਣੀ ਸੁਨੱਖੀ ਪੜ੍ਹੀ ਲਿਖੀ ਸੀ।

ਵਿਆਹ ਦੇ ਚਾਰ ਮਹੀਨੇ ਮਗਰੋਂ ਲਖਵੀਰ ਨੇ ਗੱਲ ਕੀਤੀ, ''ਬਾਪੂ ਜੀ ਸੁਖਵੀਰ ਨੂੰ ਵੇਲੇ ਕੁਵੇਲੇ ਕੋਈ ਜਵਾਬ ਨਹੀ,' ਜਦੋਂ ਮਰਜ਼ੀ ਕੋਈ ਲੀੜਾ ਕੱਪੜਾ ਧੋਣਾ ਹੋਵੇ, ਰੋਟੀ ਦੇਣੀ ਹੋਵੇ ਕੁਲਦੀਪ ਭੇਜ ਦਿਆ ਕਰੂ। ਸੁੱਖ ਨਾਲ ਵਹੁਟੀ ਆ ਗਈ ਐ। ਜੇ ਇਹ ਬਾਹਰਲਾ ਘਰ ਸਾਂਭ ਲੈਣ, ਮੈਂ ਇਥੇ ਰਹੀ ਜਾਊਂ। ਨਾਲੇ ਇੰਨਾ ਕੁ ਚਿਰ ਤਾਂ ਸਰਦਾ ਨਹੀਂ ਸੀ।''

ਮੈਂ ਦੋਵਾਂ ਨੂੰ ਬਿਠਾ ਕੇ ਗੱਲ ਕੀਤੀ। ਸੁਖਵੀਰ ਨੇ ਕੋਈ ਨਾਂਹ ਨੁੱਕਰ ਨਾ ਕੀਤੀ। ਸੁਖਵੀਰ ਤੇ ਮਨੀ ਵਹੁਟੀ ਸਮੇਤ ਸਾਹਮਣੇ ਘਰੇ ਚਲੇ ਗਏ। ਮਨੀ ਹਾਲੇ ਵੀ ਪਹਿਲਾਂ ਵਾਲੇ ਰੱਥ ਨਹੀਂ ਛੱਡ ਰਿਹਾ ਸੀ। ਸਗੋਂ ਅੱਧੀ-ਅੱਧੀ ਰਾਤ ਉਸਦੀ ਕਾਰ ਖੜਕਦੀ। ਜਿੰਨਾ ਚਿਰ ਨਾ ਆਉਂਦਾ ਸੁਖਵੀਰ ਤੇ ਵਹੁਟੀ ਮਨਪ੍ਰੀਤ ਵਿਟ-ਵਿਟ ਝਾਕੀ ਜਾਂਦੇ। ਇਕ ਦਿਨ ਆਥਣੇ ਜਿਹੇ ਮੈਂ ਸੁਖਵੀਰ ਕੋਲੇ ਚਲਿਆ ਗਿਆ। ਗੱਲਾਂ ਕਰਦਾ ਰਿਹਾ ਵਾਹਵਾ ਹਨੇਰਾ ਹੋ ਗਿਆ, ਨਾ ਆਇਆ। ਜਦੋਂ ਸਭ ਲੋਕ ਪਕਾ ਖਾ ਕੇ ਪੈ ਗਏ। ਅਸੀਂ ਉਵੇਂ ਬਰਾਂਡੇ ਵਿਚ ਬੈਠੇ ਉਡੀਕੀ ਜਾਈਏ। ਕਿਤੇ ਵੱਡੀ ਰਾਤ ਆਇਆ। ਗੇਟ ਖੋਹਲ ਕੇ ਸੁਖਵੀਰ ਨੇ ਗੱਡੀ ਅੰਦਰ ਕਰਵਾਈ। ਮਨੀ ਦੇ ਪੈਰ ਜਿਹੇ ਨਿੱਕਲ ਰਹੇ ਸਨ। ਕਮੀਜ਼ ਪੈਂਟ 'ਚੋਂ ਬਾਹਰ ਨਿਕਲਿਆ ਫਿਰਦਾ ਸੀ।

''ਟਾਇਮ 'ਤੇ ਘਰੇ ਆ ਜਾਇਆ ਕਰ। ਕੁੜੀ ਵਿਚਾਰੀ 'ਕੱਲੀ ਬੈਠੀ ਰਹਿੰਦੀ ਹੈ ਸਾਰਾ ਦਿਨ। ਤੇਰੀ ਮੰਮੀ ਹੁੰਦੀ ਤਾਂ ਹੋਰ ਗੱਲ ਸੀ ਮਨੀ।''

''ਮੈਂ ਆਵਦੇ ਕੰਮ ਨਾ ਕਰਾਂ। ਟਾਈਮ ਈ ਐ ਹੁਣ ਦੱਸ ਕੀ ਹੋ ਗਿਆ? ਉਦੋਂ ਸੰਭਾਲ ਲੈਂਦਾ ਮੰਮੀ ਨੂੰ, ਹੁਣ ਮੈਨੂੰ ਸੁਣਾਉਂਦਾ ਰਹਿਨੈਂ।'' ਮਨੀ ਦੀਆਂ ਅੱਖਾਂ ਲਾਲ, ਜ਼ੁਬਾਨ ਥਿੜ੍ਹਕ ਰਹੀ ਸੀ। ਉਪਰੋਂ ਮੂੰਹੋਂ ਨਿਕਲੇ ਲਫਜ਼ਾਂ ਨੇ ਮੇਰਾ ਧੁਰ ਅੰਦਰ ਚੀਰ ਕੇ ਰੱਖ ਦਿੱਤਾ ਸੀ। ਸੁਖਵੀਰ ਚੁੱਪ ਚਾਪ ਬੈੱਡ 'ਤੇ ਜਾ ਡਿੱਗਿਆ ਸੀ। ਉਸ ਦੇ ਸਰੀਰ ਦੀ ਹਰਕਤ ਹੀ ਮੈਨੂੰ ਉਸ ਦੇ ਦਰਦਾਂ ਦੀ ਕਹਾਣੀ ਦੱਸ ਰਹੀ ਸੀ। ਕੁਝ ਪਲਾਂ ਮਗਰੋਂ ਉਸ ਨੇ ਗਲਾ ਸਾਫ਼ ਕਰਦਿਆਂ ਬੈੱਡ ਕੋਲ ਹੀ ਥੁੱਕਿਆ ਸੀ। ਵਹੁਟੀ ਚੁੱਪ-ਚਾਪ ਰਸੋਈ 'ਚ ਚਲੀ ਗਈ। ਮੈਨੂੰ ਬੈਠੇ ਨੂੰ ਵੇਖ ਕੇ ਮਨੀ ਬੋਲਿਆ,

''ਬਾਪੂ ਜੀ ਜਾਓ ਤੁਸੀਂ ਪਓ ਜਾ ਕੇ, ਆਰਾਮ ਕਰੋ।'' ਉਸ ਦੇ ਬੋਲਾਂ ਦਾ ਹੁਕਮ ਵਰਗਾ ਲਹਿਜਾ ਮੈਂ ਸਾਫ਼ ਵੇਖਿਆ। ਕਹਿਣਾ ਚਾਹੁੰਦਾ ਸਾਂ- ਆਰਾਮ ਤਾਂ ਪਹਿਲਾਂ ਡਾਢੇ ਨੇ ਖੋਹ ਲਿਆ, ਰਹਿੰਦੀਆਂ ਕਸਰਾਂ ਤੂੰ ਕੱਢੀ ਜਾਨੈਂ।

''ਲਓ ਬਾਪੂ ਜੀ ਆ ਗਈ ਅਪਣੇ ਸ਼ਹਿਰ ਦੀ ਲਿੰਕ ਰੋਡ। ''ਗੋਲਡੀ ਨੇ ਕਾਰ ਬਿਲਕੁਲ ਹੌਲੀ ਕਰ ਲਈ ਐ। ਸਾਹਮਣੇ ਮੇਰੀ ਨਿਗਾਹ ਜਾਂਦੀ ਹੈ। ਉਬੜ-ਖਾਬੜ ਰਾਹ ਬਣਿਆ ਪਿਐ। ਸੜਕ ਕਿਹੜੀ ਐ ਇਹ! ਮਹਾਂ ਨਗਰਾਂ ਦੀਆਂ ਰਿੰਗ ਰੋਡ ਹੁੰਦੀਆਂ ਨੇ ਪਰ ਇਹ ਸਾਰੀ ਲਿੰਕ ਰੋਡ ਐ। ਸ਼ਹਿਰ 'ਚ ਜਾਣ ਲਈ ਹਰ ਕੋਈ ਇਥੋਂ ਹੀ ਇੰਟਰ ਕਰਦੈ। ਵਾਹ ਵੀ ਵਾਹ! ਬਾਪੂ ਜੀ ਹੈ ਕਿਸੇ ਨੂੰ ਫਿਕਰ ਲੋਕਾਂ ਦਾ!'' ਗੋਲਡੀ ਅਪਣੀ ਗੱਲ ਨੂੰ ਅੱਗੇ ਤੋਰਦਾ ਕਹਿ ਰਿਹੈ।

ਮੇਰੀ ਬਿਰਤੀ ਟੁੱਟ ਕੇ ਫਿਰ ਉਥੇ ਹੀ ਵੱਜਣ ਲੱਗੀ ਐ। ਫਿਕਰ ਤਾਂ ਅਪਣਿਆਂ ਨੂੰ ਅਪਣਿਆਂ ਦਾ ਨੀਂ। ਕਿਸੇ ਦਾ ਕਿਸੇ ਨੂੰ ਫਿਕਰ ਕੀ ਹੋਣੈ ਬੱਚੇ। ਮੈਂ ਗੋਲਡੀ ਦੇ ਗੋਰੇ-ਗੋਰੇ ਹੱਥਾਂ 'ਤੇ ਲੰਮੀਆਂ-ਲੰਮੀਆਂ ਉਂਗਲਾਂ ਵੱਲ ਵੇਖਦਾ ਹਾਂ। ਮਨੀ ਦੇ ਹੱਥ ਵੀ ਕਿਤੇ ਇਹੋ ਜਿਹੇ ਹੁੰਦੇ ਸੀ। ਖਾ 'ਲੀ ਦੇਹ ਸਹੁਰੇ ਦੀ ਨਸ਼ਿਆਂ ਨੇ। ਕੀ ਦੁਰਦਸ਼ਾ ਬਣਾਤੀ ਘਰ ਦੀ। ਜੇ ਸੁਧਰ ਜਾਂਦਾ ਆਹ ਪਿਛਲੀ ਉਮਰ ਹੋਰ ਤਾਂ ਨਾ ਭੁੱਜਦਾ। ਸੌਖੀ ਜਾਨ ਨਿਕਲ ਜਾਂਦੀ ਮਾਤ੍ਹੜ ਦੀ। ਰੋਜ਼ ਦਾ ਕੰਜਰਖਾਨਾ ਤਾਂ ਝੱਲਦੇ ਹੀ ਸੀ। ਉਸ ਬਿਗਾਨੀ ਧੀ ਦੀਆਂ ਚੀਕਾਂ ਸੁਣੀਆਂ ਨਾ ਜਾਂਦੀਆਂ। ਓਦੇ ਵਾਲੀ ਰਾਤ ਯਾਦ ਕਰਕੇ ਤਾਂ ਤਰੇਲੀਆਂ ਆਉਂਦੀਆਂ ਨੇ। ਜਦੋਂ ਕੁੜੀ ਸਿਰੋਂ ਪੈਰੋਂ ਨੰਗੀ ਲਖਵੀਰ ਬੰਨੀ ਘਰ ਦਾ ਕੁੰਡਾ ਖੜਕਾਉਂਦੀ ਲੇਰਾਂ ਮਾਰਦੀ ਸੀ। ''ਫਿਰ ਆਓਂਗੇ ਜਦੋਂ ਮਾਰਤੀ ਮੈਂ।'' ਦਰਵਾਜ਼ਾ ਖੋਲ੍ਹਿਆ ਨਸ਼ੇ ਵਿਚ ਧੁੱਤ ਆਪ ਅਪਣੇ ਦਰਵਾਜ਼ੇ ਵਿਚ ਉਲਝਿਆ ਖੜ੍ਹਾ ਸੀ ਭੈੜੇ ਮੂੰਹ ਆਲਾ। ਕੁੜੀ ਨੂੰ ਅੰਦਰ ਕਰ ਲਿਆ। ਸਾਰੀ ਰਾਤ ਸਾਡੇ ਸਾਰੇ ਟੱਬਰ ਨੂੰ ਗਾਲ੍ਹਾਂ ਕੱਢਦਾ ਗੰਦ ਬਕਦਾ ਰਿਹਾ। ਲਗਾਤਾਰ ਅੱਠ ਨੌਂ ਮਹੀਨੇ ਸਹੁਰੇ ਨੇ ਇਕ ਦਿਨ ਵੀ ਸੁਖ ਦਾ ਲੰਘਣ ਨਾ ਦਿੱਤਾ ਸੀ। ਕਿੰਨਾ ਕੁ ਚਿਰ ਵੇਖਦੇ ਭਾਈ ਅਗਲੇ ਵਾਹ ਜਹਾਨ ਦੀ ਲਾ ਲੀ, ਨਹੀਂ ਟਲਿਆ ਆਵਦੀਆਂ ਬਹਿਬਤਾਂ ਤੋਂ। ਭਰੀ ਪੰਚਾਇਤ 'ਚ ਦਾੜ੍ਹੀ ਮੁਨਾਤੀ ਮੇਰੀ ਕੰਜਰ ਨੇ ਜਦੋਂ ਲੈਗੇ ਭਾਈ ਆਵਦੀ ਧੀ ਨੂੰ। ਨਾਲੇ ਦਿੱਤੇ ਹੋਏ ਸਾਮਾਨ ਦੀਆਂ ਟਰਾਲੀਆਂ ਭਰਕੇ। ਫਿਰ ਵੀ ਸੁਖਵੀਰ ਸਹਿਕਦਾ ਦਿਨ ਕੱਟਦਾ ਰਿਹਾ। ਪਰ ਇਹ ਕਾਲ ਕੰਗਿਆਰੀ ਕਿਥੇ ਟਿਕਣ ਵਾਲੀ ਸੀ। ਰਾਤ ਨੂੰ ਕਮਰੇ 'ਚ ਕਿਤੇ ਸ਼ੀਸ਼ੇ ਵਿਚਦੀ ਲਾਟ ਜਿਹੀ ਨਿਕਲਦੀ ਦਿਸੀ। ਸੁਖਬੀਰ ਬਿੜਕ ਲੈਣ ਲਈ ਵੇਖਣ ਲੱਗ ਪਿਆ। ਸਾਲੇ ਦੀ ਨਿਗਾਹ ਬਾਹਰ ਪੈ ਗਈ। ਬਾਹਰ ਆ ਕੇ ਪਿਉ ਨੂੰ ਚਿੰਬੜ ਗਿਆ। ਮਾਰ ਦਿੰਦਾ ਜੇ ਆਂਢ-ਗੁਆਂਢ ਨਾ ਛੁਡਾਉਂਦਾ। ਇਹ ਲਖਵੀਰ ਸਿਉਂ ਤੇ ਕੁਲਦੀਪ ਕੁਰ ਆਖਣ- ਸੁਖਵੀਰ ਖਰਚਾ ਨਹੀਂ ਦਿੰਦਾ ਮੁੰਡੇ ਨੂੰ। ਇਹਨਾਂ ਨਾਲ ਬਥੇਰਾ ਮਿੱਠਾ ਪਿਆਰਾ ਰਹਿੰਦੈ। ਚਾਚਾ ਜੀ ਚਾਚਾ ਜੀ ਕਰੂ ਦਿਨੇਂ। ਆਥਣੇ ਨਾ ਇਹ ਮੱਥੇ ਲੱਗੇ ਨਾ ਦੋਵੇਂ ਉਹ ਪਤਾ ਕਰਨ ਕਿੱਥੇ ਐ। ਪਿਉ ਤੋਂ ਅੱਧ ਦੀ ਜ਼ਮੀਨ ਵੰਡਾ ਲਈ। ਚਾਚਾ ਵਾਹੁੰਦਾ ਬੀਜਦੈ। ਮਰਜ਼ੀ ਨਾਲ ਜੋ ਚਾਹੇ ਦਿੰਦੈ। ਚਾਚੇ ਨੂੰ ਤਾਂ ਚੰਗਾ ਲੱਗਣਾ ਈ ਐ ਆਪੇ। ਹੁਣ ਮਿੰਡੇ ਜੇ ਨੱਕ ਆਲਾ ਚੁੰਨਾ ਜਿਹਾ ਗੋਰਖਾ ਲਿਆ ਛੱਡਿਐ। ਸਰਡਾਰ ਜੀ, ਸਰਡਾਰ ਜੀ ਕਹਿੰਦੈ ਘੋਨ ਸਿਰੇ ਨੂੰ। ਐਂ ਨੀ ਪਤਾ ਵੀ ਸਰਦਾਰੀਆਂ ਤਾਂ ਘੋਲ ਕੇ ਪੀ ਗਿਐ ਲੰਡਰ ਕਿਤੋਂ ਦਾ। ਰੋਟੀ ਉਸੇ ਤੋਂ ਪਕਵਾਉਂਦੈ, ਕੱਪੜੇ ਧਵਾਉਂਦੈ। ਕਿੰਨਾ ਕੁ ਚਿਰ ਚੱਲੂ ਇਹ ਕੁਛ। ਵੈਲ ਪੁਣਿਆਂ 'ਚ ਤਾਂ ਸਵਾਤਾਂ ਭਰੀਆਂ ਰੁਪਈਆਂ ਦੀਆਂ ਖਾਲੀ ਹੋ ਜਾਂਦੀਐਂ। ਖੁੱਡ ਜ਼ਮੀਨ ਦਾ ਨੀ ਬਚਦਾ ਕਹਿੰਦੇ ਕਹਾਉਂਦਿਆਂ ਦੇ। ਇਹ ਮਾਰੂ ਕਹਾਉਂਦੈ ਨਾਢੂ ਖਾਂ।



ਅਖੀਰ ਸੁਖਵੀਰ ਇਥੇ ਸ਼ਹਿਰ ਆ ਗਿਐ। ਕਹਿੰਦੈ, "ਬਾਪੂ ਜੀ ਜੇ ਮੈਨੂੰ ਮਾਰਤਾ ਫੇਰ ਕੀ ਕਰੇਂਗਾ। ਮੈਂ ਇਥੇ ਰਹਿ ਲਿਆ ਕਰੂੰ। ਤਨਖਾਹ ਮਿਲ ਜਾਂਦੀ ਐ। ਨਾਲੇ ਜ਼ਮੀਨ ਦਾ ਠੇਕਾ ਆਉਂਦੈ। ਦਿਨ ਲੰਘੀ ਜਾਣਗੇ। ਲਖਵੀਰ ਸਿਉਂ ਤਾਂ ਮਨੀ ਦਾ ਚਾਚੈ। ਮੇਰੀ ਵੀ ਜ਼ਮੀਨ ਅੱਧ ਭਾਅ 'ਤੇ ਭਾਲਦੈ ਠੇਕੇ ਤੇ। ਇਸੇ ਕਰਕੇ ਐਤਕੀ ਨੌਰੰਗ ਕਿਆਂ ਨੂੰ ਦਿੱਤੀ ਐ, ਲੋੜਵੰਦ ਨੇ। ਬੰਦਿਆਂ ਆਲੇ ਨੇ, ਜ਼ਮੀਨ ਵੀ ਸੰਭਾਲ ਕੇ ਰੱਖਣਗੇ।

ਇਸ ਗੱਲ ਦਾ ਜਦ ਲਖਵੀਰ ਨੂੰ ਪਤਾ ਲੱਗਿਆ ਸੀ ਅੱਧੀ ਰਾਤ ਤੱਕ ਖੌਰੂ ਪਾਇਆ ਸੀ। ''ਮੈਂ ਇਹਨੂੰ ਪੈਸੇ ਨਹੀਂ ਸੀ ਦਿੰਦਾ? ਉਹਨਾਂ ਦੇ ਪੈਸੇ ਜ਼ਿਆਦਾ ਮਿੱਠੇ ਨੇ?

ਮਸਾਂ ਟਿਕਾਇਆ ਸੀ। ''ਸਹੁਰਿਆ ਮੇਰੇ ਆਲੀ ਵੀ ਤੂੰ ਹੀ ਵਾਹੁਨੈਂ ਬੀਜਦੈਂ। ਉਹ ਪਹਿਲਾਂ ਈ ਔਖੇ ਜਿਵੇਂ ਉਹਨੂੰ ਠੀਕ ਲੱਗਿਐ ਕਰ ਲੈਣ ਦੇ। ਨਾਲੇ ਜਦੋਂ ਸੌਖਾ ਸੀ ਤੇਰੀ ਧੀ ਰੋਜ਼ੀ ਦੇ ਵਿਆਹ ਵੇਲੇ ਪਿੱਛੇ ਹਟਿਆ ਸੀ। ਵੱਧ ਤੋਂ ਵੱਧ ਕਰਦਾ ਰਿਹੈ ਤੇਰਾ, ਤੇਰੇ ਪਰਿਵਾਰ ਦਾ।''

''ਲੈ ਕਰਦਾ ਰਿਹੈ, ਸਾਂਝੀ ਕਮਾਈ ਸੀ।''

''ਚੱਲ ਕੁਛ ਸੀ, ਉਹਦੀ ਵੀ ਜ਼ਮੀਨ ਸੀ।'' ਪਰ ਫੇਰ ਆਨੇ-ਬਹਾਨੇ ਗੱਲ ਉਥੇ ਲਿਆ ਕੇ ਕਲੇਸ਼ ਵਿੱਢ ਲੈਂਦਾ ਹੋਇਆ ਸਾਰਾ ਇਹ ਮਨੀ ਮਾਰੇ ਦੇ ਪੈਰੋਂ। ਸੁਧਰਿਆ ਰਹਿੰਦਾ ਤਾਂ ਠੀਕ ਨਾ ਰਹਿੰਦੀ ਕਹਾਣੀ। ਕੁਦਰਤ ਨੇ ਜੋ ਕੀਤੀ ਸੀ ਉਹ ਤਾਂ ਕੀਤੀ ਸੀ।

''ਬਾਪੂ ਜੀ ਅੱਗੇ ਚੌਂਕ 'ਚ ਲੈਟਾਂ ਕੋਲੇ ਰੁਕਾਂਗੇ। ਉਥੇ ਸੜਕ ਵੀ ਠੀਕ ਐ ਖੜ੍ਹਨ ਨੂੰ। ਤੁਸੀਂ ਜੂਸ ਵਗੈਰਾ ਪੀ ਲਿਓ। ਮੈਂ ਪੱਗਾਂ ਫੜਨੀਆਂ ਨੇ ਸਿੰਘ ਪਗੜੀ ਹਾਊਸ ਤੋਂ।'' ਗੋਲਡੀ ਦੀ ਗੱਲ ਨੇ ਫਿਰ ਮੈਨੂੰ ਸੋਚਾਂ ਵਿਚੋਂ ਬਾਹਰ ਕੱਢਿਆ ਹੈ। ਲੋਕ ਇਧਰ-ਉਧਰ ਤੇਜ਼ੀ ਨਾਲ ਜਾ ਰਹੇ ਨੇ। ਅੱਡੇ 'ਚੋਂ ਨਿਕਲਦੀਆਂ ਬੱਸਾਂ ਦੇ ਪ੍ਰੈਸ਼ਰ ਹਾਰਨ ਕੰਨ ਪਾੜ ਰਹੇ ਨੇ। ਮੈਂ ਕਾਰ ਦਾ ਸ਼ੀਸ਼ਾ ਉਪਰ ਕਰਨ ਲਗਦਾ ਹਾਂ ਤਾਂ ਗੋਲਡੀ ਰੋਕਦਾ ਹੈ।

''ਬਾਪੂ ਜੀ ਥੋੜ੍ਹਾ ਜਿਹਾ ਨੀਵਾਂ ਰੱਖਿਓ। ਪਿੱਛੋਂ ਆਵਾਜ਼ ਨੀਂ ਸੁਣਦੀ ਬੰਦ ਕਰਕੇ।''

ਐਹੋ ਜਿਹਾ ਘੜਮੱਸ ਮੇਰੇ ਅੰਦਰ ਵੀ ਚੱਲ ਰਿਹੈ। ਫੈਸਲੇ ਦਾ ਸਮਾਂ ਵੀ ਨੇੜੇ ਆ ਰਿਹੈ। ਕੀ ਕਰਾਂ?

ਸੁਖਵੀਰ ਨੇ ਕੋਈ ਮਾੜੀ ਗੱਲ ਨਹੀਂ ਕੀਤੀ। ਦੋ ਢਾਈ ਵਰ੍ਹੇ ਹੋ ਗਏ ਸੀ, ਆਏ ਨੂੰ। ਕਿਸੇ ਨੇ ਉਸ ਦੀ ਸਾਰ ਨਾ ਲਈ। ਮਨੀ ਤੇ ਲਖਵੀਰ ਤਾਂ ਵੀਹ ਵਾਰੀ ਕਹਿੰਦੇ ਸੁਣੇ, ''ਚੰਗਾ ਹੋਇਆ ਮੀਸਣੇ ਨੇ ਘਰ ਉਜਾੜਿਐ ਹੁਣ ਕੋਈ ਲੋੜ ਨੀਂ ਇਹਨੂੰ ਬੁਲਾਉਣ ਦੀ।''

ਮੇਰੇ 'ਤੇ ਵੀ ਜਿਹੜੀਆਂ ਬੰਦਸ਼ਾਂ ਲਾਈਆਂ ਮੈਨੂੰ ਪਤੈ। ਅੱਜ ਹੱਦ ਕਰੀ ਜਾਂਦਾ ਸੀ ਅਖੇ ਮੈਂ ਤਾਂ ਮੂੰਹ ਹੀ ਨਹੀਂ ਦੇਖਣਾ ਉਸ ਕੁਲਹਿਣੇ ਦਾ। ਸੁਖਵੀਰ ਦਾ ਦੋਸਤ ਸੀ ਨਰਦੇਵ। ਦੁੱਖ-ਸੁੱਖ 'ਚ ਨਾਲ ਰਿਹਾ ਵਿਚਾਰਾ। ਦਿੱਲੀ ਦਾ ਰਹਿਣ ਵਾਲਾ ਸੀ। ਜੁਆਕ ਨਹੀਂ ਸੀ ਵਿਚਾਰੇ ਦੇ ਕੋਈ। ਦੋਵੇਂ ਜੀਅ ਜਦੋਂ ਪਿੰਡ ਆਉਂਦੇ ਅੰਤਾਂ ਦਾ ਮੋਹ ਕਰਦੇ ਸੀ ਮਨੀ ਦਾ। ਹਰਮੀਤ ਦੇ ਜਾਣ ਤੋਂ ਕੁਛ ਮਹੀਨੇ ਮਗਰੋਂ ਜੀਂਦ ਕੋਲ ਹੋਏ ਰੇਲ ਹਾਦਸੇ 'ਚ ਮਾਰਿਆ ਗਿਆ ਸੀ। ਵਿਚਾਰੀ ਰਮਨ ਵਿਰਲਾਪ ਕਰਦੀ ਨਾ ਵੇਖੀ ਜਾਵੇ। ਮੈਂ ਗਿਆ ਸਾਂ। ਓਦੋਂ ਸੱਥਰ 'ਤੇ ਹੀ ਗੱਲਾਂ ਹੋਈਆਂ ਕਹਿੰਦੀ ''ਮਾਂ ਪਿਉ ਤਾਂ ਵਿਆਹ ਤੋਂ ਤਿੰਨ ਸਾਲ ਅੰਦਰ ਹੀ ਮੁੱਕ ਗਏ ਸੀ। ਭਾਈ ਭਰਜਾਈ ਦਾ ਬਣਿਆ ਹੋਇਐ। ਨਰਦੇਵ ਦੇ ਸਸਕਾਰ ਵੇਲੇ ਵੀ ਨੀ ਪਹੁੰਚਿਆ।'' ਆਹ ਪਿਛਲੇ ਸਾਲ ਜਦ ਪਿੰਡ ਸੁਖਵੀਰ ਨੇ ਸੁਨੇਹਾ ਭੇਜਿਆ। ਮੈਨੂੰ ਜਾਣ ਨਾ ਦਿੱਤਾ ਸਾਰੇ ਟੱਬਰ ਨੇ। ਰਮਨ ਨੂੰ ਸੁਖਵੀਰ ਅਪਣੇ ਘਰ ਲੈ ਆਇਆ ਸੀ। ਬੱਸ ਇਸੇ ਗੱਲ ਨੇ ਘਰ 'ਚ ਉਹ ਭਾਂਬੜ ਮਚਾਏ, ਚਾਚਾ ਭਤੀਜਾ ਕਹਿਣ- ਮਾਰਾਂਗੇ ਮੇਰੇ ਸਾਲੇ ਨੂੰ। ਸਾਡੇ ਘਰ ਦੀ ਇੱਜ਼ਤ ਮਿੱਟੀ 'ਚ ਮਿਲਾਤੀ। ਸੰਗ ਨਾ ਆਈ ਸਿਵਿਆਂ 'ਚ ਲੱਤਾਂ ਨੇ। ਹਾਲੇ ਵੀ ਤੀਵੀਂ ਭਾਲਦੈ। ਜਮਾਂ ਈ ਸ਼ਰਮ ਨਾ ਮੰਨੀ ਚੌਰੇ ਨੇ ਕੀ ਖੇਹ ਖਿੰਡਾਈ ਐ। ਹਰਮੀਤ ਕਾਹਨੂੰ ਮਰੀ ਇਹ ਮਰ ਜਾਂਦਾ। ਜੇ ਮੈਂ ਗੱਲ ਟਿਕਾਉਣ ਦੀ ਗੱਲ ਕੀਤੀ ਤਾਂ ਮੇਰੇ ਗਲ ਨੂੰ ਆਉਣ। ਕੁਲਦੀਪ ਕਿਹੜਾ ਘੱਟ ਐ ਕਹਿੰਦੀ, ''ਲੈ ਮੈਨੂੰ ਤਾਂ ਵਿਚਲੀਆਂ ਗੱਲਾਂ ਦਾ ਪਤਾ ਸੀ। ਰੋਟੀ ਤਾਂ ਕੀ ਇਹ ਤਾਂ ਕੁਝ ਹੋਰ ਭਾਲਦੈ। ਬਦਲੀ ਨਿਗਾਹ ਵੇਖ ਕੇ ਹੀ ਕਿਹਾ ਸੀ ਮੈਂ, ਲਖਵੀਰ ਇਹਨੂੰ ਪਰ੍ਹੇ ਭੇਜ ਬਾਹਰਲੇ ਘਰੇ। ਇਹੋ ਜਿਹੇ ਮੀਸਣਿਆਂ ਦੇ ਘਰ ਪੱਟੇ ਕਦੇ ਲੋਟ ਨਹੀਂ ਆਉਂਦੇ। ਹੁਣ ਚੜ੍ਹ ਜੇ ਪਿੰਡ ਆਕੇ ਸਾਡੀ ਦੇਹਲੀ ਜੇ ਦਾਹੜੀ ਪੱਟ ਕੇ ਹੱਥ 'ਚ ਨਾ ਫੜਾਦਿਆਂ'' ਨੂੰਹ ਦੀਆਂ ਗੱਲਾਂ ਸੁਣ ਕੇ ਲੱਗ ਰਿਹਾ ਸੀ ਜਿਵੇਂ ਸੁਖਵੀਰ ਦੀ ਨਹੀਂ ਮੇਰੀ ਦਾਹੜੀ ਹੱਥ 'ਚ ਫੜਾ ਰਹੀ ਹੈ ਮੇਰੇ। ਸਬਰ ਦਾ ਘੁੱਟ ਭਰ ਕੇ ਬੈਠਾ ਸਾਂ।

''ਲਓ ਬਾਪੂ ਜੀ ਜੂਸ ਪੀਓ।'' ਗੋਲਡੀ ਦੇ ਹੱਥ 'ਚ ਲੰਮਾ ਕੱਚ ਦਾ ਗਿਲਾਸ ਐ।

''ਪੀਓ ਫਿਰ ਪ੍ਰਿੰਟਿੰਗ ਪ੍ਰੈਸ 'ਤੇ ਜਾਣੈਂ ਆਪਾਂ ਕਾਰਡ ਫੜਨੇ ਨੇ।''

ਗੋਲਡੀ ਆਪਣੇ ਹੱਸਮੁੱਖ ਸੁਭਾਅ ਮੁਤਾਬਿਕ ਆਪਣਾ ਅਗਲਾ ਪ੍ਰੋਗਰਾਮ ਦੱਸ ਰਿਹਾ ਹੈ। ਮੈਂ ਕੰਬਦੇ ਹੱਥਾਂ ਨਾਲ ਜੂਸ ਅੰਦਰ ਸਿੱਟ ਲੈਂਦਾ ਹਾਂ। ਗੋਲਡੀ ਕਾਰ ਦੀ ਸੀਟ 'ਤੇ ਬੈਠ ਸਟੇਰਿੰਗ 'ਤੇ ਹੱਥ ਰੱਖ ਚਾਬੀ ਘੁੰਮਾਉਂਦਾ ਹੈ। ਕਾਰ ਹੁਣ ਵੱਡੇ ਬਜ਼ਾਰ ਵਿਚੋਂ ਦੀ ਜਾ ਰਹੀ ਹੈ। ਭਾਂਤ-ਭਾਂਤ ਦੀਆਂ ਦੁਕਾਨਾਂ ਹਨ। ਲੋਕ ਆਪੋ-ਅਪਣੇ ਕੰਮਕਾਰ ਕਰਕੇ ਆ ਜਾ ਰਹੇ ਹਨ। ਜਿਵੇਂ ਕਿਸੇ ਦਾ ਕੋਈ ਸਬੰਧ ਨਹੀਂ ਹੁੰਦਾ ਕਿਸੇ ਨਾਲ। ਪਰ ਜੇ ਗੱਲ ਕਰਕੇ ਵੇਖੀਏ ਜਰੂਰ ਕੋਈ ਕਿਸੇ ਨੂੰ ਮਿਲ ਕੇ ਆਇਆ ਹੋਵੇਗਾ।

ਲਖਵੀਰ ਦੀ ਸਵੇਰ ਵਾਲੀ ਗੱਲ ਨੇ ਮਨ ਨੂੰ ਬਹੁਤ ਤੋੜਿਆ ਪਿਐ। ਗੱਡੀ ਪੀਰਖਾਨੇ ਕੋਲ ਰੁਕੀ ਹੈ। ਬੈਕ ਕਰਕੇ ਪੀਰਖਾਨੇ ਵਾਲੇ ਚੌੜੇ ਪੱਕੇ ਫਰਸ਼ 'ਤੇ ਨਿੰਮ ਕੋਲ ਗੱਡੀ ਬੰਦ ਕੀਤੀ ਹੈ ਗੋਲਡੀ ਨੇ।

''ਲਓ ਬਾਪੂ ਜੀ ਤੁਸੀਂ ਵਿਚੇ ਬੈਠੇ ਰਹੋ। ਮੈਂ ਸਾਹਮਣੇ ਗਲੀ 'ਚੋਂ ਜਾ ਕੇ ਪ੍ਰੈਸ ਤੋਂ ਕਾਰਡ ਫੜ ਲਿਆਵਾਂ। ਇਥੇ ਥਾਂ ਖੁੱਲ੍ਹੀ ਐ।'' ਗੋਲਡੀ ਸੜਕ ਪਾਰ ਕਰਕੇ ਦੁਕਾਨ ਅੰਦਰ ਚਲਾ ਗਿਐ। ਖੁੱਲ੍ਹੇ ਥਾਂ 'ਤੇ ਮੈਂ ਕਾਰ ਅੰਦਰ ਇਕੱਲਾ ਬੈਠਾ ਹਾਂ। ਮੇਰੀ ਬਿਰਤੀ ਫਿਰ ਉਥੇ ਹੀ ਲੱਗ ਗਈ ਐ। ਹਰਮੀਤ ਦਾ ਇਲਾਜ ਕਰਾਉਂਦੇ ਸੀ ਉਹ ਬਚ ਜਾਵੇ ਅਪਣੀ ਜ਼ਿੰਦਗੀ ਮਾਣੇ। ਮਨੀ ਦਾ ਵਿਆਹ ਕੀਤਾ ਕਿ ਪਿਛਲਾ ਸ਼ਾਇਦ ਭੁੱਲ ਜਾਵੇ ਪਰ ਉਹਦੀਆਂ ਕਰਤੂਤਾਂ ਨੇ ਪੁੱਤ ਅਤੇ ਪੋਤ ਨੂੰਹ ਘਰੋਂ ਤੋਰ 'ਤੇ। ਹੁਣ ਜੇ ਸੁਖਵੀਰ ਨੇ ਇਥੇ ਆਕੇ ਅਪਣੇ ਰਹਿੰਦੇ ਦਿਨ ਲੰਘਾਉਣ ਲਈ ਕਿਸੇ ਦਾ ਸਹਾਰਾ ਲਿਐ, ਕਿਸੇ ਨੂੰ ਸਹਾਰਾ ਦਿੱਤੈ ਤਾਂ ਇਹਦੇ 'ਚ ਕੀ ਮਾੜਾ ਕੀਤੈ ਉਹਨੇ। ਜੇ ਇਸੇ ਲਖਵੀਰ ਨੂੰ ਘਰ ਤੇ ਜਮੀਨ ਦੇ ਆਉਂਦਾ ਤਾਂ ਉਹਨੂੰ ਇਹ ਗੱਲ ਮਾੜੀ ਨਾ ਲੱਗਦੀ। ਗਰਜਾਂ ਨਾਲ ਬੱਝੀ ਪਈ ਐ ਦੁਨੀਆਂ ਮਨਾਂ। ਤੂੰ ਵੀ ਕਿੰਨਾਂ ਕੁ ਚਿਰ ਐਂ। ਕਿਉਂ ਪਾਪਾਂ ਦਾ ਭਾਗੀ ਬਣਦੈਂ। ਨਾਲੇ ਅਪਣੇ ਖ਼ੂਨ ਨੂੰ ਦੂਰ ਕਰਕੇ ਕਿਥੋਂ ਸੁਖ ਭਾਲਦੈਂ। ਲਖਵੀਰ ਦੀ ਜੇ ਨਾ ਮੰਨੀ ਤਾਂ ਹੋਰ ਵੀ ਕਲੇਸ਼ ਹੋਊ। ਮਨ ਕਦੇ ਇਧਰ ਕਦੇ ਉਧਰ ਡਿਕਡੋਲੇ ਖਾ ਰਿਹੈ। ਕੋਈ ਸਹਾਰਾ ਨਹੀਂ ਲੱਭ ਰਿਹਾ। ਜੀਅ ਕਰਦੈ ਕਾਰ 'ਚੋਂ ਉਤਰ ਕੇ ਕਿਧਰੇ ਤੁਰ ਜਾਵਾਂ। ਕਿਸੇ ਪਾਸੇ ਦਾ ਉਲਾਂਭਾ ਨਾ ਆਵੇ। ਗੋਲਡੀ ਦਾ ਪਿਆਰ ਆਉਂਦੈ, ਸਿਹਰਿਆਂ ਬੰਨ੍ਹਿਆਂ ਇਹਦਾ ਚਿਹਰਾ ਸਾਹਮਣੇ ਆ ਜਾਂਦੈ। ਅਧ ਖੁੱਲ੍ਹੀ ਤਾਕੀ ਨੂੰ ਫਿਰ ਬੰਦ ਕਰ ਲੈਂਦਾ ਹਾਂ। ਮਨ ਉਦਾਸ ਹੈ।

''ਬਾਪੂ ਜੀ ਲਓ ਵੇਖੋ ਕਾਰਡ ਕਿੰਨਾ ਸੋਹਣਾ ਛਾਪਿਆ ਹੈ।'' ਚਾਂਦੀ ਰੰਗਾ ਚਮਕਦਾਰ ਕਾਰਡ ਸਣੇ ਲਿਫਾਫਾ ਗੋਲਡੀ ਮੇਰੇ ਹੱਥਾਂ ਉਪਰ ਰੱਖਦਾ ਕਹਿ ਰਿਹਾ ਹੈ। ਮੈਂ ਕਾਰਡ ਨੂੰ ਹੱਥਾ ਵਿਚ ਲੈ ਮੱਥੇ ਨਾਲ ਲਾਉਂਦਾ ਹਾਂ।

''ਬਾਪੂ ਜੀ ਕਾਰਡ ਆਪਾਂ ਸ਼ਹਿਰ 'ਚ ਵੀ ਦੇ ਕੇ ਆਉਣੇ ਐ। ਪਰ ਸਭ ਤੋਂ ਪਹਿਲਾਂ ਮੈਂ ਤੁਹਾਡੇ ਹੱਥਾਂ ਨਾਲ ਪਹਿਲਾ ਕਾਰਡ ਦੇਣਾ ਚਾਹੁੰਨਾ। ਦੱਸੋ ਕਿਸ ਦਾ ਨਾਂ ਲਿਖਾਂ।''

ਮੇਰੀਆਂ ਅੱਖਾਂ 'ਚੋਂ ਤਰਿਪ-ਤਰਿਪ ਪਾਣੀ ਵਗਣ ਲੱਗਦਾ ਹੈ। ਗਲਾ ਭਰ ਜਾਂਦੈ। ਗੋਲਡੀ ਨੂੰ ਕੁਛ ਨਹੀਂ ਕਿਹਾ ਜਾ ਰਿਹਾ। ਹੰਝੂ ਵੇਖ ਕੇ ਗੋਲਡੀ ਇਕਦਮ ਗੰਭੀਰ ਹੋ ਜਾਂਦੈ।

''ਬਾਪੂ ਜੀ ਏਨੇ ਉਦਾਸ ਕਿਉਂ ਹੋਈ ਜਾਂਦੇ ਓ। ਤੁਹਾਡੀਆਂ ਅੱਖਾਂ ਕਿਉਂ ਭਰ ਆਈਆਂ ਨੇ? ਬਾਪੂ ਜੀ, ਗੱਲ ਦੱਸੋ। ਸਾਰੀ ਉਮਰ ਤੁਸੀਂ ਇੰਨੇ ਤਕੜੇ ਰਹੇ ਓਂ, ਕਿੰਨੇ ਦੁੱਖ ਸਹੇ ਨੇ। ਕੀ ਗੱਲ ਐ ਬਾਪੂ ਜੀ? ਤੁਸੀਂ ਜਿਵੇਂ ਕਹੋ ਉਵੇਂ ਹੋਵੇਗਾ। ਪਾਪਾ ਨੂੰ ਅਸੀਂ ਸਾਰੇ ਆਪੇ ਸਮਝਾ ਲਵਾਂਗੇ। ਖੁਸ਼ੀ ਦੇ ਮੌਕੇ ਤੁਹਾਡੀਆਂ ਅੱਖਾਂ ਵਿਚ ਮੈਂ ਪਾਣੀ ਨਹੀਂ ਵੇਖ ਸਕਦਾ। ਐਨਾ ਆਖ ਗੋਲਡੀ ਨੇ ਗੱਡੀ ਸੁਖਵੀਰ ਦੇ ਘਰ ਵੱਲ ਮੋੜ ਲਈ ਐ।

ਲੱਗਿਐ ਜਿਵੇਂ ਮਨ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ ਹੋਵੇ!

ਮੈਂ ਦੋਵਾਂ ਨੂੰ ਬਿਠਾ ਕੇ ਗੱਲ ਕੀਤੀ। ਸੁਖਵੀਰ ਨੇ ਕੋਈ ਨਾਂਹ ਨੁੱਕਰ ਨਾ ਕੀਤੀ। ਸੁਖਵੀਰ ਤੇ ਮਨੀ ਵਹੁਟੀ ਸਮੇਤ ਸਾਹਮਣੇ ਘਰੇ ਚਲੇ ਗਏ। ਮਨੀ ਹਾਲੇ ਵੀ ਪਹਿਲਾਂ ਵਾਲੇ ਰੱਥ ਨਹੀਂ ਛੱਡ ਰਿਹਾ ਸੀ। ਸਗੋਂ ਅੱਧੀ-ਅੱਧੀ ਰਾਤ ਉਸਦੀ ਕਾਰ ਖੜਕਦੀ। ਜਿੰਨਾ ਚਿਰ ਨਾ ਆਉਂਦਾ ਸੁਖਵੀਰ ਤੇ ਵਹੁਟੀ ਮਨਪ੍ਰੀਤ ਵਿਟ-ਵਿਟ ਝਾਕੀ ਜਾਂਦੇ। ਇਕ ਦਿਨ ਆਥਣੇ ਜਿਹੇ ਮੈਂ ਸੁਖਵੀਰ ਕੋਲੇ ਚਲਿਆ ਗਿਆ। ਗੱਲਾਂ ਕਰਦਾ ਰਿਹਾ ਵਾਹਵਾ ਹਨੇਰਾ ਹੋ ਗਿਆ, ਨਾ ਆਇਆ। ਜਦੋਂ ਸਭ ਲੋਕ ਪਕਾ ਖਾ ਕੇ ਪੈ ਗਏ। ਅਸੀਂ ਉਵੇਂ ਬਰਾਂਡੇ ਵਿਚ ਬੈਠੇ ਉਡੀਕੀ ਜਾਈਏ। ਕਿਤੇ ਵੱਡੀ ਰਾਤ ਆਇਆ। ਗੇਟ ਖੋਹਲ ਕੇ ਸੁਖਵੀਰ ਨੇ ਗੱਡੀ ਅੰਦਰ ਕਰਵਾਈ। ਮਨੀ ਦੇ ਪੈਰ ਜਿਹੇ ਨਿੱਕਲ ਰਹੇ ਸਨ। ਕਮੀਜ਼ ਪੈਂਟ 'ਚੋਂ ਬਾਹਰ ਨਿਕਲਿਆ ਫਿਰਦਾ ਸੀ।

# ਚਿੱਤਰਕਲਾ ਮੇਰਾ ਪੇਸ਼ਾ ਨਹੀਂ... ਇਮਰੋਜ਼



ਇਮਰੋਜ਼ ਦਾ ਜਨਮ 26 ਜਨਵਰੀ, 1926 ਨੂੰ ਹੋਇਆ। ਇੰਦਰਜੀਤ ਤੋਂ ਬਣੇ ਇਮਰੋਜ਼ ਨੇ ਜਿਥੇ ਚਿੱਤਰਕਾਰੀ ਵਿਚ ਆਪਣੀ ਵੱਖਰੀ ਥਾਂ ਬਣਾਈ ਉਥੇ ਪਿਛਲੀ ਉਮਰੇ 'ਜਸ਼ਨ ਜਾਰੀ ਹੈ' ਰਾਹੀਂ ਕਵੀ ਦੇ ਰੂਪ ਵਿਚ ਵੀ ਸਾਹਮਣੇ ਆਏ। ਇਮਰੋਜ਼ ਦੀ ਖੂਬੀ ਇਹ ਹੈ ਕਿ ਉਹਨਾਂ ਨੇ ਚਿੱਤਰਕਾਰੀ ਕਰਦਿਆਂ ਆਪਣੇ ਜ਼ਿਹਨ 'ਚ ਅੰਮ੍ਰਿਤਾ ਨੂੰ ਵਸਾਈ ਰੱਖਿਆ ਅਤੇ ਕਵਿਤਾ ਲਿਖਦਿਆਂ ਵੀ ਉਹ ਇਉਂ ਹੀ ਕਰਦੇ ਦਿਸਦੇ ਨੇ। ਇਸ ਤਰ੍ਹਾਂ ਇਮਰੋਜ਼ ਦੀ ਸਮੁੱਚੀ ਚਿੱਤਰਕਾਰੀ ਅਤੇ ਕਵਿਤਾ 'ਚੋਂ ਪਿਆਰ ਦੇ ਝਲਕਾਰੇ ਮਿਲਦੇ ਹਨ। ਤਦੇ ਉਹ ਕਹਿੰਦੇ ਹਨ -"ਪਿਆਰ ਕੋਈ ਇਹੋ ਜਿਹੀ ਸ਼ੈਅ ਨਹੀਂ ਜੋ ਕਿਧਰੋਂ ਬਾਹਰੋਂ ਹਾਸਿਲ ਕੀਤੀ ਜਾਵੇ। ਪਿਆਰ ਤਾਂ ਤੁਹਾਡੇ ਅੰਦਰ ਦਾ ਸੰਗੀਤ ਹੈ।"

ਮੁਲਾਕਾਤੀ



ਤਰਸੇਮ

? ਇਮਰੋਜ਼ ਸਾਹਿਬ ਉਹ ਕਿਹੋ ਜਿਹੇ ਦਿਨ ਸਨ ਜਦੋਂ ਤੁਸੀਂ ਉਰਦੂ ਦੇ ਰਸਾਲਿਆਂ ਦੇ ਵਿਚ ਸਕੈਚ-ਵਰਕ ਕੀਤਾ?

- ਸ਼ਮਾ ਵਿਚ ਮੈਂ ਸਿਰਫ਼ ਸਕੈਚ ਵਰਕ ਲਈ ਨਹੀਂ ਸੀ ਆਇਆ, ਮੈਂ ਤਾਂ ਉਰਦੂ ਵਿਚ ਆਪਣੀ ਤਰ੍ਹਾਂ ਦੀ ਕੈਲੀਗ੍ਰਾਫੀ ਕਰਨ ਦਾ ਮੌਕਾ ਵੇਖ ਕੇ ਆਇਆ ਸੀ - ਤੇ ਮੈਂ ਉਹ ਕੈਲੀਗ੍ਰਾਫੀ ਕੀਤੀ ਵੀ - ਜੋ ਪਹਿਲਾਂ ਨਹੀਂ ਹੋਈ ਮੇਰੇ ਲਈ ਕੈਲੀਗ੍ਰਾਫੀ ਸਿਰਫ਼ ਖੁਸ਼ਕਤੀ ਨਹੀਂ - ਫੁੱਲ ਨੂੰ ਨਾਜ਼ੁਕ ਖ਼ਤ ਨਾਲ ਤੇ ਪੱਥਰ ਨੂੰ ਠੋਸ ਖ਼ਤ ਨਾਲ ਲਿਖਿਆ।

? ਉਹ ਕਿਹੜੀ ਅਜਿਹੀ ਖਿੱਚ ਸੀ ਕਿ ਤੁਸੀਂ ਇੰਦਰਜੀਤ ਤੋਂ ਇਮਰੋਜ਼ ਬਣੇ।

- ਇੰਦਰਜੀਤ ਮੇਰੇ ਮਾਂ-ਬਾਪ ਦੀ ਮਰਜ਼ੀ ਦਾ ਨਾਂ ਹੈ- ਮੇਰਾ ਨਹੀਂ - ਸਕੂਲ ਵਿਚ ਮੇਰੀ ਜਮਾਤ ਵਿਚ ਤਿੰਨ ਇੰਦਰਜੀਤ ਸਨ - ਹਰ ਬੱਚੇ ਨੂੰ ਦੋ ਹੱਕ ਦੇਣੇ ਚਾਹੀਦੇ ਹਨ - ਇਕ ਆਪਣੀ ਮਰਜ਼ੀ ਦਾ ਨਾਂ ਰੱਖਣ ਦਾ ਤੇ ਦੂਸਰਾ ਮਜ਼ਹਬ ਵੀ ਉਸ ਦੀ ਆਪਣੀ ਚੋਣ ਹੋਵੇ। ਮਜ਼ਹਬ ਦੀ ਇਹ ਕੰਡੀਸ਼ਨਿੰਗ ਨਾ ਮਜ਼ਹਬ ਹੈ ਤੇ ਨਾ ਹੀ ਸਾਡੀ ਮਰਜ਼ੀ। ਇਮਰੋਜ਼ ਮੇਰੀ ਮਰਜ਼ੀ ਦਾ ਨਾਂ ਹੈ - ਵੈਸੇ ਨਾਂ ਬਦਲ ਲੈਣਾ ਕੋਈ ਖਾਸ ਗੱਲ ਨਹੀਂ ਸਵਾਏ ਆਪਣੇ ਹੱਕ ਦੀ ਵਰਤੋਂ ਤੋਂ...

? ਕੀ ਤੁਸੀਂ ਆਪਣੀ ਇਸ ਕਲਾ ਨੂੰ ਪ੍ਰੋਫੈਸ਼ਨਲ ਬਣਾਇਆ। ਤੁਹਾਡੇ ਸਮਕਾਲੀ ਚਿੱਤਰਕਾਰ ਬੁਲੰਦੀਆਂ ਛੋਹ ਰਹੇ ਹਨ ਅਤੇ ਪੈਸਾ ਅਤੇ ਸ਼ੋਹਰਤ ਕਮਾ ਰਹੇ ਹਨ।

- ਚਿੱਤਰਕਲਾ ਮੇਰਾ ਪੇਸ਼ਾ ਨਹੀਂ - ਇਕ ਲੀਲ੍ਹਾ ਹੈ ਮੈਂ ਤਾਂ ਰੰਗਾਂ ਨਾਲ ਖੇਡਦਾ ਹਾਂ ਤੇ ਰੰਗ ਮੇਰੇ ਨਾਲ। ਰੰਗਾਂ ਨਾਲ ਖੇਡਦਾ-ਖੇਡਦਾ ਮੈਂ ਵੀ ਰੰਗ ਹੋ ਜਾਂਦਾ ਵਾਂ। ਕੁੱਝ ਬਣਨ ਨਾ ਬਣਨ ਤੋਂ ਬੇਫਿਕਰ-ਬੇਪ੍ਰਵਾਹ ਜੋ ਵੀ ਬਣ ਜਾਂਦਾ ਹੈ ਉਹ ਮੈਂ ਹਾਂ। ਉਹ ਜਿਸ ਨੂੰ ਪਸੰਦ ਆ ਜਾਏ ਉਸ ਦਾ ਸ਼ੁਕਰੀਆ ਤੇ ਜਿਸ ਨੂੰ ਨਾ ਪਸੰਦ ਆਏ ਕੋਈ ਗੱਲ ਨਹੀਂ - ਮੈਂ ਪੇਂਟ ਆਪਣੇ ਆਪ ਲਈ ਕਰਦਾ ਵਾਂ, ਸਿਰਫ਼ ਆਪਣੇ ਆਪ ਲਈ - ਨਾ ਕਿਸੇ ਮਸ਼ਹੂਰੀ ਤੇ ਨਾ ਲੋਕਾਂ ਵਿਚ ਜਾਣੇ ਜਾਣ ਲਈ - ਇਹ ਮੇਰੀ ਸੋਚ ਵੀ ਨਹੀਂ - ਲੋੜ ਵੀ ਨਹੀਂ...

? ਤੁਸੀਂ ਆਪਣੀ ਕਿਸੇ ਨੁਮਾਇਸ਼ ਬਾਰੇ ਦੱਸੋ। ਦਿੱਲੀ 'ਚ ਤਾਂ ਆਏ ਦਿਨ ਚਿੱਤਰਕਾਰੀ ਦੀਆਂ ਨੁਮਾਇਸ਼ਾਂ ਲੱਗਦੀਆਂ ਹੀ ਰਹਿੰਦੀਆਂ ਹਨ?

- ਨੁਮਾਇਸ਼ ਬਹੁਤਾ ਕਰਕੇ ਲੋਕਾਂ ਵਿੱਚ ਜਾਣ ਲਈ ਕੀਤੀ ਜਾਂਦੀ ਹੈ ਤੇ ਆਪਣੇ ਆਪ ਨੂੰ ਆਰਟਿਸਟ ਦੱਸਣ ਲਈ ਵੀ - ਇਹ ਦੋਵੇਂ ਮੇਰੀ ਲੋੜ ਨਹੀਂ, ਨਾਲੇ ਜਿਹੜਾ ਆਰਟਿਸਟ ਹੈ ਉਸਨੂੰ ਆਰਟਿਸਟ ਦੱਸਣ ਦੀ ਲੋੜ ਕੀ? ਮੈਨੂੰ ਇਕ ਜਣੇ ਨੇ ਜਾਣ ਲਿਆ ਹੈ ਹੁਣ ਕੋਈ ਹੋਰ ਜਾਣੇ ਭਾਵੇਂ ਨਾ ਜਾਣੇ ਮੇਰੇ ਲਈ ਕਾਫ਼ੀ ਤੋਂ ਵੱਧ ਹੈ...

? ਕੀ ਤੁਹਾਨੂੰ ਨਹੀਂ ਲਗਦਾ ਕਿ ਤੁਸੀਂ ਆਪਣੀ ਕਲਾ ਨੂੰ ਦਬਾ ਲਿਆ? ਜਾਂ ਇਹ ਵੀ ਚਰਚਾ ਹੁੰਦੀ ਕਿ ਅੰਮ੍ਰਿਤਾ ਨੇ ਇਮਰੋਜ਼ ਦੀ ਕਲਾ ਨੂੰ ਦਬਾ ਲਿਆ। ਤੁਸੀਂ ਕਿਵੇਂ ਸੋਚਦੇ ਹੋ?

- ਇਕ ਦੂਜੇ ਨੂੰ ਦਬਾਉਣ ਦਾ ਕੰਮ ਪਤੀ-ਪਤਨੀ ਕਰਦੇ ਹਨ-ਪਿਆਰ ਕਰਨ ਵਾਲੇ ਕਦੇ ਵੀ ਇਹ ਨਹੀਂ ਕਰਦੇ, ਉਹ ਤਾਂ ਇਕ ਦੂਜੇ ਦੇ ਕੰਪਲੀਮੈਂਟ ਹੋ ਕੇ ਜੀਉਂਦੇ ਹਨ...

? ਚਿੱਤਰਕਾਰੀ ਸਮੇਂ ਰੰਗਾਂ ਦੀ ਚੋਣ ਕਿਵੇਂ ਕਰਦੇ ਹੋ? ਕਿਉਂਕਿ ਰੰਗਾਂ ਦਾ ਵੀ ਆਪਣਾ ਇਕ ਮਨੋਵਿਗਿਆਨ ਹੁੰਦੈ, ਜਸਬੀਰ ਭੁੱਲਰ ਕਹਿੰਦੈ ਕਿ ਇਮਰੋਜ਼ ਨੇ ਨਸਵਾਰੀ ਰੰਗ ਬਹੁਤ ਨਹੀਂ ਵਰਤਿਆ। ਇਸ ਦਾ ਕੀ ਕਾਰਨ ਹੈ?

- ਅੰਮ੍ਰਿਤਾ ਦੀ ਆਖ਼ਰੀ ਨਜ਼ਮ 'ਮੈਂ ਤੈਨੂੰ ਫੇਰ ਮਿਲਾਂਗੀ' ਤੁਹਾਡੀ ਗੱਲ ਦਾ ਤੇ ਕਈਆਂ ਦੀਆਂ ਗੱਲਾਂ ਦਾ ਜਵਾਬ ਹੈ... ਜਸਬੀਰ ਭੁੱਲਰ ਠੀਕ ਕਹਿੰਦਾ ਹੈ - ਮੈਂ ਧੁੱਪ ਦੇ ਰੰਗ ਬਹੁਤੇ ਵਰਤਦਾ ਵਾਂ - ਉਹੀ ਮੇਰੇ ਨਾਲ ਬੋਲਦੇ ਹਨ ਤੇ ਮੈਂ ਉਨ੍ਹਾਂ ਨਾਲ...

? ਪੇਂਟਿੰਗਜ਼ ਦੇ ਵਿਚ ਟੁੱਟ-ਭੱਜ ਦਾ ਰੂਪਮਾਨ ਹੋਣਾ ਮਾਨਸਿਕ ਵਿਕਾਰ ਦੀ ਨਿਸ਼ਾਨੀ ਹੈ। ਤੁਸੀਂ ਚਿੱਤਰਕਾਰਾਂ ਦੇ ਇਸ ਰੁਝਾਨ ਪ੍ਰਤੀ ਨਿਰਾਸ਼ ਹੋ। ਤੁਸੀਂ ਸਤੀਸ਼ ਗੁਜਰਾਲ ਨੂੰ ਪੁੱਛਿਆ ਵੀ ਸੀ ਕਿ ਚਿੱਤਰਾਂ ਵਿਚ ਇਹ ਵਿਗਾੜ ਕਿਉਂ? ਐਨੀ ਟੁੱਟ ਭੱਜ ਕਾਹਦੇ ਲਈ, ਇਹ ਤਾਂ ਬੰਦੇ ਦੀ ਮਾਨਸਿਕ ਸਥਿਤੀ ਹੋ ਸਕਦੀ ਹੈ ਅਤੇ ਜ਼ਿੰਦਗੀ ਦੀ ਵੀ ਹੈ। ਤੁਸੀਂ ਇਸ ਤੋਂ ਨਿਰਾਸ਼ ਹੋ? ਅਤੇ ਗੁਜਰਾਲ ਨੇ ਤੁਹਾਡੇ ਪ੍ਰਸ਼ਨ ਦਾ ਕੀ ਉੱਤਰ ਦਿੱਤਾ।

- ਜੰਗ ਨਾਲ ਸਾਰੇ ਯੂਰਪ ਵਿਚ ਬਹੁਤ ਟੁੱਟ-ਭੱਜ ਹੋਈ। ਉਸ ਦਾ ਅਸਰ ਸਭ ਕਾਸੇ 'ਤੇ ਹੋਇਆ-ਪੇਂਟਿੰਗ 'ਤੇ ਵੀ ਹੋਇਆ ਪਰ ਵਕਤ ਨਾਲ ਸਾਰੇ ਸ਼ਹਿਰ ਫੇਰ ਉਸਰ ਗਏ। ਪਹਿਲਾਂ ਨਾਲੋਂ ਵੀ ਕਿਤੇ ਸੁਹਣੇ ਪਰ ਚਿੱਤਰਕਾਰ ਟੁੱਟ ਭੱਜ ਪੇਂਟ ਕਰਦੇ ਹੀ ਰਹੇ - ਇਕ ਆਦਤ ਵਾਂਗ-ਆਪਣੇ-ਆਪ ਨੂੰ ਦੁਹਰਾਣਾ ਨਾ ਕਲਾ ਕਬੂਲ ਕਰਦੀ ਹੈ ਨਾ ਜ਼ਿੰਦਗੀ... ਸਤੀਸ਼ ਗੁਜਰਾਲ ਨੂੰ ਮੈਕਸੀਕੋ ਜਾਣ ਦਾ ਵਜ਼ੀਫ਼ਾ ਮਿਲਿਆ ਸੀ - ਉਹ ਉਥੋਂ ਦੇ ਇਕ ਮਸ਼ਹੂਰ ਕਲਾਕਾਰ ਦਾ ਏਨਾ ਅਸਰ ਲੈ ਕੇ ਆਇਆ ਕਿ ਕਿੰਨੇ ਸਾਲ ਸਤੀਸ਼ ਨੂੰ ਲੱਗੇ ਉਸ ਤੋਂ ਬੇਅਸਰ ਹੋਣ ਲਈ। ਉਸ ਦੇ ਬਾਅਦ ਹੀ ਉਸ ਨੇ ਸਤੀਸ਼ ਨੂੰ ਪੇਂਟ ਕੀਤਾ ਸਿਰਫ਼ ਸਤੀਸ਼ ਨੂੰ...

ਸੁਪਨੀਲੀ ਉਮਰ - ਅੰਮ੍ਰਿਤਾ ਤੇ ਇਮਰੋਜ਼ (1958)



? ਜਦੋਂ ਤੁਸੀਂ ਕਿਸੇ ਔਰਤ ਦਾ ਚਿੱਤਰ ਬਣਾਉਂਦੇ ਹੋ ਤਾਂ ਉਸ ਸਮੇਂ ਕਿਸਦੇ ਨਕਸ਼ ਤੁਹਾਡੇ ਦਿਮਾਗ 'ਚ ਹੁੰਦੇ ਹਨ?

- ਜਿਹੋ ਜਿਹੀ ਲੋੜ ਹੋਵੇ ਉਹ ਜਿਹੀ ਬਣਾਉਣ ਦੀ ਕੋਸ਼ਿਸ਼ ਕਰਦਾ ਹਾਂ। ਵੈਸੇ ਖੂਬਸੂਰਤ ਸੋਚਾਂ ਹੀ ਖੂਬਸੂਰਤ ਤਸਵੀਰਾਂ ਬਣਦੀਆਂ ਹਨ... ਮੈਂ ਆਪਣੀਆਂ ਤਸਵੀਰਾਂ 'ਤੇ ਨਾਂ ਨਹੀਂ ਲਿਖਦਾ... ਵੈਸੇ ਕਿਸੇ ਵੀ ਆਰਟਿਸਟ ਦਾ ਨਾਂ ਉਸਦੀ ਪੇਂਟਿੰਗ ਦਾ ਹਿੱਸਾ ਨਹੀਂ ਬਣਦਾ-ਸਗੋਂ ਡਿਸਟਰਬ ਕਰਦਾ ਹੈ।

? ਅੰਮ੍ਰਿਤਾ ਜੀ ਨੂੰ ਪਹਿਲੀ ਨਜ਼ਮ ਲਿਖਣ 'ਤੇ ਚਪੇੜ ਮਿਲੀ ਸੀ। ਤੁਹਾਡੀ ਪਹਿਲੀ ਨਜ਼ਮ ਪ੍ਰਤੀ ਕੀ ਪ੍ਰਤਿਕਿਰਿਆ ਹੋਈ, ਉਸ ਦੇ ਬਾਰੇ 'ਚ ਦੱਸੋ?

- ਜਦੋਂ ਅੰਮ੍ਰਿਤਾ ਰੁੱਖਾਂ ਤੋਂ ਬੀਜ ਬਣ ਗਈ। ਇਕ ਨਜ਼ਮ ਨੇ ਮੈਨੂੰ ਕੋਲ ਬੁਲਾ ਕੇ, ਕੋਲ ਬਿਠਾ ਕੇ ਆਪਣਾ ਨਾਂ ਦੱਸਿਆ- 'ਅੰਮ੍ਰਿਤਾ ਜੋ ਰੁੱਖ ਤੋਂ ਬੀਜ ਬਣ ਗਈ' ਇਹ ਮੇਰੀ ਪਹਿਲੀ ਨਜ਼ਮ ਹੈ...

? ਅੰਮ੍ਰਿਤਾ ਜੀ ਦੇ ਜਾਣ-ਬਾਅਦ ਤੁਸੀਂ ਕਵਿਤਾ ਲਿਖਣੀ ਸ਼ੁਰੂ ਕੀਤੀ ਜਾਂ ਪਹਿਲੇ ਵੀ ਲਿਖਦੇ ਸੀ ਜੇ ਲਿਖਦੇ ਸੀ ਤਾਂ ਉਭਰੇ ਕਿਉਂ ਨਹੀਂ?

- ਅੰਮ੍ਰਿਤਾ ਦੇ ਹੁੰਦਿਆਂ ਮੈਂ ਨਜ਼ਮਾਂ ਹੀ ਜਿਉਂਦਾ ਰਿਹਾ ਹਾਂ ਤੇ ਹੁਣ ਨਜ਼ਮ ਲਿਖ ਵੀ ਰਿਹਾ ਹਾਂ...

? ਸੁਖਬੀਰ ਤੁਹਾਡੇ ਬਾਰੇ ਆਖਦੇ ਹਨ, "ਤੂੰ ਪਿਆਰ ਦੀ ਤਲਾਸ਼ ਦੇ ਦੌਰਾਨ ਚਿੱਤਰ ਸਿਰਜਦਾ ਰਿਹੈਂ ਤੇ ਹੁਣ ਪਿਆਰ ਜਿਊਣ ਤੋਂ ਬਾਅਦ ਕਵਿਤਾਵਾਂ ਲਿਖਣ ਲੱਗਾ ਹੈਂ।" ਇਸ ਟਿੱਪਣੀ ਨੂੰ ਤੁਸੀਂ ਕਿਵੇਂ ਦੇਖਦੇ ਹੋ?

- ਸੁਖਬੀਰ ਦੋਸਤ ਹੈ ਬਹੁਤ ਜਾਣਦਾ ਹੈ।
ਪੇਂਟਿੰਗ ਨੂੰ ਵੀ ਤੇ ਪੇਂਟਰ ਨੂੰ ਵੀ
ਕਵਿਤਾ ਨੂੰ ਵੀ ਤੇ ਕਵੀ ਨੂੰ ਵੀ...
ਉਸ ਦਾ ਸਭ ਕਿਹਾ ਜਹੇ ਨਸੀਬ...

? ਆਲੋਚਨਾ ਤੋਂ ਯਾਦ ਆਇਆ ਕਿ ਅੰਮ੍ਰਿਤਾ ਜੀ ਤਾਂ ਆਲੋਚਨਾ ਬਰਦਾਸ਼ਤ ਹੀ ਨਹੀਂ ਕਰਦੇ ਸਨ। ਕਵੀ-ਚਿੱਤਰਕਾਰ ਇਮਰੋਜ਼ ਨੇ ਕਦੇ ਅੰਮ੍ਰਿਤਾ ਦੀ ਬਤੌਰ ਕਵਿਤਰੀ, ਬਤੌਰ ਪਤਨੀ ਕਦੇ ਆਲੋਚਨਾ ਕੀਤੀ। ਜੇ ਕੀਤੀ ਤਾਂ ਉਨ੍ਹਾਂ ਦੀ ਕੀ ਪ੍ਰਤਿਕਿਰਿਆ ਸੀ?

- ਜਦੋਂ ਅਸੀਂ ਸਾਰੇ ਵੱਖਰੇ-ਵੱਖਰੇ ਜੰਮਦੇ ਹਾਂ - ਸਾਡੀਆਂ ਸੋਚਾਂ ਵੀ ਵੱਖਰੀਆਂ-ਵੱਖਰੀਆਂ ਹੀ ਹੋਣਗੀਆਂ। ਵੱਖਰੀ-ਵੱਖਰੀ ਸੋਚ ਦਾ ਮੈਂ ਵੀ ਆਦਰ ਕੀਤਾ ਹੈ ਤੇ ਅੰਮ੍ਰਿਤਾ ਨੇ ਵੀ। ਸਭ ਦੇ ਖਿਆਲ ਇੱਕੋ ਜਿਹੇ ਹੋਣ-ਇਹ ਤੇ ਕਦੇ ਹੋਣਾ ਨਹੀਂ। ਐਵੇਂ ਸਾਰੇ ਮਜ਼ਹਬ ਤੇ ਸਾਰੇ ਇਜ਼ਮ ਲੋਕਾਂ ਨੂੰ ਇਕੋ ਜਿਹਾ ਕਰਨ ਵਿਚ ਰੁੱਝੇ ਹੋਏ ਹਨ - ਸਦੀਆਂ ਤੋਂ... ਜੇ ਆਦਰ ਹੋਵੇ-ਤਾਂ ਵੱਖਰੇ ਖਿਆਲਾਂ ਦਾ ਵੀ ਆਦਰ ਹੋਵੇ। ਆਲੋਚਨਾ ਕਿਉਂ?

? ਕਦੇ ਅੰਮ੍ਰਿਤਾ ਜੀ ਪ੍ਰਤੀ (ਕਿ ਸੰਸਾਰ-ਪ੍ਰਸਿੱਧ ਕਵਿਤਰੀ/ਸਾਹਿਤਕਾਰਾ ਹੈ) ਈਰਖਾ ਵੀ ਹੋਈ ਕਿ ਨਹੀਂ?

- ਜੇ ਮੈਂ ਕਈਆਂ ਨਾਲੋਂ ਚੰਗਾ ਵਾਂ ਤੇ ਕਈ ਮੇਰੇ ਨਾਲੋਂ ਵੀ ਚੰਗੇ ਹਨ ਇਹ ਖੁਸ਼ ਹੋਣ ਵਾਲੀ ਗੱਲ ਹੈ ਈਰਖਾ ਕਾਹਦੀ?
ਈਰਖਾ ਆਪਣੇ ਤੋਂ ਚੰਗੇ ਨੂੰ ਨਾ ਮੰਨਣਾ ਹੈ
ਮੈਨੂੰ ਈਰਖਾ ਦਾ ਕੋਈ ਤਜਰਬਾ ਨਹੀਂ-
ਮੈਂ ਆਪਣੇ ਆਪ ਨੂੰ ਜਾਣਦਾ ਵਾਂ-ਆਪਣੇ ਆਪ ਨੂੰ ਜਾਨਣ ਵਾਲੇ ਨੂੰ ਕਦੇ ਕੋਈ ਗਲਤ ਫਹਿਮੀ ਨਹੀਂ ਹੁੰਦੀ-
ਗਲਤ ਫਹਿਮੀ ਹੀ ਹਮੇਸ਼ਾ ਈਰਖਾ ਬਣਦੀ ਹੈ...

? ਹੁਣੇ ਹੁਣੇ ਹਿੰਦੀ ਦੇ ਵਿਚ ਅੰਮ੍ਰਿਤਾ-ਇਮਰੋਜ਼ ਦੇ ਪ੍ਰੇਮ-ਪੱਤਰਾਂ ਦੀ ਪੁਸਤਕ 'ਕਿਸੀ ਤਾਰੀਖ ਕੋ' ਦੀ ਸੰਪਾਦਨਾ ਤੁਸੀਂ ਕੀਤੀ ਹੈ। ਉਹ ਪੁਸਤਕ ਤੁਸੀਂ ਆਪਣੀ ਧਰਮ ਦੀ ਛੇਵੀਂ ਧੀ (ਅਮੀਆ ਕੁੰਵਰ) ਨੂੰ ਸਮਰਪਣ ਕੀਤੀ ਹੈ। ਹੋਰ ਕਿੰਨੀਆਂ ਧੀਆਂ ਦੇ ਤੁਸੀਂ ਧਰਮੀ ਬਾਬਲ ਹੋ?

- ਮੇਰਾ ਧਰਮ ਵੀ ਪਿਆਰ ਹੈ
ਤੇ ਪਿਆਰ ਹੀ ਧਰਮ
ਬਾਬਲ ਦਾ ਤੇ ਪਿਆਰ ਦਾ ਵਿਹੜਾ
ਧਰਤੀ ਜਿੱਡਾ ਹੈ - ਇਹ ਵਿਹੜਾ ਤੇ ਉਡੀਕਦਾ ਹੀ ਰਿਹਾ ਹੈ ਕਿ ਬਾਬਲ ਦਾ ਪਰਿਵਾਰ ਵਧੇ, ਪਿਆਰ ਵਧੇ ਸਿਰਫ਼ ਮੌਕੇ ਨਹੀਂ ਵਧੇ...

? 'ਜਸ਼ਨ ਜਾਰੀ ਹੈ' ਤੁਹਾਡੀ ਕਾਵਿ ਪੁਸਤਕ (ਚਿੱਤਰ-ਸਾਹਿਤ) ਹੈ। ਇਸ ਪੁਸਤਕ ਵਿਚ ਅੰਮ੍ਰਿਤਾ ਦੇ ਨਾਲ ਚਿੱਤਰਕਾਰ ਕਵੀ ਨਾਲੋ-ਨਾਲ ਵਿਚਰ ਰਹੇ ਹਨ। ਤੁਹਾਡੀ ਇਸ ਪੁਸਤਕ ਦਾ ਪਾਠਕ ਆਲੋਚਕਾਂ ਵੱਲੋਂ ਕਿਹੋ ਹੁੰਗਾਰਾ ਮਿਲਿਆ?

- ਲੋਕੀਂ ਏਨਾ ਹੌਲੀ ਹੁੰਗਾਰਾ ਦੇਂਦੇ ਹਨ ਨਾ ਸੁਣੇ ਜਾਂਦੇ ਹਨ, ਨਾ ਗਿਣੇ ਜਾਂਦੇ ਹਨ - ਇਕ ਹੁੰਗਾਰਾ ਮਿਲ ਵੀ ਰਿਹਾ ਹੈ ਤੇ ਸੁਣ ਵੀ ਆਪਣੇ ਪਬਲਿਸ਼ਰ ਦਾ-ਕਿ 'ਜਸ਼ਨ ਜਾਰੀ ਹੈ' ਪਾਠਕਾਂ ਨੂੰ ਪਸੰਦ ਆਈ ਹੈ ਤੇ ਲਗਾਤਾਰ ਪਹੁੰਚ ਵੀ ਰਹੀ ਹੈ। ਨਾਲ ਹੀ ਇਕ ਹੁੰਗਾਰਾ ਆਉਣ ਵਾਲੀਆਂ ਨਵੀਂ ਨਜ਼ਮਾਂ ਲਈ ਵੀ ਹੈ। ਨਵੀਂ ਨਜ਼ਮਾਂ ਮੈਂ ਛੇਤੀ ਦੇ ਦਿਆਂਗਾ। ਪਰ ਕਿਤਾਬ ਦਾ ਨਾਂ ਮੈਂ ਇਸੇ ਮਹੀਨੇ ਦਿੱਤਾ ਹੈ - 'ਨਜ਼ਮ

ਜਾਰੀ ਹੈ...'

? ਅੰਮ੍ਰਿਤਾ ਜੀ ਦੇ ਜਾਣ ਬਾਅਦ ਪੰਜਾਬੀ ਮੈਗਜ਼ੀਨਾਂ 'ਚ ਉਨ੍ਹਾਂ ਦੇ ਖਿਲਾਫ਼ ਕਾਫ਼ੀ ਕੁੱਝ ਲਿਖਿਆ ਗਿਆ। ਇਹ ਕੁੱਝ ਉਨ੍ਹਾਂ ਦੇ ਜਿਉਂਦੇ ਜੀਅ ਨਹੀਂ ਹੋਇਆ। ਜਿਹੜੇ ਅੰਮ੍ਰਿਤਾ ਜੀ ਦੇ ਨੇੜੇ ਸਨ ਉਹ ਵੀ ਖਿਲਾਫ਼ ਬੋਲੇ। ਤੁਸੀਂ ਇਸ ਸਭ ਕੁੱਝ ਬਾਰੇ ਕੀ ਕਹਿਣਾ ਚਾਹੋਗੇ?

– ਚੰਗਾ ਕਿਸੇ ਨੂੰ ਮਾੜਾ ਨਹੀਂ ਕਹਿੰਦਾ। ਤੇ ਜਿਹੜਾ ਮਾੜਾ ਕਹਿੰਦਾ ਹੈ ਉਹ ਚੰਗਾ ਨਹੀਂ।

? ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨੇ ਅੰਮ੍ਰਿਤਾ ਪ੍ਰੀਤਮ ਨਾਂ ਦੀ ਚੇਅਰ ਸਥਾਪਿਤ ਕਰਨ ਦਾ ਐਲਾਨ ਵੀ ਕੀਤਾ ਅਤੇ ਅੰਮ੍ਰਿਤਾ ਪ੍ਰੀਤਮ ਮਿਊਜ਼ਿਅਮ ਦਾ ਵੀ ਅਖ਼ਬਾਰਾਂ 'ਚ ਛਪਿਆ। ਪਰ ਉਹ ਸਭ ਕਿਉਂ ਨਾ ਸਿਰੇ ਚੜ੍ਹ ਸਕਿਆ?

– ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਾਡੇ ਘਰ ਆਏ ਸੀ – ਕਿ ਉਹ ਅੰਮ੍ਰਿਤਾ ਦੀ ਯਾਦ ਵਿਚ ਅੰਮ੍ਰਿਤਾ ਹਾਲ ਬਣਾਉਣਾ ਚਾਹੁੰਦੇ ਹਨ ਤੇ ਮੈਂ ਕਿਹਾ ਸੀ ਬਣਾ ਲਵੋ। ਬਗ਼ੈਰ ਕੋਈ ਕੰਮ ਕੀਤਿਆਂ ਅਖ਼ਬਾਰਾਂ ਵਿਚ ਉਨ੍ਹਾਂ ਖ਼ਬਰ ਵੀ ਛਪਾ ਦਿੱਤੀ ਤੇ ਗੱਲ ਖ਼ਬਰ ਤੋਂ ਅੱਗੇ ਤੁਰੀ ਹੀ ਨਹੀਂ। ਨਾਂ ਉਹ ਖਰਚ ਕਰਨ ਲਈ ਤਿਆਰ ਹੋਏ ਤੇ ਨਾ ਹੀ ਕੁੱਝ ਤਿਆਰ ਹੋਇਆ।

? ਹੁਣ ਜਦ ਅੰਮ੍ਰਿਤਾ ਜੀ ਨਹੀਂ ਰਹੇ ਤਾਂ ਬੱਚਿਆਂ (ਨਵਰਾਜ ਤੇ ਕੰਦਲਾਂ) ਦਾ ਤੁਹਾਡੇ ਪ੍ਰਤੀ ਕਿਹੋ ਜਿਹਾ ਵਿਹਾਰ ਹੈ?

– ਬੱਚਿਆਂ ਨਾਲ ਵਿਹਾਰ ਅੱਜ ਵੀ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਅੰਮ੍ਰਿਤਾ ਦੇ ਹੁੰਦਿਆਂ ਸੀ...

ਮੁਹੱਬਤ ਵਿਚ ਹੀ ਜ਼ਿੰਦਗੀ ਦੇ ਵੀ ਤੇ ਕਲਾ ਦੇ ਵੀ ਸਾਰੇ ਰੰਗ ਖਿੜਦੇ ਹਨ ਇਨ੍ਹਾਂ ਖਿੜੇ ਰੰਗਾਂ ਨੂੰ ਜਿਉਂ ਕੇ ਮੈਂ ਵੇਖਿਆ ਹੈ - ਅੰਮ੍ਰਿਤਾ ਨੇ ਸਿਰਫ਼ ਸ਼ਰੀਰ ਛੱਡਿਆ ਹੈ ਸਾਥ ਨਹੀਂ...

? ਤੁਸੀਂ ਸਾਰੀ ਉਮਰ ਮੁਹੱਬਤ, ਕਲਾ ਅਤੇ ਸੁਪਨੇ ਅੰਮ੍ਰਿਤਾ ਜੀ ਲਈ ਕੁਰਬਾਨ ਕਰ ਦਿੱਤੇ। ਹੁਣ ਜਦ ਤੁਸੀਂ ਜ਼ਿੰਦਗੀ ਦੇ ਆਖਰੀ ਪੜਾਅ ਵੱਲ ਨਿਰੰਤਰ ਵਧ ਰਹੇ ਹੋ ਅਤੇ ਉਸ ਸਾਰੇ ਕੁੱਝ ਦਾ ਲੇਖਾ-ਜੋਖਾ ਕਿਵੇਂ ਕਰਦੇ ਹੋ?



– ਆਪਣੀਆਂ ਲੋੜਾਂ ਮੈਂ 18 ਸਾਲ ਦੀ ਉਮਰ ਤੋਂ ਆਪ ਹੀ ਕਮਾ ਕੇ ਪੂਰੀਆਂ ਕਰਦਾ ਆ ਰਿਹਾ ਹਾਂ – ਤੇ ਹੁਣ ਵੀ ਕਮਾ ਰਿਹਾ ਹਾਂ। ਆਪਣੀ ਕਮਾਈ ਖਰਚਣ ਦਾ ਆਪਣਾ ਹੀ ਮਜ਼ਾ ਹੈ।

ਇਨਸਾਨ ਹੋਣਾ ਹੀ ਆਪਣੇ ਆਪ ਵਿਚ ਖਾਸ ਗੱਲ ਹੈ। ਇਨਸਾਨ ਹੋਣਾ ਇਕੋ ਇਕ ਕਲਾ ਹੈ... ਬਾਕੀ ਸਭ ਲੀਲਾ ਹਨ।

? ਅੰਮ੍ਰਿਤਾ ਜੀ ਦੇ ਜਾਣ ਨਾਲ ਜੋ ਖਲਾਅ ਪੈਦਾ ਹੋਇਆ ਉਸ ਨੂੰ ਕਿਵੇਂ ਪੂਰਦੇ ਹੋ?

– ਅੰਮ੍ਰਿਤਾ ਜਦੋਂ ਵੀ ਨਵੀਂ ਨਜ਼ਮ ਲਿਖ ਲੈਂਦੀ ਮੈਨੂੰ ਬੁਲਾ ਕੇ ਸਾਹਮਣੇ ਬਿਠਾ ਕੇ ਨਜ਼ਮ ਵੀ ਸੁਣਾਉਂਦੀ ਤੇ ਵਿਚ-ਵਿਚ ਵੇਖਦੀ ਵੀ ਰਹਿੰਦੀ। ਹੁਣ ਵੀ ਜਦੋਂ ਮੇਰਾ ਜੀ ਕਰਦਾ ਹੈ ਉਸਦੀ ਨਜ਼ਮ ਸੁਣਨ ਨੂੰ ਮੈਂ ਉਸ ਦੇ ਕਮਰੇ ਵਿਚ ਉਸੇ ਤਰ੍ਹਾਂ ਦੇ ਪਲੰਘ ਤੇ ਬੈਠ ਕੇ ਉਸ ਦੀ ਨਵੀਂ ਅਣਲਿਖੀ ਨਜ਼ਮ ਸੁਣਦਾ ਵਾਂ-ਕਦੇ ਉਸ ਨੂੰ ਉਸਦੀ ਨਜ਼ਰ ਵਿਚੋਂ ਉਸ ਨੂੰ ਵੇਖ ਲੈਂਦਾ ਵਾਂ ਤੇ ਉਸ ਵਿਚੋਂ ਨਜ਼ਮ ਨੂੰ...

? ਕੀ ਹੁਣ ਵੀ ਮਿਲਣ ਵਾਲੇ ਪਹਿਲਾਂ ਵਾਂਗ ਹੀ ਆਉਂਦੇ ਹਨ?

– ਅੰਮ੍ਰਿਤਾ ਨੂੰ ਮਿਲਣ ਵਾਲੇ ਹੁਣ ਨਹੀਂ ਆਉਂਦੇ। ਆਉਣ ਵਾਲੇ ਹੁਣ ਇਮਰੋਜ਼ ਨੂੰ ਹੀ ਮਿਲਣ ਆਉਂਦੇ ਹਨ। ਨਾਲੇ ਇਮਰੋਜ਼ ਕੱਲਾ ਕਦੋਂ ਹੁੰਦਾ ਹੈ ਉਹ ਹਰ ਵੇਲੇ ਸਾਰੇ ਮੌਜੂਦ ਹੁੰਦੀ ਹੈ।

? ਪਿਆਰ 'ਚ ਪਛਾਣ ਬਣਦੀ ਹੈ ਕਿ ਖੋਈ ਜਾਂਦੀ ਹੈ?

– ਮੈਨੂੰ ਲੋਕ ਪੁੱਛਦੇ ਹਨ – ਤੂੰ ਆਪਣੀਆਂ ਤਸਵੀਰਾਂ ਦੀ ਨੁਮਾਇਸ਼ ਕਿਉਂ ਨਹੀਂ ਕਰਦਾ – ਨੁਮਾਇਸ਼ ਬਹੁਤੇ ਲੋਕਾਂ ਵਿਚ ਜਾਣੇ ਜਾਣ ਦੀ ਖਾਹਿਸ਼ ਹੈ – ਉਹ ਮੇਰੀ ਲੋੜ ਨਹੀਂ – ਨਾ ਮੇਰਾ ਸੁਭਾਅ ਹੈ। ਮੈਨੂੰ ਇਕ ਜਣੇ ਨੇ ਜਾਣ ਲਿਆ – ਮੇਰੇ ਲਈ ਇਹ ਬਹੁਤ ਹੈ। ਪਿਆਰ ਵਿਚ ਹੀ ਪਿਆਰ ਵਧਦਾ ਹੈ – ਕੁੱਝ ਗਵਾਚਦਾ ਤੇ ਕਦੇ ਵੀ ਨਹੀਂ।

? ਅਕਸਰ ਵੱਡੇ ਅਤੇ ਮਹਾਨ ਲੇਖਕ ਆਪਣੇ ਬਾਅਦ ਆਪਣੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਅਤੇ ਰਾਇਲਟੀ ਬਾਰੇ ਵਸੀਅਤ ਬਣਾਉਂਦੇ ਹਨ ਕੀ ਅੰਮ੍ਰਿਤਾ ਜੀ ਨੇ ਵੀ ਕੋਈ ਅਜਿਹੀ ਵਸੀਅਤ ਬਣਾਈ?

– ਸਭ ਕੁੱਝ ਬੱਚਿਆਂ ਦੇ ਨਾਂ ਹੈ। ਬਹੁਤਾ ਜਿਉਂਦਿਆਂ ਹੀ ਬੱਚਿਆਂ ਤੇ ਬੱਚਿਆਂ ਦੇ ਬੱਚਿਆਂ ਤੇ ਖਰਚ ਕਰ ਦਿੱਤਾ ਤੇ ਮੇਰੇ ਕੋਲ ਜੋ ਵੀ ਹੈ ਉਹ ਵੀ ਬੱਚਿਆਂ ਦਾ ਹੀ ਹੈ।

? ਅੱਜਕੱਲ੍ਹ ਕੀ ਪੜ੍ਹ ਲਿਖ ਰਹੇ ਹੋ? ਜਾਂ ਕੋਈ ਪੇਂਟਿੰਗ ਬਣਾ ਰਹੇ ਹੋ ਭਾਵ ਕੀ ਰੁਝੇਵਾਂ ਹੈ ਤੁਹਾਡਾ?

– ਪੇਂਟਿੰਗ ਤੇ ਕਮਾਈ-ਕਿਤਾਬਾਂ ਦੇ ਕਵਰ ਬਣਾ ਕੇ ਮੈਂ ਪਹਿਲਾਂ ਵਾਂਗ ਹੀ ਕਰ ਰਿਹਾ ਹਾਂ – ਨਾਲ ਹੁਣ ਕਵਿਤਾ ਵੀ ਰਲ ਗਈ – ਰੁਝੇਵਿਆਂ ਵਰਗਾ ਰੁਝੇਵਾਂ ਹੈ ਤੇ ਜ਼ਿੰਦਗੀ ਉਹੀ ਮਨ ਚਾਹੀ...।

ਇਕ ਮੁਲਾਕਾਤ ਇਹ ਵੀ

# ਦਿੱਲੀ ਨੂੰ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਚਾਹੁੰਦਾ ਹਾਂ: ਖ਼ੁਸ਼ਵੰਤ ਸਿੰਘ

2 ਫਰਵਰੀ, 1915 ਨੂੰ ਜਨਮੇ ਸ੍ਰ. ਖ਼ੁਸ਼ਵੰਤ ਸਿੰਘ ਭਾਵੇਂ ਮੂਲ ਰੂਪ ਵਿੱਚ ਅੰਗ੍ਰੇਜ਼ੀ 'ਚ ਲਿਖਦੇ ਹਨ ਪਰ ਮੁਢਲੇ ਤੌਰ 'ਤੇ ਹਨ ਤਾਂ ਉਹ ਪੰਜਾਬੀ ਹੀ। 94 ਸਾਲ ਦੀ ਉਮਰ 'ਚ ਵੀ ਉਹ ਨਿਰੰਤਰ ਲਿਖਦੇ ਹਨ। ਹੁਣ ਤੱਕ ਉਨ੍ਹਾਂ ਦੀਆਂ 115 ਪੁਸਤਕਾਂ ਛਪ ਚੁੱਕੀਆਂ ਹਨ। ਉਹਨਾਂ ਦੇ ਕਈ ਨਾਵਲਾਂ ਦਾ ਪੰਜਾਬੀ 'ਚ ਅਨੁਵਾਦ ਹੋਇਆ ਹੈ। ਜਿਵੇਂ 'ਰੰਨਾਂ 'ਚ ਧੰਨਾ', 'ਮੌਜ-ਮੇਲਾ' ਅਤੇ 'ਪਾਕਿਸਤਾਨ ਮੇਲ' ਆਦਿ। ਪ੍ਰਸਿੱਧ ਪੱਤਰਕਾਰ ਹੋਣ ਦੇ ਨਾਤੇ ਇਹਨਾਂ ਦੇ ਕਾਲਮ ਅਖ਼ਬਾਰਾਂ 'ਚ ਨਿਰੰਤਰ ਛਪਦੇ ਹਨ 'ਨਾ ਕਾਹੂ ਸੇ ਦੋਸਤੀ' ਇਹਨਾਂ ਦਾ ਕਾਲਮ ਬੜਾ ਪੜ੍ਹਿਆ ਜਾਣ ਵਾਲਾ ਹੈ।

– ਤਰਸੇਮ

? ਖ਼ੁਸ਼ਵੰਤ ਸਿੰਘ ਜੀ, ਤੁਹਾਡੇ ਪੁਰਖਿਆਂ (ਬਾਪ-ਦਾਦਾ) ਦਾ ਦਿੱਲੀ ਦੇ ਨਿਰਮਾਣ 'ਚ ਬਹੁਤ ਵੱਡਾ ਯੋਗਦਾਨ ਰਿਹਾ ਹੈ। ਤੁਸੀਂ ਆਪਣਾ ਪੁਸ਼ਤੈਨੀ ਕੰਮ ਸੰਭਾਲਣ ਦੀ ਬਜਾਏ ਲਿਖਣ/ਪੱਤਰਕਾਰੀ ਦੇ ਖੇਤਰ 'ਚ ਕੰਮ ਕਰਨ ਦਾ ਮਨ ਬਣਾਇਆ। ਇਸ ਦਾ ਕੀ ਕਾਰਨ ਸੀ?

– ਹਾਂ, ਮੇਰੇ ਦਾਦਾ ਸ. ਸੁਜਾਨ ਸਿੰਘ ਅਤੇ ਪਿਤਾ ਸਰ ਸ਼ੋਭਾ ਸਿੰਘ ਦਾ ਨਵੀਂ ਦਿੱਲੀ ਦੇ ਨਿਰਮਾਣ 'ਚ ਕਾਫ਼ੀ ਯੋਗਦਾਨ ਸੀ। ਉਨ੍ਹਾਂ ਨੇ ਨਵੀਂ ਦਿੱਲੀ ਦੀਆਂ ਅਨੇਕ ਇਮਾਰਤਾਂ ਬਣਾਈਆਂ ਜਿਨ੍ਹਾਂ 'ਚ ਪ੍ਰਮੁੱਖ ਸਨ – ਸੈਕਰੇਟੇਰੀਏਟ ਦਾ ਸਾਊਥ ਬਲਾਕ, ਇੰਡੀਆ ਗੇਟ, ਆਲ ਇੰਡੀਆ ਰੇਡੀਓ ਬਿਲਡਿੰਗ, ਨੈਸ਼ਨਲ ਮਿਊਜ਼ਿਅਮ, ਬੜੌਦਾ ਹਾਊਸ, ਸਿੰਧੀਆ ਹਾਊਸ, ਰੀਗਲ ਬਿਲਡਿੰਗ, ਨਰੇਂਦਰ ਪੈਲੇਸ (ਜੰਤਰ-ਮੰਤਰ ਦੇ ਕੋਲ) ਅਤੇ ਹੋਰ ਅਣਗਿਣਤ ਸਰਕਾਰੀ ਬੰਗਲੇ ਉਨ੍ਹਾਂ ਨੇ ਬਣਵਾਏ।

ਦਿੱਲੀ ਨੂੰ ਬਣਾਉਣ ਵਾਲੇ ਲਗਭਗ ਸਾਰੇ ਠੇਕੇਦਾਰ ਘੱਟ ਪੜ੍ਹੇ-ਲਿਖੇ ਲੋਕ ਸਨ। ਮੇਰੇ ਪਿਤਾ ਜੀ ਵੀ ਕੁੱਝ ਖਾਸ ਪੜ੍ਹੇ ਹੋਏ ਨਹੀਂ ਸਨ, ਪਰ ਅੰਗਰੇਜ਼ਾਂ ਦੇ ਨਾਲ ਰਹਿੰਦਿਆਂ, ਕੰਮ ਕਰਦਿਆਂ ਉਨ੍ਹਾਂ ਨੂੰ ਅੰਗ੍ਰੇਜ਼ੀ ਦਾ ਕਾਫ਼ੀ ਗਿਆਨ ਹੋ ਗਿਆ ਸੀ। ਪਰ ਸਾਨੂੰ ਤਾਂ ਸ਼ੁਰੂ ਤੋਂ ਹੀ ਵਧੀਆ ਸਿੱਖਿਆ ਮਿਲੀ ਸੀ। ਮੈਂ ਲੰਦਨ ਦੇ ਕਿੰਗਸ ਕਾਲਜ ਤੋਂ ਵਕਾਲਤ ਦੀ ਪੜ੍ਹਾਈ ਕੀਤੀ ਤਾਂ ਪੁਸ਼ਤੈਨੀ ਕੰਮ 'ਚ ਲੱਗਣ ਦਾ ਤਾਂ ਸੁਆਲ ਹੀ ਨਹੀਂ ਸੀ। ਪੜ੍ਹਾਈ ਦੇ ਬਾਦ ਲਾਹੌਰ ਵਿਚ ਕੁੱਝ ਸਾਲ ਵਕਾਲਤ ਕੀਤੀ ਪਰ ਵੰਡ ਦੇ ਦੌਰਾਨ ਦੰਗਿਆਂ 'ਚ ਜਦ ਲਾਹੌਰ ਛੱਡ ਕੇ ਦਿੱਲੀ ਆਇਆ ਤਾਂ ਮੈਂ ਵਕਾਲਤ ਦੇ ਪੇਸ਼ੇ ਤੋਂ ਵੀ ਤੌਬਾ ਕਰ ਲਈ ਕਿਉਂਕਿ ਮੈਨੂੰ ਇਹ ਪੇਸ਼ਾ ਕੁੱਝ ਖ਼ਾਸ ਰਾਸ ਨਹੀਂ ਆ ਰਿਹਾ ਸੀ।

ਛੋਟੀ-ਮੋਟੀ ਨੌਕਰੀਆਂ ਕਰਨ ਤੋਂ ਬਾਦ ਮੈਂ ਲੰਦਨ 'ਚ ਭਾਰਤੀ ਹਾਈ ਕਮਿਸ਼ਨਰ ਦਾ ਪ੍ਰੈਸ ਅਟੈਚੀ ਅਤੇ ਇਨਫਰਮੇਸ਼ਨ ਅਫਸਰ ਦੇ ਅਹੁਦੇ 'ਤੇ ਨਿਯੁਕਤ ਹੋਇਆ। ਇਨ੍ਹਾਂ ਹੀ ਸਾਲਾਂ ਦੌਰਾਨ ਮੈਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਜਿਹੜੀਆਂ ਬ੍ਰਿਟੇਨ ਦੇ ਮੰਨੇ-ਪ੍ਰਮੰਨੇ ਰਸਾਲਿਆਂ 'ਚ ਛਪਣ ਵੀ ਲੱਗੀਆਂ।

ਲੰਦਨ 'ਚ ਰਹਿੰਦਿਆਂ ਮੇਰੀ ਆਪਣੇ ਹਾਈ ਕਮਿਸ਼ਨਰ ਕ੍ਰਿਸ਼ਨਾ ਮੈਨਨ ਨਾਲ ਤਕਰਾਰ ਹੋ ਗਈ ਅਤੇ ਮੈਂ ਡਿਪਲੋਮੈਟਿਕ ਨੌਕਰੀ ਛੱਡ ਦਿੱਤੀ ਅਤੇ ਕੁਲਵਕਤੀ ਲੇਖਕ ਬਣਨ ਦੀ ਠਾਣ ਲਈ। ਇਨ੍ਹਾਂ ਦਿਨਾਂ 'ਚ ਮੈਂ 'ਏ ਹਿਸਟਰੀ ਆਫ ਸਿਖਸ' ਦੇ ਦੋ ਖੰਡ ਲਿਖੇ ਅਤੇ ਫੇਰ ਭਾਰਤ ਆ ਕੇ 'ਮਨੋ ਮਾਜਰਾ' ਨਾਮਕ ਨਾਵਲ ਲਿਖਿਆ ਜਿਹੜਾ 'ਗਰੋਵ ਪ੍ਰੈਸ' ਨਾਲ ਸਨਮਾਨਿਤ ਹੋ ਕੇ 'ਟਰੇਨ ਟੂ ਪਾਕਿਸਤਾਨ' ਨਾਂ ਨਾਲ ਛਪਿਆ ਅਤੇ ਮੈਂ ਲੇਖਕ ਦੇ ਰੂਪ ਵਿਚ ਮਸ਼ਹੂਰ ਹੋ ਗਿਆ। ਵਿਦੇਸ਼ 'ਚ ਰਹਿੰਦਿਆਂ ਹੀ ਸੰਨ 1969 ਵਿੱਚ ਮੈਨੂੰ ਟਾਈਮਜ਼ ਆਫ ਇੰਡੀਆ ਦੀ ਤਰਫੋਂ 'ਇਲਸਟ੍ਰੇਟਡ ਵੀਕਲੀ' ਦਾ ਸੰਪਾਦਕ ਬਣਨ ਦਾ ਸੱਦਾ ਮਿਲਿਆ ਅਤੇ ਇਸਨੇ ਮੈਨੂੰ ਪੱਤਰਕਾਰ ਬਣਾ ਦਿੱਤਾ।



? ਤੁਸੀਂ ਲਿਖਣਾ ਕਦ ਸ਼ੁਰੂ ਕੀਤਾ ਭਾਵ ਤੁਹਾਡੀ ਕਿੰਨੀ ਉਮਰ ਸੀ?

– ਸੰਨ 1950 ਤੋਂ। ਤਦ ਮੇਰੀ ਉਮਰ 35 ਸਾਲ ਸੀ।

? ਮੈਂ ਪੜ੍ਹਿਆ ਹੈ ਕਿ ਤੁਸੀਂ ਜ਼ਾਬ੍ਹਛਾ ਕਰਨਾ ਚਾਹੁੰਦੇ ਸੀ, ਬਾਦ ਵਿਚ ਵਕਾਲਤ ਕੀਤੀ ਅਤੇ ਉਸ ਵਿੱਚ ਵੀ ਤੁਸੀਂ 'ਸਫ਼ਲ' ਨਾ ਹੋ ਸਕੇ?

– ਹਾਂ, ਮੈਂ ਆਈ.ਸੀ.ਐਸ. ਦੇ ਇਮਤਿਹਾਨ ਦੇ ਕੁੱਝ ਪਰਚੇ ਦਿੱਤੇ ਸਨ। ਪੂਰੇ ਨਹੀਂ ਦਿੱਤੇ ਕਿਉਂਕਿ ਸੋਚ ਰਿਹਾ ਸੀ ਕਿ ਆਉਂਦਾ ਤਾਂ ਹੈ ਨਹੀਂ। ਪਰ ਰਿਜ਼ਲਟ ਆਇਆ ਤਾਂ ਪਤਾ ਲੱਗਿਆ ਕਿ ਮੈਂ ਜਿਹੜੇ ਪਰਚੇ ਦਿੱਤੇ ਸਨ, ਉਨ੍ਹਾਂ 'ਚ ਮੈਨੂੰ ਕਾਫ਼ੀ ਚੰਗੇ ਨੰਬਰ ਮਿਲੇ ਸਨ।

ਇਹ ਠੀਕ ਹੈ ਕਿ ਲਾਹੌਰ ਵਿੱਚ ਹਾਈ ਕੋਰਟ ਵਿੱਚ ਮੇਰੀ ਵਕਾਲਤ ਨਹੀਂ ਚਲ ਰਹੀ ਸੀ ਪਰ ਮੈਂ ਪਾਕਿਸਤਾਨ ਛੱਡ ਕੇ ਭਾਰਤ ਆ ਰਿਹਾ ਸੀ, ਤਦ ਮੈਨੂੰ ਕਿਹਾ ਗਿਆ ਸੀ ਕਿ ਮੈਂ ਉਥੇ ਰੁਕਿਆ ਰਿਹਾਂ ਕਿਉਂਕਿ ਉਹ ਮੈਨੂੰ ਹਾਈ ਕੋਰਟ ਦਾ ਜੱਜ ਬਣਾ ਦੇਣਗੇ। ਜਿਨਾਹ ਚਾਹੁੰਦੇ ਸਨ ਕਿ ਹਾਈ ਕੋਰਟ ਵਿੱਚ ਮੁਸਲਿਮ ਜੱਜਾਂ ਦੇ ਨਾਲ ਕੁੱਝ ਹਿੰਦੂ ਜਾਂ ਸਿੱਖ ਜੱਜ ਵੀ ਹੋਣੇ ਚਾਹੀਦੇ ਹਨ।

? ਭਾਵੇਂ ਤੁਸੀਂ ਅਮੀਰ ਘਰਾਣੇ ਨਾਲ ਤਾਅਲੁਕ ਰੱਖਦੇ ਹੋ ਪਰ ਲਿਖਣ/ਪੱਤਰਕਾਰੀ ਵਿੱਚ ਤੁਹਾਨੂੰ ਕਿੰਨਾ ਕੁ ਸੰਘਰਸ਼ ਕਰਨਾ ਪਿਆ?

– ਕੁੱਝ ਖਾਸ ਨਹੀਂ। ਮੈਨੂੰ ਸੱਦ ਕੇ 'ਦੀ ਇਲਸਟ੍ਰੇਟਡ ਵੀਕਲੀ' ਦਾ ਸੰਪਾਦਕ ਬਣਾਇਆ ਗਿਆ ਸੀ।

? 'ਦਿੱਲੀ' ਤੁਹਾਡਾ ਪ੍ਰਸਿੱਧ ਨਾਵਲ ਹੈ। ਦਿੱਲੀ ਤੁਹਾਡੇ ਲਈ ਕੀ ਅਰਥ ਰੱਖਦੀ ਹੈ?

– ਦਿੱਲੀ ਨੂੰ ਮੈਂ ਦਿਲ ਦੀਆਂ ਗਹਿਰਾਈਆਂ ਤੋਂ ਚਾਹੁੰਦਾ ਹਾਂ। ਦਿੱਲੀ ਨੂੰ ਛੱਡ ਕੇ ਮੈਂ ਕਿਸੇ ਵੀ ਹੋਰ ਸ਼ਹਿਰ ਵਿੱਚ ਨਹੀਂ ਰਹਿ ਸਕਦਾ।

? ਕੀ ਤੁਹਾਡੇ ਸਿਵਾਏ ਘਰ 'ਚ ਹੋਰ ਕੋਈ ਪੱਤਰਕਾਰੀ/ਲਿਖਣ ਆਦਿ ਦਾ ਕੰਮ ਕਰਦਾ ਹੈ ਜਾਂ ਨਹੀਂ?

– ਨਹੀਂ।

? ਅੱਜਕੱਲ੍ਹ ਤੁਸੀਂ ਕੀ ਪੜ੍ਹ ਲਿਖ ਰਹੇ ਹੋ?

– ਅੱਜਕੱਲ੍ਹ ਮੈਂ ਦੋ ਕਾਲਮ ਲਿਖਦਾ ਹਾਂ ਇਕ 'ਹਿੰਦੋਸਤਾਨ ਟਾਈਮਸ' ਦੇ ਲਈ ਅਤੇ ਇਕ ਚੰਡੀਗੜ੍ਹ ਦੀ 'ਦੀ ਟ੍ਰਿਬਿਊਨ' ਦੇ ਲਈ, ਜਿਹੜੇ ਚਾਲੀ-ਪੰਜਾਹ ਹਿੰਦੀ ਅਤੇ ਹੋਰ ਭਾਸ਼ਾਵਾਂ ਦੇ ਹੋਰ ਰਸਾਲਿਆਂ 'ਚ ਅਨੁਵਾਦ ਹੋ ਕੇ ਛਪਦੇ ਹਨ। ਇਸਦੇ ਇਲਾਵਾ ਮੈਂ ਉਹੀ ਕਿਤਾਬ ਪੜ੍ਹਦਾ ਹਾਂ ਜਿਨ੍ਹਾਂ ਦੀ ਮੈਂ ਸਮੀਖਿਆ ਕਰਨੀ ਹੁੰਦੀ ਹੈ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
- Breaks
- Muffler
- Suspension
- Lube & Oil
- Tires
- Batteries

Umesh Amin
email: unamin@gmail.com



WE CARE YOUR CAR BETTER

Phone:780 463 2886

# Asian Western Grocery Store

**8324 - 160 Ave. Edmonton, AB. T5Z 3P1**

**NOW OPEN**

*All indian, Fijian, South African Grocery*

## ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











**For more information call Balraj @**

**780-756-2225**

**780-660-2061**

# *Laddi Padda* Realtor

## ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

PROFESSIONAL REALTY GROUP

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।



**Cell: 780-909-5154**

**9222-51 Avenue, Edmonton, AB T6E 5L8**

**Phone: 780-439-9818, Fax: 780-439-1257**



Laddi Padda

# NIRVANA

**Restaurant ✲ Lounge ✲ Hall**

**North America's first exclusive east indian restuarant &cocktail lounge.**

*Professionally giving you the hospitality of India.*








*"We Had Dinner along with my friends family, it was really nice, pure Indian taste......*
*I will recommend this to any-one who like REAL Indian food."*

**Cordial and Wonderful Ambience**
**Sumptuous food and Indian Sweets.**
**Wide Variety of Cocktail**
**Sensational Service**

**We cater for indoor, outdoor, small or large functions.**

*email:info@nirvanacalgary.com or reservations @nirvanacalgary.com*

**ph: (403)590-9797 fax:(403)590-9798**

**1009-5075 FALCONRIDGE BLVD. NE CALGARY, AB. T3J SK9**

**EMAIL: info@nirvanacalgary.com**

# ਕਿਸਾਨੀ ਸੰਤਾਪ ਤੇ ਮੋਹ ਭੰਗ ਹੁੰਦੇ ਰਿਸ਼ਤਿਆਂ ਦਾ ਦੁਖਾਂਤ ਸਿਰਜਦਾ ਨਾਵਲ 'ਉਹ ਖ਼ੂਨ ਡੋਲ੍ਹਦਾ ਰਿਹਾ'





ਮੱਖਣ ਕੁਹਾੜ
+91-95013-65522
makhansinghkohar@gmail.com

ਸੁਰਜੀਤ ਸਿੰਘ ਪੰਛੀ ਇਕ ਐਸਾ ਖੋਜੀ ਬਿਰਤੀ ਭਰਪੂਰ ਲੇਖਕ ਹੈ ਜੋ ਪੰਜਾਬ (ਭਾਰਤ) ਤੋਂ ਅਮਰੀਕਾ ਰਹਿੰਦਾ ਹੋਇਆ ਵੀ ਪੰਜਾਬੀ ਦੇ ਸਮੁੱਚੇ ਵਿਰਸੇ ਨੂੰ ਆਪਣੇ ਸੀਨੇ ਵਿਚ ਸਮੋਈ ਬੈਠਾ ਹੈ। ਬੜੀ ਹੀ ਬਰੀਕੀ ਤੇ ਤੱਥਾਂ 'ਤੇ ਅਧਾਰਤ ਘੋਖ ਪੜਤਾਲ ਕਰ ਕੇ ਉਸ ਨੇ ਪੰਜਾਬ ਦੀ ਧਰਤੀ 'ਤੇ ਵਾਪਰੀਆਂ ਘਟਨਾਵਾਂ ਨੂੰ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਉਹ 'ਸਤਯਮ ਸ਼ਿਵਮ ਸੁੰਦਰਮ' ਦਾ ਧਾਰਨੀ ਹੈ। ਪੰਛੀ ਨੇ ਗੁਰੂਆਂ ਦੇ ਇਤਿਹਾਸ ਨੂੰ ਉਸ ਸਮੇਂ ਦੇ ਪਰਿਪੇਖ ਵਿਚ ਘੋਖ ਕੇ ਯਥਾਰਥਕ ਧਰਾਤਲ 'ਤੇ ਪੇਸ਼ ਕੀਤਾ ਹੈ। ਨੰਦ ਲਾਲ ਗੋਬਾ ਵਰਗੀਆਂ ਸਖਸ਼ੀਅਤਾਂ ਨੂੰ ਵੀ ਉਸ ਨੇ ਇਤਿਹਾਸ ਦੇ ਹਾਸ਼ੀਏ ਤੋਂ ਖਿੱਚ ਕੇ ਮਾਣਮੱਤਾ ਸਥਾਨ ਦੇ ਕੇ ਪੰਜਾਬੀਆਂ ਦੇ ਇਤਿਹਾਸਕ ਵਿਰਸੇ ਨੂੰ ਹੋਰ ਅਮੀਰ ਕੀਤਾ ਹੈ। ਯਥਾਰਥਕ ਧਰਾਤਲ 'ਤੇ ਗੁਰੂਆਂ ਦੇ ਇਤਿਹਾਸ ਦੀ ਪੇਸ਼ਕਾਰੀ ਦੇ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦਾ ਕਿਸਾਨੀ ਦੇ ਹੱਕ ਵਿਚ ਲੜਾਈ ਲੜਨਾ ਅਤੇ ਗਰੀਬ ਕਿਸਾਨੀ ਦੇ ਪੱਖ ਵਿਚ ਖਲੋਣ, ਹਲ ਵਾਹਕਾਂ ਨੂੰ ਜ਼ਮੀਨ ਦੇ ਪੱਕੇ ਪੱਟੇ ਲਿਖ ਕੇ ਦੇਣ ਦੀ ਸੰਸਾਰ 'ਚ ਪਹਿਲੀ ਮਿਸਾਲ ਪੇਸ਼ ਕਰਨਾ ਤੇ ਉਹ ਵੀ ਐਸੀ ਹਾਲਤ ਵਿਚ ਜਦ ਅੰਦਰੋਂ ਹੀ ਜਗੀਰਦਾਰੀ ਸ਼ਕਤੀਆਂ ਉਸ ਦਾ ਪੈਰ ਪੈਰ 'ਤੇ ਵਿਰੋਧ ਕਰ ਰਹੀਆਂ ਸਨ। ਜਾਲਮ ਮੁਗਲ ਹਕੂਮਤ ਨਾਲ ਟੱਕਰ ਲੈਣ ਬਾਅਦ ਕਿਸਾਨੀ ਦੀ ਹਾਲਤ ਤੇ ਉਸ ਤੋਂ ਬਾਅਦ ਅੰਗਰੇਜ਼ਾਂ ਦੀ ਆਮਦ ਨਾਲ ਜਗੀਰਦਾਰੀ ਦੀ ਚੜ੍ਹਤ ਤੇ ਕਿਸਾਨੀ ਦੀ ਦੁਰਦਸ਼ਾ, ਆਜ਼ਾਦੀ ਦੇ ਬਾਅਦ ਗਰੀਬ ਕਿਸਾਨੀ ਦਾ ਹੋਰ ਗਰੀਬ ਹੋਈ ਜਾਣਾ, ਸਰਮਾਏਦਾਰੀ ਪ੍ਰਬੰਧ ਦਾ ਜਗੀਰਦਾਰੀ ਨਾਲ ਸਾਂਝ ਪਾ ਕੇ ਚਲਣਾ ਤੇ ਇਸ ਦੌਰਾਨ ਬਹੁਤ ਹੀ ਨਜ਼ਦੀਕੀ ਰਿਸ਼ਤਿਆ ਵਿਚ ਟੁੱਟ ਭੱਜ ਹੋਣਾ, ਸਦੀਆਂ ਤੋਂ ਚਲੇ ਆ ਰਹੇ ਰਿਸ਼ਤਿਆਂ ਦਾ ਖਿਲਰਨਾ ਅਤੇ ਅਤਿਅੰਤ ਨੇੜੇ ਦੇ ਰਿਸ਼ਤਿਆਂ ਦਾ ਮੋਹ ਭੰਗ ਹੋ ਜਾਣਾ ਸੁਰਜੀਤ ਪੰਛੀ ਨੇ ਖ਼ੂਬ ਚਿਤਰਿਆ ਹੈ।

1935 ਵਿਚ ਮਾਲਵੇ ਦੀ ਧਰਤੀ 'ਤੇ ਮਹਿਲ ਕਲਾਂ ਪਿੰਡ 'ਚ ਜਨਮੇ ਤੇ ਪਲੇ ਇਸ ਲੇਖਕ ਨੇ ਪੰਜਾਬ ਦੇ ਹਰ ਦੁਖਾਂਤ ਨੂੰ ਪਿੰਡੇ 'ਤੇ ਹੰਢਾਇਆ ਤਾਂ ਹੈ ਹੀ ਉਸ ਦੇ ਕਾਰਨਾਂ ਨੂੰ ਵੀ ਬਰੀਕੀ ਨਾਲ ਘੋਖਿਆ ਹੈ। ਉਹਨੇ ਆਪਣੀ ਵਿਦਵਤਾ ਤੇ ਖੋਜ ਸ਼ੈਲੀ ਨਾਲ ਹੁਣ ਤੀਕ ਕਿੰਨੀਆਂ ਹੀ ਪੜ੍ਹਨ ਤੇ ਘੋਖਣਯੋਗ ਚਰਚਿਤ ਪੁਸਤਕਾਂ ਲਿਖ ਕੇ ਪੰਜਾਬੀ ਸਾਹਿਤ ਦੀ ਅਮੀਰੀ ਵਿਚ ਵਾਧਾ ਕੀਤਾ ਹੈ।

ਮਹਾਂਬਲੀ ਦਾਨੀ ਗੁਰੂ ਤੇਗ ਬਹਾਦਰ, ਯਾਰ-ਏ-ਗਰੀਬਾਂ ਗੁਰੂ ਗੋਬਿੰਦ ਸਿੰਘ ਜੀ, ਬੰਦਾ ਸਿੰਘ ਬਹਾਦਰ ਜੀਵਨ ਸੰਘਰਸ਼ ਤੇ ਪ੍ਰਾਪਤੀਆਂ, ਭਾਈ ਨੰਦ ਲਾਲ ਜੀ ਗੋਬਾਂ, ਰਬਾਬ ਦੇ ਰਾਖੇ ਸ੍ਰੀ ਹਰਗੋਬਿੰਦ ਸਾਹਿਬ ਜੀ, ਧਰਤੀ ਹੋਰ ਪਰੈ ਹੋਰ ਹੋਰ, ਮਨੁੱਖਤਾ ਦੇ ਹਾਮੀ ਗੁਰੂ ਸਾਹਿਬਾਨ ਤੇ ਮੁਸਲਮਾਨ, ਜ਼ਫ਼ਰਨਾਮਾ (ਕਾਵਿ ਅਨੁਵਾਦ) ਤੋਂ ਇਲਾਵਾ ਸੰਦਲੀ ਮਹਿਕ, ਯੂਜਫ ਜ਼ੁਲੈਖਾਂ (ਕਿੱਸਾ), ਜਗਦੇ ਬੁਝਦੇ ਕਣ (ਕਵਿਤਾ), ਮਹਿਲਾਂ ਦੇ ਪਰਛਾਵੇਂ (ਕਾਵਿ ਅਨੁਵਾਦ), ਦੇਸੀ ਵਿਦੇਸ਼ੀ ਸੱਥ (ਵਾਕਿਆਤ) ਆਦਿ ਉਨ੍ਹਾਂ ਦੀਆਂ ਪ੍ਰਮੁੱਖ ਪੁਸਤਕਾਂ ਹਨ। ਸੁਰਜੀਤ ਪੰਛੀ ਨੇ ਪੰਜਾਬੀ ਸਾਹਿਤ ਦੀ ਹਰ ਸਿਨਫ ਵਿਚ ਲਿਖਿਆ ਹੈ ਅਤੇ ਹੋਰ ਲਿਖੀ ਜਾ ਰਹੇ ਹਨ। ਉਸ ਦੀ ਰਚਨਾ ਪਾਠਕ ਉਡੀਕਦਾ ਤੇ ਰੀਝ ਨਾਲ ਪੜ੍ਹਦਾ ਹੈ।

ਹੱਥਲਾ ਨਾਵਲ 'ਉਹ ਖ਼ੂਨ ਡੋਲਦਾ ਰਿਹਾ' ਇਕ ਗਰੀਬ ਪਰਿਵਾਰ ਦੀ ਕਹਾਣੀ ਹੈ। ਨਾਵਲ ਵਿਚ ਨਵੀਂ ਤਕਨਾਲੋਜੀ ਕਾਰਨ ਕਿਸਾਨੀ ਸੰਦਾਂ ਵਿਚ ਆਈ ਤਬਦੀਲੀ ਨਾਲ ਗਰੀਬ ਕਿਸਾਨੀ ਦਾ ਹੋਰ ਗਰੀਬ ਹੋਈ ਜਾਣਾ, ਜ਼ਮੀਨ ਦੀ ਛੋਟੀ ਮਾਲਕੀ ਵਾਲੇ ਜੱਟ ਜ਼ਿੰਮੀਦਾਰ ਦਾ ਬੇਜ਼ਮੀਨਿਆਂ ਵਾਂਗ ਦੂਸਰੇ ਵੱਡੇ ਜ਼ਿੰਮੀਦਾਰ ਦੇ ਘਰ ਨੌਕਰ ਬਣ ਜਾਣਾ ਤੇ ਨਾਲੋਂ ਨਾਲ ਹੀ ਸਭਿਆਚਾਰ ਦਾ ਤਬਦੀਲ ਹੋਈ ਜਾਣਾ, ਪਹਿਲਾਂ ਬਰਾਤ ਦਾ ਊਠਾਂ ਤੇ ਘੋੜਿਆਂ 'ਤੇ ਜਾਣਾ ਤੇ ਤਿੰਨ ਤਿੰਨ ਦਿਨ ਕੁੜੀ ਵਾਲਿਆਂ ਦੇ ਪਿੰਡ ਹੀ ਰਹਿਣਾ, ਔਰਤਾਂ ਵਲੋਂ ਸਿੱਠਣੀਆਂ, ਜੰਞੂ ਬੰਨਣਾ ਤੇ ਖੋਲ੍ਹਣਾ, ਬਰਾਤ ਵਿਚ ਪੇਸ਼ ਕੀਤੀ ਜਾਂਦੀ ਦੇਸੀ ਸ਼ਰਾਬ ਤੇ ਮੀਟ, ਜਲੇਬੀ, ਲੱਡੂ ਤੇ ਹੋਰ ਸਾਰੇ ਕੁਝ ਦਾ ਵੇਰਵਾ, ਸਪੀਕਰਾਂ ਦਾ ਵੱਜਣਾ, ਪੁਰਾਣੇ ਸਮੇਂ ਦੇ ਵਿਆਹ ਸ਼ਾਦੀ ਵਿਚੋਲਗੀ ਦਾ ਸਮੁੱਚਾ ਤਾਣਾ ਬਾਣਾ, ਫਿਰ ਸਹਿਜੇ ਸਹਿਜੇ ਬਰਾਤਾਂ ਦਾ ਬੱਸਾਂ ਕਾਰਾਂ 'ਤੇ ਜਾਣਾ ਤੇ ਸਾ-ਦਿਨ ਵਾਪਸ ਆ ਜਾਣਾ। ਪੜ੍ਹਾਈ 'ਚ ਆਉਂਦੀਆਂ

> *ਨਾਵਲਕਾਰ ਨੇ ਬੜੀ ਹੀ ਯੁਗਤ ਨਾਲ ਸਮਾਜਕ ਮਨਾਹੀਆਂ ਦੀ ਬੁੱਕਲ ਵਿਚ ਪਲਦੇ ਇਸ਼ਕ ਪੇਚਿਆਂ ਦੀ ਦਾਸਤਾਨ ਤੇ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੀ ਬੇਵਸੀ 'ਚ ਵਿਚਰਦੀ ਜਵਾਨੀ ਦੇ ਗੁਟਕਦੇ ਕਬੂਤਰਾਂ ਨੂੰ ਬੜੇ ਹੀ ਰੁਮਾਂਟਿਕ ਅਤੇ ਕਲਾਤਮਕਤਾ ਨਾਲ ਦਰਸਾਇਆ ਹੈ। - ਮੱਖਣ ਕੁਹਾੜ*

ਮੁਸ਼ਕਿਲਾਂ-ਪੁਰਾਣੀ ਤੱਪੜਾਂ ਦੀ ਪੜ੍ਹਾਈ ਤੋਂ ਅਗਲੀ ਪੜ੍ਹਾਈ ਲਈ ਪੈਦਲ ਤੁਰਕੇ ਦੂਰ ਦੇ ਸਕੂਲ ਪੁੱਜਣਾ ਜਾਂ ਹੋਸਟਲਾਂ 'ਚ ਰਹਿਣਾ, ਪੜ੍ਹਾਈ ਉਪਰੰਤ ਕੋਰਸਾਂ ਲਈ ਸਿਫਾਰਸ਼ਾਂ ਤੇ ਫਿਰ ਨੌਕਰੀਆਂ ਲਈ ਸਿਫਾਰਸ਼ਾਂ ਤੇ ਰਿਸ਼ਵਤਾਂ, ਕਿਸਾਨੀ ਦਾ ਜ਼ਮੀਨਾਂ ਵੇਚ ਵੇਚ ਕੇ ਪੱਛਮੀ ਮੁਲਕਾਂ ਵੱਲ ਜਾਣ ਲਈ ਹਰ ਹੀਲਾ ਵਰਤਣਾ ਆਦਿ ਵੀ ਇਸ ਨਾਵਲ ਵਿਚ ਬਾ-ਖ਼ੂਬ ਪੇਸ਼ ਕੀਤਾ ਗਿਆ ਹੈ।

ਨਾਵਲਕਾਰ ਨੇ ਬੜੀ ਹੀ ਯੁਗਤ ਨਾਲ ਸਮਾਜਕ ਮਨਾਹੀਆਂ ਦੀ ਬੁੱਕਲ ਵਿਚ ਪਲਦੇ ਇਸ਼ਕ ਪੇਚਿਆਂ ਦੀ ਦਾਸਤਾਨ ਤੇ 'ਪਿਆਰ ਕਬਜ਼ਾ ਨਹੀਂ ਪਹਿਚਾਣ ਹੈ' ਦੀ ਬੇਵਸੀ 'ਚ ਵਿਚਰਦੀ ਜਵਾਨੀ ਦੇ ਗੁਟਕਦੇ ਕਬੂਤਰਾਂ ਨੂੰ ਬੜੇ ਹੀ ਰੁਮਾਂਟਿਕ ਅਤੇ ਕਲਾਤਮਕਤਾ ਨਾਲ ਦਰਸਾਇਆ ਹੈ। ਪੰਜਾਬ ਵਿਚ ਜਗੀਰਦਾਰੀ ਸੋਚ ਦੇ ਪਨਪਦੇ ਮਾਪਿਆਂ ਦੇ ਸਹੇੜੇ ਵਿਆਹਾਂ ਅਤੇ ਦੋ ਦਿਲਾਂ ਦੇ ਪਵਿੱਤਰ ਸੁਮੇਲ ਹੋਣ ਦੇ ਬਾਵਜੂਦ ਪਿਆਰ ਨੂੰ ਵਿਆਹ 'ਚ ਤਬਦੀਲ ਨਾ ਕਰ ਸਕਣ ਦਾ ਦੁਖਾਂਤ ਵੀ ਦ੍ਰਿਸ਼ਟੀ ਗੋਚਰ ਕੀਤਾ ਗਿਆ ਹੈ।

ਨਾਵਲ ਦੀ ਕਹਾਣੀ ਲੇਖਕ ਦੇ ਆਪਣੇ ਪਿੰਡ ਮਹਿਲ ਕਲਾਂ ਦੇ ਮਾਲਵੇ ਦੀ ਆਂਚਲਿਕਤਾ ਦੀ ਪਿੱਠ ਭੂਮੀ ਵਿਚ ਨੇੜੇ ਦੇ ਮੁੱਖ ਸ਼ਹਿਰ ਬਰਨਾਲਾ ਤੇ ਇਸ ਨਾਵਲ ਦੇ ਮੁੱਖ ਪਾਤਰ ਮਹਿੰਦਰ ਸਿੰਘ ਦੇ ਪਿੰਡ ਖਿਆਲੀ ਦੇ ਆਲੇ ਦੁਆਲੇ ਦੀ ਧਰਾਤਲ 'ਤੇ ਵਿਚਰਦੀ ਹੈ।

ਕਹਾਣੀ ਮੁਤਾਬਕ ਮੈਂ ਪਾਤਰ ਨਾਵਲਕਾਰ ਦਾ ਦੋਸਤ ਮਹਿੰਦਰ ਸਿੰਘ ਇਕੱਠੇ ਪੜ੍ਹੇ। ਮਹਿੰਦਰ ਸਿੰਘ 10ਵੀਂ 'ਚੋਂ ਫੇਲ੍ਹ ਹੋ ਗਿਆ, ਉਸ ਨੇ ਟਰੈਕਟਰ ਮਕੈਨਿਕ ਦਾ ਵੀ ਕੋਰਸ ਕੀਤਾ। ਮਹਿੰਦਰ ਸਿੰਘ ਗਰੀਬ ਕਿਸਾਨੀ 'ਚੋਂ ਹੈ। ਉਸ ਦੇ ਪਿਤਾ ਦੀ ਅੱਠ ਕੁ ਏਕੜ ਹੀ ਜ਼ਮੀਨ ਹੈ ਤੇ ਮਹਿੰਦਰ ਸਿੰਘ ਹੋਰੀਂ ਤਿੰਨ ਭਰਾ ਹਨ। ਪਿਤਾ ਵਾਹੀ ਦੇ ਨਾਲ ਮਝਾਂ ਦਾ ਵਪਾਰ ਵੀ ਕਰਦਾ ਹੈ, ਨਾਲ ਸਭ ਤੋਂ ਛੋਟਾ ਭਰਾ ਹੱਥ ਵਟਾਉਂਦਾ ਹੈ। ਵਾਹੀ ਤੇ ਵਪਾਰ 'ਚ ਅਕਸਰ ਘਾਟਾ ਹੀ ਰਹਿੰਦਾ ਹੈ। ਦੋਵੇਂ ਪਿਓ ਪੁੱਤਰ ਅਮਲੀ ਹੋ ਜਾਂਦੇ ਹਨ। ਮਹਿੰਦਰ ਸਿੰਘ ਪਹਿਲਾਂ ਵਾਹੀ ਕਰਦਾ ਹੈ ਪਰ ਘਰ ਦਾ ਗੁਜ਼ਾਰਾ ਨਹੀਂ ਚਲਦਾ ਪਰ ਫਿਰ ਪਿੰਡ ਦੇ ਹੀ ਵੱਡੇ ਜ਼ਿੰਮੀਦਾਰ ਦਾ ਟਰੈਕਟਰ ਚਲਾਉਣ ਦੀ ਨੌਕਰੀ 'ਤੇ ਲੱਗ ਜਾਂਦਾ ਹੈ। ਰਾਤ ਦਿਨ ਕਮਾਈ ਕਰ ਕੇ ਉਹ ਆਪਣੇ ਛੋਟੇ ਭਰਾ ਗੁਰਿੰਦਰ ਸਿੰਘ ਨੂੰ ਪੋਲੀਟੈਕਨਿਕ ਦਾ ਕੋਰਸ ਕਰਵਾ ਕੇ ਓਵਰਸੀਅਰ ਲਵਾਉਂਦਾ ਹੈ। ਉਸ ਨੂੰ ਦਾਖਲਾ ਦਿਵਾਉਣ ਤੇ ਨੌਕਰੀ ਲਵਾਉਣ ਵਿਚ ਬਹੁਤ ਹੀ ਭੱਜ ਨੱਠ ਕਰਨੀ ਪੈਂਦੀ ਹੈ। ਕਈ ਹੋਰ ਵੱਡੇ ਜ਼ਿੰਮੀਦਾਰਾਂ ਦੇ ਸਿਫਾਰਸ਼ ਲਈ ਤਰਲੇ ਕਰਨੇ ਪੈਂਦੇ ਹਨ। ਉਹਦੀ ਘਰਵਾਲੀ ਬਹੁਤ ਸਿਆਣੀ ਨਹੀਂ ਹੈ ਤੇ ਆਮ ਔਰਤਾਂ ਵਾਂਗ ਘਰ ਦੀ ਚਾਰ ਦਿਵਾਰੀ 'ਚ ਹੀ ਰਹਿਣ ਵਾਲੀ ਹੈ। ਮਹਿੰਦਰ ਸਿੰਘ ਦੇ ਦੋ ਪੁੱਤਰ ਹਨ ਜਸਵਿੰਦਰ ਤੇ ਕੁਲਵਿੰਦਰ। ਉਹ ਬਹੁਤ ਹੀ ਮਿਹਨਤ ਮਜ਼ਦੂਰੀ ਕਰ ਕੇ ਦੋਹਾਂ ਨੂੰ ਪੜ੍ਹਾਉਂਦਾ ਤੇ ਨੌਕਰੀ ਲਵਾਉਂਦਾ ਹੈ। ਇਸ ਦੌਰਾਨ ਉਸ ਨੂੰ ਬੜੇ ਬੜੇ ਮਹਾਂਰਥੀ ਧਾਰਮਕ ਤੇ ਰਾਜਨੀਤਕ ਆਗੂਆਂ ਤਕ ਦੀਆਂ ਫਰਮਾਇਸ਼ਾਂ ਪਵਾਉਣੀਆਂ ਪੈਂਦੀਆਂ ਹਨ। ਮੁੱਖ ਪਾਤਰ ਮਹਿੰਦਰ ਸਿੰਘ ਛੋਟੇ ਭਰਾ ਦੇ ਬੱਚਿਆਂ ਦੀ ਜ਼ਿੰਦਗੀ ਬਣਾਉਣ ਲਈ ਆਪਣੇ ਦਿਲ ਵਿਚ ਪਨਪਦੇ ਸੱਚੇ ਸੁੱਚੇ ਪਿਆਰ ਨੂੰ ਵੀ ਕੁਰਬਾਨ ਕਰ ਦੇਂਦਾ ਹੈ। ਟਰੈਕਟਰ ਦੀ ਡਰਾਈਵਰੀ ਤੋਂ ਜਵਾਬ ਮਿਲਣ ਤੇ ਉਹ ਇਕ ਪ੍ਰਾਈਵੇਟ ਬੱਸ ਮਾਲਕ ਕੋਲ ਕੰਡਕਟਰ ਲਗ ਜਾਂਦਾ ਹੈ। ਸਾਰੀ ਉਮਰ ਸਖਤ ਮਿਹਨਤ ਕਰਦਿਆਂ ਹਾਲਾਤ ਦੇ ਥਪੇੜੇ ਖਾਂਦਾ ਹੈ। ਪੁੱਤਰ ਨੂੰ ਬਾਹਰ ਕੈਨੇਡਾ ਭੇਜਣ ਖਾਤਰ ਉਹ ਪਿੰਡ ਦੇ ਹੀ ਇਕ ਅਠੇ-ਪਹਿਰ ਮੰਜੀ 'ਤੇ ਪਏ ਅਮੀਰ ਜ਼ਿੰਮੀਦਾਰ ਦੀ ਰਾਤ ਦਿਨ ਸੇਵਾ ਕਰਦਾ ਹੈ। ਫਿਰ ਇਕ ਦਿਨ ਸਾਈਕਲ 'ਤੇ ਆਉਂਦਿਆਂ ਉਸ ਦੀ ਲੱਤ ਟੁੱਟ ਜਾਂਦੀ ਹੈ ਪਰ ਉਸ ਦੀ ਕੋਈ ਸੇਵਾ ਨਹੀਂ ਕਰਦਾ। ਕੋਈ ਨਹੀਂ ਗੌਲਦਾ ਨਾ ਦੋਹਾਂ ਪੁੱਤਰਾਂ 'ਚੋਂ, ਨਾ ਨੂੰਹਾਂ, ਨਾ ਉਸ ਦੀ ਪਤਨੀ ਜਿਸ ਨੂੰ ਸਾਰੀ ਉਮਰ ਕਮਾਈ ਕਰ ਕੇ ਦਿਤੀ ਹੁੰਦੀ ਹੈ।

ਦੁਖਾਂਤ ਇਥੇ ਵਾਪਰਦਾ ਹੈ ਕਿ ਜਦ ਮਹਿੰਦਰ ਸਿੰਘ ਹਸਪਤਾਲ ਮੰਜੀ 'ਤੇ ਪਿਆ ਜ਼ਿੰਦਗੀ ਮੌਤ ਦੀ ਲੜਾਈ ਲੜ ਰਿਹਾ ਆਖਰੀ ਸਾਹਾਂ 'ਤੇ ਹੈ ਤਦ ਵੀ ਉਸ ਦੇ ਅਤਿਅੰਤ ਪਿਆਰੇ, ਮੋਹ ਦੇ ਰਿਸ਼ਤੇ ਉਸ ਦੇ ਦੋਵੇਂ ਪੁੱਤਰ ਤੇ ਉਸ ਦੀ ਪਤਨੀ ਕੋਈ ਉਸ ਦੀ ਖਬਰ ਲੈਣ ਤੀਕ ਵੀ ਨਹੀਂ ਆਉਂਦੇ। ਉਸ ਦੇ ਦੋਵੇਂ ਪੁੱਤਰ ਜਿਨ੍ਹਾਂ ਨੂੰ ਉਸ ਨੇ ਸਖਤ ਘਾਲਣਾ ਘਾਲ ਕੇ ਪਾਲਿਆ, ਪੜ੍ਹਾਇਆ ਤੇ ਨੌਕਰੀਆਂ 'ਤੇ ਲਵਾਇਆ ਹੁੰਦਾ ਹੈ ਉਹ ਪਿਓ ਦੀ ਬੀਮਾਰੀ ਦੀ ਕੋਈ ਚਿੰਤ ਤਕ ਵੀ ਨਹੀਂ ਕਰਦੇ।

ਨਾਵਲ ਵਿਚ ਇਕ ਹੋਰ ਦੁਖਾਂਤ ਵਾਪਰਦਾ ਹੈ ਜਦ ਪੁੱਤ ਦੇ ਵਿਆਹ ਲਈ ਮਹਿੰਦਰ ਸਿੰਘ ਪਿੰਡ ਦੀ ਇਕ 'ਸ਼ਾਹਣੀ' ਤੋਂ ਵਿਆਜ਼ੀ ਪੈਸੇ ਲੈਂਦਾ ਹੈ ਤਾਂ ਉਹ ਪੈਸੇ ਉਸ ਦੇ ਆਪਣੀ ਤੇ ਪੁੱਤਰਾਂ ਦੀ ਕਮਾਈ ਦੇ ਹੀ ਹੁੰਦੇ ਹਨ ਜੋ ਉਸ ਦੀ ਪਤਨੀ ਰਾਹੀਂ 'ਸ਼ਾਹਣੀ' ਨੂੰ ਵਿਆਜ਼ ਲਈ ਦਿਤੇ ਹੁੰਦੇ ਹਨ ਪਰ ਮਹਿੰਦਰ ਸਿੰਘ ਇਹ ਸਾਰਾ ਕਰਜ਼ਾ ਫਿਰ ਵੀ ਆਪ ਹੀ ਲਾਹੁੰਦਾ ਹੈ। ਉਸ ਦਾ ਭਰਾ ਜਿਸ ਨੂੰ ਉਸ ਨੇ ਪੁੱਤਾਂ ਵਾਂਗ ਹੀ ਪਾਲਿਆ, ਪੜ੍ਹਾਇਆ ਤੇ ਕੋਰਸ ਕਰਾਇਆ ਤੇ ਨੌਕਰੀ ਲਵਾਇਆ ਹੁੰਦਾ ਹੈ, ਵੀ ਉਸ ਦੀ ਔਖੀ ਵੇਲੇ ਕੋਈ ਮਦਦ ਨਹੀਂ ਕਰਦਾ। ਇੰਜ ਨਾਵਲ ਸਰਮਾਏਦਾਰ-ਜਗੀਰਦਾਰ ਪ੍ਰਬੰਧ ਵਿਚ ਰਿਸ਼ਤਿਆਂ ਦੇ ਮੋਹ ਭੰਗ ਹੋਣ ਦੇ ਦੁਖਾਂਤ ਨੂੰ ਪੇਸ਼ ਕਰਨ ਵਿਚ ਪੂਰਾ ਸਫਲ ਹੈ।

ਨਾਵਲ ਦਾ ਬਿਰਤਾਂਤਕ ਸਮਾਂ ਆਜ਼ਾਦੀ ਤੋਂ ਥੋੜ੍ਹਾ ਪਹਿਲਾਂ ਅਤੇ ਵਧੇਰੇ ਸਮਾਂ ਬਾਅਦ ਦਾ ਹੈ। ਭਾਵੇਂ ਇਸ ਨਾਵਲ ਵਿਚ ਦੇਸ਼ ਦੀ ਆਜ਼ਾਦੀ ਦੀ ਚਲ ਰਹੀ ਲੜਾਈ, ਦੇਸ਼ ਦੀ ਵੰਡ ਆਦਿ ਦਾ ਸਿੱਧਾ ਜ਼ਿਕਰ ਨਹੀਂ ਹੈ ਪਰ ਪੇਂਡੂ ਜੀਵਨ ਦੀ ਗਰੀਬੀ ਮੰਦਹਾਲੀ, ਅਰਧ ਜਗੀਰੂ ਸਮਾਜ ਵਿਚ ਸਮੁੱਚੇ ਤੌਰ 'ਤੇ ਆਈ ਤਬਦੀਲੀ ਤੇ ਪਰਿਵਾਰਕ ਸਬੰਧਾਂ ਵਿਚ ਹੋ ਰਹੀ ਟੁੱਟ ਭੱਜ ਉਸ ਸਮੇਂ ਦੀਆਂ ਤਰਾਸਦੀਆਂ ਦਾ ਚਿਤਰਣ ਇਹ ਸਭ ਕੁਝ ਦ੍ਰਿਸ਼ਟੀ ਗੋਚਰ ਹੁੰਦਾ ਹੈ। ਹਰੀ ਕ੍ਰਾਂਤੀ ਨਾਲ ਕਿਸਾਨੀ ਵਿਚ ਉਭਾਰ ਤਾਂ ਆਉਂਦਾ ਹੈ ਪਰ ਇਹ ਉਭਾਰ ਨਿੱਕੀ ਕਿਸਾਨੀ ਦੀ ਅੱਗੋਂ ਵੰਡ ਦਰ ਵੰਡ ਕਰਕੇ ਕਰਜ਼ਾਈ ਕਰ ਦੇਂਦਾ ਹੈ ਤੇ ਉਹ ਜ਼ਮੀਨ ਵੇਚਣ ਲਈ ਮਜਬੂਰ ਹੋ ਜਾਂਦਾ ਹੈ। ਹਲਾਂ ਦੀ ਥਾਂ ਟਰੈਕਟਰ, ਥ੍ਰੈਸ਼ਰਾਂ ਦੀ ਥਾਂ ਕੰਬਾਈਨਾਂ, ਤਾਂਗਿਆਂ ਦੀ ਥਾਂ ਬੱਸਾਂ, ਘੋੜਿਆਂ ਦੀ ਥਾਂ ਮੋਟਰਸਾਈਕਲਾਂ ਦੀ ਆਮਦ ਨਾਲ ਬੇਰੁਜ਼ਗਾਰੀ ਵਿਚ ਵਾਧਾ ਹੁੰਦਾ ਹੈ ਤੇ ਭ੍ਰਿਸ਼ਟ ਰਾਜਨੀਤੀ ਦੀ ਜਿਲਣ ਵਿਚ ਫਸ ਰਹੀ ਜਵਾਨੀ ਨਸ਼ਿਆਂ 'ਚ ਧੱਕੀ ਜਾ ਰਹੀ ਹੈ। ਸਮੇਂ ਦੀ ਤਬਦੀਲੀ ਸ਼ਰਾਬ ਤੇ ਅਫੀਮ ਦੇ ਨਸ਼ਿਆਂ ਨੂੰ ਹੋਰ ਅਗਾਂਹ ਤੀਕ ਲੈ ਜਾਂਦੀ ਹੈ ਤੇ ਅਮੀਰ ਕਿਸਾਨੀ ਆਪਣੇ ਧੰਦਿਆਂ ਨੂੰ ਹੋਰ ਵਧਾਉਂਦੀ ਜਵਾਨੀ ਨੂੰ ਚੱਕਾਚੌਂਧ ਤੇਜ਼ ਰੋਸ਼ਨੀਆਂ ਵਾਲੇ ਦੇਸ਼ਾਂ ਦੀ ਚੁਲਬਲੀ ਉਪਰੋਂ ਲਿਸ਼ਕਦੀ ਜੀਵਨ ਸ਼ੈਲੀ ਦੇ ਵਿਛਾਏ ਜਾਲ ਵਿਚ ਫਸਣ ਲਈ ਮਜਬੂਰ ਵੀ ਕਰਦੀ ਹੈ। ਜਾਤਾਂ ਦਾ ਝਮੇਲਾ ਤੇ ਉਸ ਦਾ ਕਿਸਾਨੀ 'ਤੇ ਨਿਰਭਰ ਹੋਣਾ ਪ੍ਰੰਪਰਾਗਤ ਕੰਮਾਂ 'ਚੋਂ ਨਿਕਲਣ ਲਈ ਬੇਵਸ ਹੋਣਾ ਪਰ ਨਾਲ ਦੀ ਨਾਲ 'ਜੱਟ' ਅਖਵਾਉਂਦੇ ਜ਼ਿੰਮੀਦਾਰਾਂ ਦੇ ਨਾਲ ਬੇਜ਼ਮੀਨੇ 'ਨੀਵੀਂ ਜਾਤ ਵਾਲੇ' ਅਖਵਾਉਣ ਵਾਲਿਆਂ ਦੇ ਨਾਲ ਆਪ ਜਾ ਖਲੋਣਾ ਤੇ ਦੂਜੇ ਜੱਟ ਦੇ ਹੀ ਨੌਕਰ ਬਣ ਜਾਣਾ ਆਦਿ ਸਾਰੇ ਦੁਖਾਂਤਕ ਪਹਿਲੂ ਇਸ ਬਿਰਤਾਂਤੀ ਧਰਾਤਲ ਦੇ ਕਲਾਵੇ ਵਿਚ ਲਏ ਗਏ ਹਨ। ਰੌਚਕ ਪ੍ਰਗਟਾਵੇ ਤੇ ਗੋਂਦਵੀਂ ਸ਼ੈਲੀ 'ਮੈਂ' ਪਾਤਰ ਦਾ ਲੇਖਕ ਵਜੋਂ ਪਾਠਕ ਨੂੰ ਉਂਗਲ ਪਕੜ ਕੇ ਨਾਲੋਂ ਨਾਲ ਤੋਰਨਾ ਕਿਧਰੇ ਵੀ ਉਕਸਾਹਟ ਜਾਂ ਥਕਾਵਟ ਪੈਦਾ ਨਹੀਂ ਹੋਣ ਦੇਂਦਾ।

ਨਾਵਲ ਵਿਚਲੀ ਰਵਾਨੀ, ਭਾਸ਼ਾ ਦੀ ਸਾਦਗੀ ਦੇ ਨਾਲ ਨਾਲ ਨਾਵਲ ਵਿਉਂਤਬੰਦੀ ਪਾਠਕ ਦੀ ਉਤਸੁਕਤਾ ਨੂੰ ਲਗਾਤਾਰ ਬਣਾਈ ਰੱਖਦੀ ਹੈ ਅਤੇ ਜਿੰਨਾ ਚਿਰ ਤੀਕ ਇਕ ਸੌ ਦਸ ਸਫੇ ਦਾ ਇਹ ਨਾਵਲ ਮੁਕਦਾ ਨਹੀਂ ਉਨਾ ਚਿਰ ਪਾਠਕ ਨਾਵਲ ਹੱਥੋਂ ਨਾ ਛੱਡਣ ਲਈ ਮਜਬੂਰ ਰਹਿੰਦਾ ਹੈ।

ਲੇਖਕ ਸੁਰਜੀਤ ਸਿੰਘ ਪੰਛੀ ਵਲੋਂ ਪੈਸਿਆਂ ਦੀ ਅੰਨੀ ਦੌੜ ਵਿਚ ਤੜੱਕ ਟੁੱਟ ਰਹੀਆਂ ਮੋਹ ਦੀਆਂ ਤੰਦਾਂ, ਪੁਰਾਤਨ ਸਭਿਆਚਾਰ ਦੀ ਸਪੱਸ਼ਟ ਝਲਕ, ਸਮਾਜ ਵਿਚ ਨਸ਼ਾਖੋਰੀ ਦਾ ਫੈਲਾਅ, ਰਿਸ਼ਵਤਾਂ, ਸਿਫਾਰਸ਼, ਮਾਰਧਾੜ, ਬਾਹਰ ਜਾਣ ਦੀ ਲਲਕ, ਅਮੀਰ ਕਿਸਾਨੀ ਦਾ ਸਰਮਾਇਦਾਰੀ ਵਿਚ ਟਰਾਂਸਪੋਰਟ ਤੇ ਹੋਰ ਕਿੱਤਿਆਂ ਰਾਹੀਂ ਭਾਈਵਾਲ ਬਣਨਾ, ਗਰੀਬ ਕਿਸਾਨ ਦਾ ਜ਼ਮੀਨ ਵੇਚ ਕੇ ਬੇ-ਜ਼ਮੀਨਿਆਂ ਨਾਲ ਦਿਹਾੜੀਦਾਰ ਮਜ਼ਦੂਰ ਬਣਨ ਲਈ ਮਜਬੂਰ ਹੋਣਾ, ਗਰੀਬ ਦਾ ਅੱਧਵਾਟੇ ਰਹਿ ਗਿਆ ਸੱਚਾ ਸੁੱਚਾ ਪਿਆਰ, ਪੁਰਾਣੇ ਬੇ-ਸੰਦੇ ਜ਼ਮਾਨੇ ਦੀ ਪੜ੍ਹਾਈ ਤੇ ਉਸ ਸਮੇਂ ਦੇ ਤੱਪੜ ਸਕੂਲਾਂ ਦਾ ਵੇਰਵਾ, ਪੇਂਡੂ ਜੀਵਨ ਦੀ ਯਥਾਰਥਕ ਪੇਸ਼ਕਾਰੀ, ਅਮੀਰਾਂ ਦਾ ਰਹਿਣ ਸਹਿਣ, ਪੇਂਡੂ ਜੀਵਨ ਤੇ ਸ਼ਰਾਬ , ਸਹਿਜੇ ਸਹਿਜੇ ਤਬਦੀਲ ਹੁੰਦੇ ਕੰਮ ਤੇ ਨਾਲੋਂ ਨਾਲ ਬਦਲਦੇ ਪੁਰਾਣੇ ਰਿਸ਼ਤੇ ਤੇ ਰਿਸ਼ਤਿਆਂ ਦੇ ਦਵੰਦ ਆਦਿ ਦਾ ਚਿਤਰਣ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਗਿਆ ਹੈ। ਇਸ ਨਾਵਲ ਰਾਹੀਂ ਰਾਹੀਂ ਪਰਿਵਾਰਕ ਮੋਹ ਦੇ ਪਾਕਿ-ਪਵਿੱਤਰ ਰਿਸ਼ਤਿਆਂ ਦੀ ਟੁੱਟ ਭੱਜ ਦੇ ਕਾਰਨਾਂ ਨੂੰ ਘੋਖ ਕੇ ਇਸ ਮੋਹ ਭੰਗ ਦੇ ਦੁਖਾਂਤ ਤੋਂ ਬਚਾਉਣ ਲਈ ਯਤਨ ਕਰਨ ਦੀ ਪ੍ਰੇਰਨਾ ਮਿਲਦੀ ਹੈ। ਨਾਵਲ ਲੇਖਕ ਦੀ ਇਸ ਸਫਲ ਪੇਸ਼ਕਾਰੀ ਤੇ ਵਧਾਈ ਪੇਸ਼ ਕਰਦਿਆਂ ਅਗਲੀ ਰਚਨਾ ਦੀ ਜਲਦੀ ਆਮਦ ਦੀ ਕਾਮਨਾ ਕਰਦੇ ਹਾਂ।

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

# ਤੁਹਾਡੇ ਭੋਜਨ ਲਈ ਫਲਾਂ ਤੇ ਸਬਜ਼ੀਆਂ ਦਾ ਮਹੱਤਵ



ਡਾ. ਬਲਵਿੰਦਰ ਕੌਰ
Certified Diabetic Educator
Pfizer India Ltd., Chandigarh
Mob. No : +91-99158-02886
balwinderdietician77@gmail.com

ਤੁਹਾਡੀ ਥਾਲੀ ਵਿਚ ਹੋਵੇ ਸੁਆਦਲੀ ਸਤਰੰਗੀ।
ਰੋਜ਼ਾਨਾ ਵੰਨ ਸੁਵੰਨੇ ਤਾਜ਼ਾ ਫਲ ਖਾਓ!

ਰੰਗ-ਬਰੰਗੇ ਫਲ ਅਤੇ ਸਬਜ਼ੀਆਂ ਵੱਡੀ ਮਾਤਰਾ ਵਿਚ ਵਿਟਾਮਿਨ, ਖਣਿਜ ਅਤੇ ਸਰੀਰ ਲਈ ਲੋੜੀਂਦੇ ਰਸਾਇਣ ਦਿੰਦੇ ਹਨ। ਫਲਾਂ ਵਿਚ ਸੂਖ਼ਮ ਤੇ ਸਥੂਲ ਪੌਸਟਿਕ ਤੱਤਾਂ ਦਾ ਵਿਲੱਖਣ ਸੁਮੇਲ ਹੁੰਦਾ ਹੈ, ਜਿਹੜੇ ਬਹੁਤ ਸਾਰੀਆਂ ਬਿਮਾਰੀਆਂ ਤੋਂ ਰੱਖਿਆ ਕਰਦੇ ਹਨ।

ਰੰਗਾਂ ਦੀ ਸਤਰੰਗੀ ਪੀਂਘ

ਸੇਬ, ਸੰਗਤਰਾ, ਸਟਰਾਬੇਰੀ, ਸ਼ਾਹਦਾਣਾ, ਕਿੰਨੂ, ਪਪੀਤਾ, ਅਨਾਰ, ਹਦਵਾਣਾ, ਟਮਾਟਰ, ਲੁਕਾਠ, ਬੇਲ, ਲੀਚੀ, ਜ਼ਿਜ਼ੀਫਸ

ਪੀਲੇ : ਅੰਬ, ਮੁਸਮੀ, ਖਰਬੂਜਾ, ਖ਼ੁਰਮਾਨੀ, ਆੜੂ, ਸੀਤਾ ਫਲ, ਅੰਜ਼ੀਰ।

ਹਰੇ : ਅੰਗੂਰ, ਨਾਸ਼ਪਾਤੀ, ਅਮਰੂਦ, ਝਰਬੇਰੀ, ਕਿਵੀ ਫਲ

ਜਾਮਨੀ : ਜ਼ਾਮਨੀ ਅੰਗੂਰ, ਫਾਲਸਾ, ਜਾਮਨ, ਕਾਲਾ ਮੁਨੱਕਾ, ਆਲੂ ਬੁਖਾਰਾ।

ਭੂਰੇ : ਚੀਕੂ, ਖੰਜੂਰ

ਸਫੈਦ : ਕੇਲਾ, ਕਸਟਰਡ ਸੇਬ, ਸ਼ਿੰਘਾੜਾ

ਫਲਾਂ ਨੂੰ ਕਿਸੇ ਹੋਰ ਭੋਜਨ-ਆਈਟਮ ਨਾਲ ਬਦਲਿਆ ਨਹੀਂ ਜਾ ਸਕਦਾ, ਇਨ੍ਹਾਂ ਵਿਚ ਸੂਖ਼ਮ ਅਤੇ ਸਥੂਲ ਜੀਵਨ ਰੱਖਿਅਕਾਂ, ਆਕਸੀਡੈਂਟ ਵਿਰੋਧੀ ਅਤੇ ਕਈ ਹੋਰ ਤੱਤਾਂ ਦਾ ਵਿਲੱਖਣ ਸੁਮੇਲ ਹੁੰਦਾ ਹੈ। ਫਲਾਂ ਦੀ ਰੋਜ਼ਾਨਾ ਵਰਤੋਂ ਬਲੱਡ ਪਰੈਸ਼ਰ, ਅਧਰੰਗ, ਧਵਨੀ ਰੋਗ, ਕੈਂਸਰ, ਸ਼ੱਕਰ ਅਤੇ ਹੋਰ ਘਾਤਕ ਬਿਮਾਰੀਆਂ ਦੇ ਖ਼ਤਰੇ ਨੂੰ ਘਟਾ ਦਿੰਦੀ ਹੈ। ਇਹ ਸਰੀਰ ਦੀ ਰੱਖਿਆ ਪ੍ਰਣਾਲੀ ਨੂੰ ਵੀ ਮਜ਼ਬੂਤੀ ਬਖਸ਼ਦੇ ਹਨ, ਖ਼ਤਰਨਾਕ ਬਿਮਾਰੀਆਂ ਤੋਂ ਰੋਕਥਾਮ ਕਰਦੇ ਹਨ ਅਤੇ ਉਮਰ ਲੰਮੀ ਕਰਦੇ ਹਨ। ਹਾਈ ਬਲੱਡ ਪ੍ਰੈਸ਼ਰ ਵਾਲੇ ਮਰੀਜ਼ਾਂ ਵਿਚ ਇਹ ਬਲੱਡ ਪ੍ਰੈਸ਼ਰ ਨੂੰ ਘਟਾਉਂਦੇ ਹਨ।

ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਾਰੇ ਉਮਰ ਗਰੁੱਪਾਂ ਦੇ ਲੋਕਾਂ ਨੂੰ ਘੱਟੋ ਘੱਟ 200-300 ਗ੍ਰਾਮ ਫਲ ਰੋਜ਼ਾਨਾ ਲੈਣੇ ਚਾਹੀਦੇ ਹਨ (ਨਾਲ ਹੀ 250 ਗ੍ਰਾਮ ਜਾਂ ਇਸ ਤੋਂ ਜ਼ਿਆਦਾ ਸਬਜ਼ੀਆਂ)। ਮੌਸਮੀ, ਸਸਤੇ ਅਤੇ ਆਸਾਨੀ ਨਾਲ ਮਿਲਦੇ ਫਲਾਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਸਥਾਨਕ ਪੱਧਰ 'ਤੇ ਮਿਲਦੇ ਮੌਸਮੀ ਫਲਾਂ ਅਤੇ ਸਬਜ਼ੀਆਂ ਦੀ ਹਮੇਸ਼ਾ ਸਿਫਾਰਸ਼ ਕੀਤੀ ਜਾਂਦੀ ਹੈ ਕਿਉਂਕਿ ਉਹ ਤੁਹਾਨੂੰ ਤਾਜ਼ਾ ਮਿਲ ਸਕਦੇ ਹਨ :

1. ਇਹ ਐਂਟੀ-ਆਕਸੀਡੈਂਟਸ ਅਤੇ ਪੌਸਟਿਕ ਤੱਤਾਂ ਜਿਵੇਂ ਕਿ ਵਿਟਾਮਿਨ ਏ, ਸੀ, ਈ ਅਤੇ ਸੈਲੇਨੀਅਮ (ਪੀਲੇ, ਸੰਗਤਰੀ, ਜਾਮਨੀ, ਹਰੇ ਫਲ ਅਤੇ ਸਬਜ਼ੀਆਂ) ਫਾਈਵਰ (ਰੇਸ਼ੇ) ਨਾਲ ਵੀ ਭਰਪੂਰ ਹੁੰਦੇ ਹਨ।

2. ਫਲਾਂ ਅਤੇ ਸਬਜ਼ੀਆਂ ਵਿਚ ਪੋਟਾਸ਼ੀਅਮ ਦੀ ਉੱਚ ਮਾਤਰਾ ਬਲੱਡ ਪ੍ਰੈਸ਼ਰ 'ਤੇ ਰੱਖਿਆਤਮਿਕ ਪ੍ਰਭਾਵ ਪਾਉਂਦੀ ਹੈ, ਗੁਰਦੇ ਦੀਆਂ ਪੱਥਰੀਆਂ ਦੇ ਖ਼ਤਰੇ ਨੂੰ ਘਟਾਉਂਦੀ ਹੈ ਅਤੇ ਹੱਡੀਆਂ ਦੀ ਕਮਜ਼ੋਰੀ ਘਟਾਉਣ ਵਿਚ ਵੀ ਸਹਾਈ ਸਿੱਧ ਹੋ ਸਕਦੀ ਹੈ।

# ਸੁਹਿਰਦ ਨਾਗਰਿਕ ਤਿਆਰ ਕਰਨ ਦੀ ਜ਼ਿੰਮੇਵਾਰੀ...



ਕੌਲੀਨ ਮਕਲੌ ਕਲਿੰਕ
ਮੁਖੀ ਅੰਗਰੇਜ਼ੀ ਵਿਭਾਗ
ਜੇ ਪਰਸੀ ਪੇਜ ਹਾਈ ਸਕੂਲ
ਐਡਮਿੰਟਨ, ਅਲਬਰਟਾ
780 462 3322
colleen.mccullough@epsb.ca

ਜਿਵੇਂ ਕਿ ਦਸੰਬਰ ਮਹੀਨਾ ਸੁਹਜਮਈ ਤਰੀਕੇ ਨਾਲ ਸਾਡੇ ਸਾਹਮਣੇ ਆ ਖੜ੍ਹਾ ਹੋਇਆ ਹੈ, ਮੈਂ ਸ਼ਿੱਦਤ ਨਾਲ ਸਿਰਫ਼ ਸਕੂਲ 'ਤੇ ਧਿਆਨ ਕੇਂਦਰਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ ਅਤੇ ਆਉਣ ਵਾਲੀਆਂ ਛੁੱਟੀਆਂ ਦੇ ਸੁਫ਼ਨੇ ਨਹੀਂ ਲੈ ਰਹੀ, ਜਿਨ੍ਹਾਂ ਦੌਰਾਨ ਸੌਣਾ, ਪਰਵਾਰਕ ਸਰਗਰਮੀਆਂ, ਕਿਤਾਬਾਂ ਪੜ੍ਹਨਾ, ਹਮੇਸ਼ਾ ਆਲਸ ਚੜ੍ਹਿਆ ਰਹਿਣਾ... ਆਹ... ਮੈਂ ਝੂਠ ਨਹੀਂ ਬੋਲ ਰਹੀ, ਮੈਂ ਥੱਕੀ ਹੋਈ ਹਾਂ ਅਤੇ ਉਤਰ ਕਾਪੀਆਂ ਦਾ ਮੁਲਾਂਕਣ ਕਰਨ ਨਾਲੋਂ ਐਤਵਾਰ ਨੂੰ ਛੁੱਟੀ ਮਨਾਉਣ ਵਾਂਗ ਮਹਿਸੂਸ ਕਰ ਰਹੀ ਹਾਂ। ਸ਼ਾਇਦ ਬੁਢੇਪਾ ਆਉਣਾ ਸ਼ੁਰੂ ਹੋ ਗਿਆ ਹੈ। ਮੈਂ ਲਗਪਗ 45 ਵਰ੍ਹਿਆਂ ਦੀ ਹੋ ਗਈ ਹਾਂ। ਇਹ ਗੱਲ ਮੇਰੀ ਬੇਟੀ ਵੀ ਕਰ ਚੁੱਕੀ ਹੈ। ਆਹ... ਮੇਰੀ ਬੇਟੀ, ਕੁਦਰਤ ਦਾ ਬੇਹਤਰੀਨ ਤੋਹਫ਼ਾ।

ਇਸ ਸਾਲ ਮੇਰੇ ਘਰ ਵਿਚ ਵੱਡੀ ਤਬਦੀਲੀ ਹੋਈ, ਮੇਰੀ ਬੇਟੀ ਲਗਪਗ 15 ਵਰ੍ਹਿਆਂ ਦੀ ਹੋ ਗਈ ਹੈ ਅਤੇ ਹਾਈ ਸਕੂਲ ਪੁੱਜ ਚੁੱਕੀ ਹੈ। ਉਹ ਦਸਵੀਂ ਜਮਾਤ ਵਿਚ ਹੈ। ਇਹ ਕਿਵੇਂ ਵਾਪਰਿਆ? ਮੈਨੂੰ ਕਦੇ ਕਦੇ ਵਿਸ਼ਵਾਸ ਹੀ ਨਹੀਂ ਆਉਂਦਾ ਅਤੇ ਹੁਣ ਅਸੀਂ ਇਕੱਠੀਆਂ ਉਸੇ ਦੁਨੀਆਂ ਵਿਚ ਹਾਂ। ਉਹ ਬਹੁਤ ਚੰਗਾ ਕਰ ਰਹੀ ਹੈ। ਆਈ ਪੌਡ, ਸੈਲ ਫੋਨ, ਫੇਸਬੁੱਕ, ਫੈਸ਼ਨ ਅਤੇ ਹੋਰ ਸਾਰੀਆਂ ਅਹਿਮ ਚੀਜ਼ਾਂ ਜੋ ਤੁਸੀਂ ਜਾਣਦੇ ਹੋ। ਸਾਨੂੰ ਆਪਣੇ ਬੱਚਿਆਂ ਦੀ ਜ਼ਿੰਦਗੀ ਵਿਚ ਕਿਵੇਂ ਸ਼ਾਮਲ ਹੋਣਾ ਚਾਹੀਦਾ ਹੈ? ਮੇਰਾ ਮੰਨਣਾ ਹੈ ਕਿ ਸਾਡੇ ਬੱਚਿਆਂ ਨੂੰ ਹੁਣ ਉਸ ਤੋਂ ਕਿਤੇ ਜ਼ਿਆਦਾ ਲੋੜ ਹੈ ਜਿੰਨੀ ਐਲੀਮੈਂਟਰੀ ਸਕੂਲ ਵੇਲੇ ਸੀ। ਤੁਹਾਨੂੰ ਆਪਣੇ ਬੱਚਿਆਂ ਦੇ ਐਲੀਮੈਂਟਰੀ ਸਕੂਲ ਵਿਚ ਜਾਣਾ ਅਤੇ ਅਧਿਆਪਕ ਨਾਲ ਮਿਲਣ ਬਾਰੇ ਯਾਦ ਹੈ? ਕੀ ਉਹ ਪਲ ਯਾਦ ਹਨ ਜਦੋਂ ਤੁਸੀਂ ਕੰਧਾਂ 'ਤੇ ਚਿਪਕਾਈਆਂ ਤਸਵੀਰਾਂ ਵਿਚ ਆਪਣੇ ਬੱਚੇ ਵਲੋਂ ਬਣਾਈ ਕਲਾ ਕ੍ਰਿਤ ਤਲਾਸ਼ ਰਹੇ ਹੁੰਦੇ ਸੀ? ਕੀ ਉਹ ਸਮਾਂ ਯਾਦ ਹੈ ਜਦੋਂ ਉਹ ਆਪਣੇ ਦੋਸਤਾਂ ਦੀਆਂ ਕਹਾਣੀਆਂ ਸੁਣਾਉਂਦੇ ਸਨ ਅਤੇ ਇਨ੍ਹਾਂ ਦਾ ਮਤਲਬ ਕੀ ਹੁੰਦਾ ਸੀ? ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਕੌਣ ਪਹੁੰਚਾਉਂਦਾ ਸੀ? ਕੀ ਤੁਸੀਂ ਉਨ੍ਹਾਂ ਨੂੰ ਮੈਦਾਨ ਵਿਚ ਖੇਡਦੇ ਵੇਖਿਆ? ਹੁਣ ਆਪਣੇ ਆਪ ਨੂੰ ਪੁੱਛੋ ਤੁਸੀਂ ਉਨ੍ਹਾਂ ਦੀ ਦੁਨੀਆ ਬਾਰੇ ਕੀ ਜਾਣਦੇ ਹੋ? ਤੁਸੀਂ ਉਨ੍ਹਾਂ ਦੇ ਸਕੂਲ ਦੇ ਕੰਮ ਵੱਲ ਧਿਆਨ ਦੇਣਾ ਕਦੋਂ ਛੱਡ ਦਿਤਾ? ਅਤੇ ਖ਼ੁਦ ਨੂੰ ਪੁੱਛੋ ਕਿਉਂ? ਮੇਰਾ ਮੰਨਣਾ ਹੈ ਕਿ ਆਪਣੇ ਬੱਚਿਆਂ ਦੇ ਅਧਿਆਪਕਾਂ ਨਾਲ ਮਿਲਣਾ, ਸਕੂਲ ਜਾਣਾ, ਉਨ੍ਹਾਂ ਦਾ ਹੋਮ ਵਰਕ ਚੈਕ ਕਰਨਾ ਅਤੇ ਸਵਾਲ ਪੁੱਛਣਾ ਸਾਡੀ ਨੈਤਿਕ ਜ਼ੁੰਮੇਵਾਰੀ ਬਣਦੀ ਹੈ। ਸਾਨੂੰ ਉਨ੍ਹਾਂ ਦੀ ਦੁਨੀਆ ਵਿਚ ਸ਼ਾਮਲ ਰਹਿਣਾ ਚਾਹੀਦਾ ਹੈ। ਉਨ੍ਹਾਂ ਦੀ ਦੁਨੀਆ ਨਵੀਂ ਤਕਨੀਕ, ਚੁਨੌਤੀਆਂ ਅਤੇ ਆਕਰਸ਼ਨ ਨਾਲ ਘਿਰੀ ਹੋਈ ਹੈ। ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਹ ਸਾਡੀਆਂ ਰਵਾਇਤਾਂ ਬਾਰੇ ਕੀ ਮਹਿਸੂਸ ਕਰਦੇ ਹਨ, ਕੀ ਇਹ ਗ਼ਲਤ ਹੈ? ਸਾਨੂੰ ਜਾਨਣਾ ਚਾਹੀਦਾ ਹੈ ਕਿ ਉਹ ਸਕੂਲ ਵਿਚ ਕੀ ਕਰਦੇ ਹਨ ਅਤੇ ਉਨ੍ਹਾਂ ਦੇ ਦੋਸਤ ਕੌਣ ਕੌਣ ਹਨ ਅਤੇ ਉਹ ਕਿਥੇ ਜਾਂਦੇ ਹਨ। ਸਾਨੂੰ ਉਨ੍ਹਾਂ ਦੇ ਸਕੂਲ ਦੀ ਪ੍ਰਣਾਲੀ ਨੂੰ ਸਮਝਣਾ ਅਤੇ ਜਾਨਣਾ ਚਾਹੀਦਾ ਹੈ ਕਿਉਂਕਿ ਇਥੇ ਸੱਭ ਕੁਝ ਆਪਣੇ ਜੱਦੀ ਮੁਲਕ ਨਾਲੋਂ ਵਖਰਾ ਹੈ।

ਸਾਨੂੰ ਬੱਚਿਆਂ ਦੀਆਂ ਪ੍ਰੀਖਿਆਵਾਂ ਬਾਰੇ ਜਾਨਣਾ ਚਾਹੀਦਾ ਹੈ ਅਤੇ ਉਨ੍ਹਾਂ ਦੀਆਂ ਤਿਆਰੀਆਂ 'ਤੇ ਵੀ ਨਜ਼ਰ ਰਖਣੀ ਚਾਹੀਦਾ ਹੈ ਤਾਕਿ ਉਹ ਚੰਗੀ ਕਾਰਗੁਜ਼ਾਰੀ ਦਿਖਾ ਸਕਣ। ਇਹ ਸੱਭ ਜਾਣਨ ਤੋਂ ਪਹਿਲਾਂ ਜਨਵਰੀ ਮਹੀਨਾ ਆ ਜਾਵੇਗਾ। ਉਸ ਤੋਂ ਪਹਿਲਾਂ ਕ੍ਰਿਸਮਸ ਆਉਣ ਵਾਲੀ ਹੈ ਅਤੇ ਫਿਰ ਸਾਡੇ ਬੱਚੇ ਇਮਤਿਹਾਨ ਦੇ ਰਹੇ ਹੋਣਗੇ। ਪ੍ਰੀਖਿਆਵਾਂ 23 ਜਨਵਰੀ ਨੂੰ ਸ਼ੁਰੂ ਹੋਣੀਆਂ ਹਨ। ਅਸੀਂ ਸਾਧਾਰਨ ਤਰੀਕੇ ਨਾਲ ਚੰਗੇ ਦੀ ਆਸ ਨਹੀਂ ਰਖ ਸਕਦੇ। ਸਾਨੂੰ ਆਪਣੇ ਬੱਚਿਆਂ ਦੀ ਦੁਨੀਆ ਵਿਚ ਸਰਗਰਮ ਰਹਿਣਾ ਹੋਵੇਗਾ। ਅਸੀਂ ਸਾਰੇ ਚਾਹੁੰਦੇ ਹਾਂ ਕਿ ਉਹ ਸਾਡੇ ਤੋਂ ਵੀ ਅੱਗੇ ਵੱਧਣ ਪਰ ਸਾਡੀ ਮਦਦ ਤੋਂ ਬਗ਼ੈਰ ਉਨ੍ਹਾਂ ਤੋਂ ਇਹ ਆਸ ਨਾ ਰੱਖੋ।

ਮੈਂ ਜਾਣਦੀ ਹਾਂ ਕਿ ਮੈਂ ਆਪਣੀ ਬੇਟੀ ਦੀ ਜ਼ਿੰਦਗੀ ਵਿਚ ਪੂਰੀ ਸਰਗਰਮੀ ਨਾਲ ਸ਼ਾਮਲ ਹਾਂ। ਮੈਂ ਹਰ ਦੋ ਚਾਰ ਹਫ਼ਤਿਆਂ ਬਾਅਦ ਉਸ ਦੇ ਸਕੂਲ ਜਾਂਦੀ ਹਾਂ ਪਰ ਇਸ ਤੋਂ ਵੀ ਅਹਿਮ ਅਸੀਂ ਦੋਵੇਂ ਕਾਫ਼ੀ ਗੱਲਾਂ ਕਰਦੀਆਂ ਹਾਂ। ਮੈਂ ਉਸ ਦਾ ਵਿਸ਼ਵਾਸ ਹਾਸਲ ਕਰਨ ਲਈ ਜੀਅ ਤੋੜ ਕੋਸ਼ਿਸ਼ ਕਰਦੀ ਹਾਂ। ਉਹ ਮੈਨੂੰ ਆਪਣੇ ਕੰਮਾਂ ਅਤੇ ਦੁਨੀਆਂ ਬਾਰੇ ਦਸ ਸਕਦੀ ਹੈ। ਮੈਂ ਉਸ ਨੂੰ ਸਿਰਫ਼ ਸਹੀ ਸਵਾਲ ਪੁੱਛਦੀ ਹਾਂ ਅਤੇ ਉਲਝਾਉਣ ਦੀ ਕੋਸ਼ਿਸ਼ ਨਹੀਂ ਕਰਦੀ ਅਤੇ ਉਹ ਜਾਣਦੀ ਹੈ, ਮੈਂ ਹਮੇਸ਼ਾ ਉਸ ਦੇ ਨਾਲ ਹਾਂ। ਉਹ ਕਦੇ ਇਹ ਮਹਿਸੂਸ ਨਹੀਂ ਕਰਦੀ ਕਿ ਮੈਂ ਉਸ ਦੀ ਜ਼ਿੰਦਗੀ ਵਿਚ ਦਖ਼ਲ ਦੇ ਰਹੀ ਹਾਂ ਪਰ ਮੈਂ ਉਸ ਸਾਹਮਣੇ ਦਰਪੇਸ਼ ਸਾਰੀਆਂ ਸਮੱਸਿਆਵਾਂ ਜਿਵੇਂ ਨਸ਼ੀਲੇ ਪਦਾਰਥ, ਸਿਗਰਟਨੋਸ਼ੀ, ਹਮ ਉਮਰ ਦਾ ਦਬਾਅ, ਧੋਖਾਧੜੀ ਬਾਰੇ ਖੁੱਲ੍ਹੇ ਵਿਚਾਰ ਰਖਦੀ ਹਾਂ। ਇਹ ਸੱਭ ਚੀਜ਼ਾਂ ਉਸ ਨੂੰ ਜ਼ਿੰਦਗੀ ਦਾ ਤਰਜਬਾ ਦੇ ਰਹੀਆਂ ਹਨ ਅਤੇ ਮੈਂ ਜਾਣਦੀ ਹਾਂ ਕਿ ਉਸ ਦੀ ਸੰਗਤ ਚੰਗੀ ਹੈ ਅਤੇ ਚੰਗੇ ਬੱਚੇ ਹਮੇਸ਼ਾ ਚੌਕਸ ਰਹਿੰਦੇ ਹਨ। ਮੈਂ ਸਿਰਫ਼ ਪਿਛੇ ਬੈਠ ਕੇ ਇਹ ਆਸ ਨਹੀਂ ਕਰਦੀ ਕਿ ਉਹ ਚੰਗੇ ਦੀ ਚੋਣ ਕਰੇਗੀ ਅਤੇ ਮੈਂ ਹਮੇਸ਼ਾ ਉਸ ਦੇ ਨਾਲ ਨਹੀਂ ਜਾਂਦੀ।

Elite Driving School
Learn to drive with experienced,
caring & friendly instructor
Lessons available in English, Hindi, Punjabi & Urdu
19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।
19 Years Road Experience
15 Hours in Class Room & 10 Hours in Car Package Available
ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.
Gurmail Dhaliwal (Garry)
780-265-6990

2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

Lovely


Sweets & Restaurant
Fine Indian Cusine & Dine in
Cell: 403.690.2102 ❋ Ph: 403.590.5159
1106, 4818 Westwinds Drive, NE Calgary, AB. T3J 3Z5

# ਅਭੀ ਨਾ ਜਾਓ ਛੋੜ ਕਿ ਦਿਲ ਅਭੀ ਭਰ੍ਹਾ ਨਹੀਂ...

ਜੈ ਪ੍ਰਕਾਸ਼ ਚੌਕਸੇ

ਦੇਵ ਆਨੰਦ ਨੇ 23 ਸਾਲ ਦੀ ਉਮਰ ਵਿਚ 'ਹਮ ਏਕ ਹੈ' ਨਾਲ ਆਪਣੀ ਅਦਾਕਾਰੀ ਦੇ ਸਫ਼ਰ ਦੀ ਸ਼ੁਰੂਆਤ ਕੀਤੀ ਤੇ ਅੱਜ ਉਨ੍ਹਾਂ ਦੇ ਅੰਤ ਵੇਲੇ ਭਾਰਤ ਵਿਚ ਸੁਰ ਗੂੰਜ ਰਹੀ ਹੈ 'ਹਮ ਅਨੇਕ ਹੈ' ਅਤੇ ਦੇਸ਼ ਕਈ ਵੰਡਾਂ ਦੀ ਭੂਮਿਕਾ ਰਚ ਰਿਹਾ ਹੈ। ਸਾਰੇ ਅਹਿਮ ਆਗੂਆਂ ਤੇ ਪਾਰਟਆਂ ਦੀ ਆਪਣੀ ਆਪਣੀ ਡਫ਼ਲੀ ਹੈ ਤੇ ਆਪਣਾ ਆਪਣਾ ਰਾਗ । ਇਥੋਂ ਤਕ ਕਿ ਕੁਝ ਲੋਕ ਬੌਣੇਪਨ ਦੇ ਬਰਾਬਰ ਆਪਣਾ ਗੜ੍ਹ ਤੇ ਦੇਸ਼ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਬਣਨਾ ਹੈ, ਭਾਵੇਂ ਵਿਸ਼ਾਲ ਭਾਰਤ ਲਘੂ ਕਿਉਂ ਨਾ ਹੋ ਜਾਵੇ। ਸਿਆਸਤ ਵਿਚ ਇਸ ਸਮੇਂ ਛੋਟਾ ਤੇ ਚਾਲਾਕ ਵਪਾਰ ਚੱਲ ਰਿਹਾ ਹੈ।

ਦੇਵ ਆਨੰਦ ਨੇ ਆਪਣੇ ਜੀਵਨ ਵਿਚ ਸਿਰਫ਼ ਕੁਝ ਮਹੀਨੇ ਸਰਗਰਮ ਸਿਆਸਤ ਵਿਚ ਹਿੱਸਾ ਲਿਆ ਸੀ, ਜਦੋਂ ਨਹਿਰੂ ਜੀ ਦੀ ਮੌਤ ਤੋਂ ਬਾਅਦ ਰਾਜਗੋਪਾਲਚਾਰੀ ਨੇ ਆਜ਼ਾਦ ਸਿਆਸੀ ਦਲ ਦੀ ਸਥਾਪਨਾ ਕੀਤੀ ਸੀ। ਜਲਦੀ ਹੀ ਉਨ੍ਹਾਂ ਦੇ ਸਿਆਸੀ ਵਹਿਮ ਟੁੱਟੇ ਤੇ ਜਿੰਨੀ ਜਲਦੀ ਉਨ੍ਹਾਂ ਨੇ ਪਾਰਟੀ ਨਾਲ ਸਬੰਧ ਜੋੜਿਆ ਸੀ, ਓਨੀ ਹੀ ਜਲਦੀ ਉਹ ਇਸ ਵਿਚੋਂ ਬਾਹਰ ਆ ਗਏ, ਪਰ ਦੇਸ਼ ਵਿਚ ਉਨ੍ਹਾਂ ਦੀ ਰੁਚੀ ਹਮੇਸ਼ਾ ਰਹੀ। ਉਨ੍ਹਾਂ ਨੇ ਮੁੱਲਹੀਣ ਸਿਆਸੀ ਵਾਤਾਵਰਣ ਦੇ ਖ਼ਿਲਾਫ਼ ਆਪਣੀ 'ਚਾਰਜਸ਼ੀਟ' ਵੀ ਪੇਸ਼ ਕੀਤੀ ਅਤੇ ਉਸ ਤੋਂ ਪਹਿਲਾਂ ਉਹ ਇਕ ਫਿਲਮ ਵਿਚ ਪ੍ਰਧਾਨ ਮੰਤਰੀ ਦੀ ਭੂਮਿਕਾ ਵੀ ਕਰ ਚੁੱਕੇ ਸਨ। ਉਹਨਾਂ ਦਾ ਇਹ ਪਾਤਰ ਮਾਫ਼ੀਆ ਤੇ ਦੇਸ਼ ਵਿਰੋਧੀ ਤਾਕਤਾਂ ਨਾਲ ਘਿਰਿਆ ਹੈ ਤੇ ਸਿੱਧਾ ਅਵਾਮ ਨੂੰ ਮੁਖ਼ਾਤਬ ਹੁੰਦਾ ਹੈ। ਦੇਵ ਆਨੰਦ ਅਜਿਹਾ 'ਗਾਈਡ' ਸੀ, ਜੋ ਖੁਦ ਭਟਕ ਗਿਆ ਸੀ ਤੇ ਸੱਚ ਤਾਂ ਇਹ ਹੈ ਕਿ ਉਹਦਾ ਦਾ ਭਟਕਣਾ ਦੇਸ਼ ਦੇ ਦਿਸ਼ਾਹੀਣ ਹੋਣ ਦਾ ਵੀ ਪ੍ਰਤੀਕ ਸੀ। ਇਸ ਮਾਇਨੇ ਵਿਚ ਉਨ੍ਹਾਂ ਦੀ ਮੌਤ ਕੌਮੀ ਸ਼ੋਕ ਹੀ ਮੰਨਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਨਸਲ ਗੁਆਚ ਗਈ ਹੈ।

ਦੇਵ ਆਨੰਦ ਸ਼ਾਇਦ ਉਨ੍ਹਾਂ ਘੱਟ ਫਿਲਮੀ ਲੋਕਾਂ ਵਿਚੋਂ ਇਕ ਸਨ, ਜੋ ਅਖ਼ਬਾਰਾਂ ਨੂੰ ਗੰਭੀਰਤਾ ਨਾਲ ਪੜ੍ਹਦੇ ਸਨ ਤੇ ਉਨ੍ਹਾਂ ਦੀਆਂ ਕਈ ਫਿਲਮਾਂ ਦੀਆਂ ਕਹਾਣੀਆਂ ਉਨ੍ਹਾਂ ਨੇ ਸੁਰਖੀਆਂ ਵਿਚੋਂ ਚੁੱਕੀਆਂ ਜਿਵੇਂ 'ਹਰੇ ਰਾਮਾ ਹਰੇ ਕ੍ਰਿਸ਼ਨਾ', 'ਦੇਸ਼-ਪਰਦੇਸ਼', 'ਸਵਾਮੀ ਦਾਦਾ', 'ਕਾਲਾ ਬਾਜ਼ਾਰ', 'ਸੀ.ਆਈ.ਡੀ.' ਆਦਿ। ਤਮਾਮ ਯਾਤਰਾਵਾਂ ਸਮੇਂ ਦੇਵ ਆਨੰਦ ਅਖ਼ਾਬਰ ਪੜ੍ਹਦੇ ਸਨ ਤੇ ਸੱਚ ਤਾਂ ਇਹ ਹੈ ਕਿ ਦੇਵ ਆਨੰਦ ਜ਼ਿਉਂਦੇ ਵੀ ਇਕ ਅਖ਼ਬਾਰ ਦੇ ਮੁੱਖ ਪੰਨੇ ਵਾਂਗ ਸਨ। ਜਿਵੇਂ ਅਖ਼ਬਾਰ ਦੂਸਰੇ ਦਿਨ ਬਾਸੀ ਹੋ ਜਾਂਦਾ ਹੈ, ਉਵੇਂ ਹੀ ਦੇਵ ਆਨੰਦ ਨੇ ਆਪਣੀਆਂ ਬਣਾਈਆਂ ਫਿਲਮਾਂ ਨੂੰ ਮੁੜ ਨਹੀਂ ਦੇਖਿਆ ਤੇ ਨਾ ਹੀ ਉਨ੍ਹਾਂ ਬਾਰੇ ਸੋਚਿਆ। ਉਨ੍ਹਾਂ ਦੀ ਵਿਚਾਰ ਪ੍ਰਕਿਰਿਆ ਵੀ ਹਮੇਸ਼ਾ ਤਾਜ਼ਾ ਅਖ਼ਬਾਰ ਵਾਂਗ ਰਹੀ। ਉਨ੍ਹਾਂ ਨੇ ਕਦੇ ਤਿੰਨ ਰੁਪਏ ਕਿਲੋ ਵਿਕਣ ਵਾਲੀ ਰੱਦੀ ਦੀ ਫ਼ਿਕਰ ਨਹੀਂ ਕੀਤੀ, ਉਨ੍ਹਾਂ ਜੀਵਨ ਹੰਢਾਇਆ ਤਿੰਨ ਰੁਪਏ ਵਾਲੇ ਤਾਜ਼ੇ ਅਖ਼ਬਾਰ ਵਾਂਗ। ਤਾਜ਼ਗੀ ਪ੍ਰਤੀ ਮੋਹ ਤੋਂ ਹੀ ਉਨ੍ਹਾਂ ਦੀ ਅਸੀਮ ਊਰਜਾ ਵਹਿੰਦੀ ਰਹੀ। ਇਸ ਰਵੱਈਏ ਵਾਂਗ ਹੀ ਦੇਵ ਆਨੰਦ ਦਾ ਧਿਆਨ ਤਾਜ਼ੀ ਖ਼ਬਰ ਨੂੰ ਜਲਦੀ ਪ੍ਰਕਾਸ਼ਤ ਕਰਨ ਵਰਗਾ ਰਿਹਾ ਤੇ ਉਨ੍ਹਾਂ ਦੀਆਂ ਅਖ਼ਬਾਰਾਂ ਵਾਂਗ ਬਣੀਆਂ ਫਿਲਮਾਂ ਵਿਚ ਉਨ੍ਹਾਂ ਨੇ ਕਦੇ ਪਰੂਫ਼ ਦਰੁਸਤ ਕਰਨ ਵਿਚ ਸਮਾਂ ਜ਼ਾਇਆ ਨਹੀਂ ਕੀਤਾ।

ਇਹ ਪੜ੍ਹਨ ਦਾ ਸ਼ੌਕ ਹੀ ਸੀ ਕਿ ਆਰ.ਕੇ. ਨਰਾਇਣ ਦੀ 'ਗਾਈਡ' ਉਨ੍ਹਾਂ ਨੇ ਪੜ੍ਹੀ ਤੇ ਏਨੀ ਸਾਹਸੀ ਗ਼ੈਰ ਰਵਾਇਤੀ ਫਿਲਮ ਦਾ ਨਿਰਮਾਣ ਕੀਤਾ। ਇਹ ਵੀ ਜ਼ਿਕਰਯੋਗ ਹੈ ਕਿ 'ਗਾਈਡ' ਦੇ ਅੰਗਰੇਜ਼ੀ ਅਡੀਸ਼ਨ ਵਿਚ ਉਨ੍ਹਾਂ ਦੀ ਸਹਿਨਿਰਮਾਤਾ ਨੋਬੇਲ ਪੁਰਸਕਾਰ ਜੇਤੂ ਪਰਲ ਐਸ.ਬਕ ਸੀ। ਉਨ੍ਹਾਂ ਦੀ ਆਧੁਨਿਕਤਾ ਉਨ੍ਹਾਂ ਦੇ ਕੱਪੜਿਆਂ ਦੇ ਸਟਾਈਲ ਤਕ ਹੀ ਸੀਮਤ ਨਹੀਂ ਸੀ, ਉਹ ਉਨ੍ਹਾਂ ਦੀ ਵਿਚਾਰ ਸ਼ੈਲੀ ਦਾ ਵੀ ਅਨਿਖੜਵਾਂ ਅੰਗ ਸੀ।

ਫਿਲਮ ਉਦਯੋਗ ਵਿਚ ਫਿਲਮ ਦਾ ਮਹੂਰਤ, ਪ੍ਰੀਮੀਅਰ ਤੇ ਸਿਲਵਰ ਜੁਬਲੀ, ਇਹ ਤਿੰਨੋਂ ਉਤਸਵ ਹੁੰਦੇ ਹਨ। ਦੇਵ ਆਨੰਦ ਦਾ ਜੀਵਨ ਤੇ ਸੋਚ ਦਾ ਪ੍ਰਤੀਕ 'ਪ੍ਰੀਮੀਅਰ' ਹੈ, ਉਨ੍ਹਾਂ ਨੇ ਕਦੇ 'ਮਹੂਰਤ' ਨਹੀਂ ਕੀਤਾ ਤੇ ਨਾ ਹੀ 'ਸਿਲਵਰ ਜੁਬਲੀ' ਮਨਾਈ। ਸਾਰੇ ਫਿਲਮਕਾਰ ਧਾਰਮਕ ਰੀਤਾਂ ਨਾਲ ਮਹੂਰਤ ਕਰਦੇ ਹਨ ਤੇ ਇਤਫ਼ਾਕ ਨਾਲ ਜੇ ਫਿਲਮ ਸਫ਼ਲ ਹੋ ਜਾਵੇ ਤਾਂ ਪੰਜ ਸਿਤਾਰਾ ਹੋਟਲ ਵਿਚ ਸਿਲਵਰ ਜੁਬਲੀ ਦਾ ਉਤਸਵ ਖੁਦ ਦੀ ਖੁਸ਼ੀ ਨਾਲੋਂ ਜ਼ਿਆਦਾ ਵਿਰੋਧੀ ਨੂੰ ਸਾੜਨ



ਲਈ ਕਰਦੇ ਹਨ। ਦੇਵ ਆਨੰਦ ਨੇ ਕਦੇ ਕੋਈ ਧਾਰਮਕ ਰਸਮਾਂ ਨਹੀਂ ਕੀਤੀਆਂ, ਕਦੇ ਕੋਈ ਦਾਅਵਤ ਨਹੀਂ ਦਿੱਤੀ, ਕਿਉਂਕਿ ਉਹ ਹਮੇਸ਼ਾ ਆਪਣੇ ਕੰਮ ਵਿਚ ਮਸਤ ਰਹਿੰਦੇ ਸਨ ਤੇ ਸ਼ੋਸ਼ੇਬਾਜ਼ੀ ਤੋਂ ਦੂਰ ਰਹਿਣ ਵਾਲੇ ਵਿਅਕਤੀ ਸਨ।

ਦੇਵ ਆਨੰਦ ਦੀ ਮਾਂ ਨੇ ਆਪਣੇ ਵੱਡੇ ਪੁੱਤਰ ਚੇਤਨ ਆਨੰਦ ਨੂੰ ਕੁਝ ਸਾਲਾਂ ਲਈ ਕਾਂਗੜੀ ਗੁਰੂਕੁਲ ਭੇਜਿਆ ਸੀ, ਕਿਉਂਕਿ ਉਨ੍ਹਾਂ ਨੂੰ ਲਗਦਾ ਸੀ ਕਿ ਉਨ੍ਹਾਂ ਦੇ ਪਤੀ ਦੀ ਆਧੁਨਿਕਤਾ ਬੱਚਿਆਂ ਨੂੰ ਵਿਗਾੜ ਰਹੀ ਹੈ। ਦੇਵ ਆਨੰਦ ਨੇ ਅੰਗਰੇਜ਼ੀ ਸਾਹਿਤ ਵਿਚ ਡਿਗਰੀ ਪ੍ਰਾਪਤ ਕੀਤੀ ਤੇ ਖੁਦ ਨੂੰ ਕਿਸੇ ਵੀ ਗੁਰੂਕੁਲ ਵਿਚ ਭੇਜੇ ਜਾਣ ਦਾ ਵਿਰੋਧ ਕੀਤਾ। ਦਰਅਸਲ ਦੇਵ ਆਨੰਦ ਦਾ ਆਧੁਨਿਕਤਾ ਪ੍ਰਤੀ ਅਜਿਹਾ ਰੁਝਾਨ ਸੀ ਕਿ ਜੀਵਨ ਵਿਚ ਸਿਰਫ਼ ਇਕ ਵਾਰ ਦੱਖਣ ਭਾਰਤ ਵਿਚ ਬਣੀ 'ਇਨਸਾਨੀਅਤ' ਵਿਚ ਉਨ੍ਹਾਂ ਨੇ ਪੇਂਡੂ ਨੌਜਵਾਨ ਦੀ ਭੂਮਿਕਾ ਕੀਤੀ ਅਤੇ ਉਮਰ ਭਰ ਮਹਾਂਨਗਰ ਦੇ ਨੌਜਵਾਨ ਦੀਆਂ ਭੂਮਿਕਾਵਾਂ ਕੀਤੀਆਂ। ਇਸ ਆਧੁਨਿਕਤਾ ਦੇ ਨਿਰਵਾਹ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਸ੍ਰੇਸ਼ਠ ਫਿਲਮ 'ਗਾਈਡ' ਦੇ ਆਖ਼ਰੀ ਹਿੱਸੇ ਵਿਚ ਸਵਾਮੀ ਦੀ ਭੂਮਿਕਾ ਨੂੰ ਪੂਰੀ ਭਰੋਸੇਯੋਗਤਾ ਨਾਲ ਪੇਸ਼ ਕੀਤਾ। ਪੇਂਡੂ ਸ਼ਰਧਾਲੂ ਉਨ੍ਹਾਂ ਨੂੰ ਜਬਰੀ ਸਵਾਮੀ ਮੰਨ ਲੈਂਦੇ ਹਨ ਤੇ ਇਸ ਅਣਇਛੁੱਕ ਸ਼ੱਕ ਗ੍ਰਸਤ ਸਵਾਮੀ ਦੀ ਭੂਮਿਕਾ ਕਰਨਾ ਦੇਵ ਆਨੰਦ ਦੇ ਆਪਣੇ ਜੀਵਨ ਵਿਚ ਸ਼ੱਕ ਦੀ ਸਥਿਤੀ 'ਚੋਂ ਉਭਰਨ ਦੀ ਪ੍ਰਕਿਰਿਆ ਦਾ ਹਿੱਸਾ ਸੀ।

ਦੇਵ ਆਨੰਦ ਅਭਿਨੇਤਾ ਬਣਨ ਦੀ ਇੱਛਾ ਨਾਲ ਮੁੰਬਈ ਵਿਚ ਦਾਖ਼ਲ ਹੋਏ ਤੇ ਉਨ੍ਹਾਂ ਦੀ ਪਹਿਲੀ ਤੇ ਆਖ਼ਰੀ ਨੌਕਰੀ ਫੌਜੀਆਂ ਵਲੋਂ ਆਪਣੇ ਪਰਿਵਾਰਾਂ ਨੂੰ ਲਿਖੇ ਪੱਤਰਾਂ ਨੂੰ ਸੈਂਸਰ ਕਰਨ ਦੀ ਸੀ। ਉਨ੍ਹਾਂ ਨੇ ਖ਼ਤ ਪੜ੍ਹੇ ਤੇ ਕੁਝ ਇਬਾਰਤਾਂ ਮਨ ਵਿਚ ਲਿਖੀਆਂ ਰਹੀਆਂ, ਜਿਨ੍ਹਾਂ ਨੂੰ ਜ਼ਾਹਰ ਕਰਨ ਲਈ ਉਨ੍ਹਾਂ ਨੇ 'ਹਮ ਦੋਨੋਂ' ਬਣਾਈ, ਜਿਸ ਵਿਚ ਸਾਹਿਰ ਨੇ ਉਨ੍ਹਾਂ ਲਈ ਗੀਤ ਲਿਖਿਆ- 'ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਿਆ, ਹਰ ਫ਼ਿਕਰ ਕੋ ਧੂੰਏਂ ਮੇਂ ਉੜਾਤਾ ਚਲਾ ਗਿਆ।' ਇਹੀ ਮੁਖੜਾ ਉਨ੍ਹਾਂ ਦਾ ਜੀਵਨ ਗੀਤ ਬਣ ਗਿਆ।

ਦੁਨੀਆ ਦੇ ਕਈ ਦੇਸ਼ਾਂ ਵਿਚ ਟੈਕਨਾਲੋਜੀ ਦੇ ਵਿਕਾਸ ਕਾਰਨ ਅਖ਼ਬਾਰਾਂ ਦਾ ਪ੍ਰਕਾਸ਼ਨ ਬੰਦ ਜਿਹਾ ਹੋ ਰਿਹਾ ਹੈ। ਕਈ ਪੁਰਾਣੇ ਸਥਾਪਤ ਅਖ਼ਬਾਰ ਸਿਰਫ਼ ਹਫ਼ਤਾਵਾਰੀ ਬਣ ਕੇ ਰਹਿ ਗਏ ਹਨ, ਕੁਝ ਇੰਟਰਨੈਟ 'ਤੇ ਉਪਲਬਧ ਹਨ। ਭਾਰਤ ਵਿਚ ਹਾਲੇ ਇਸ ਤਰ੍ਹਾਂ ਦਾ ਸਮਾਂ ਨਹੀਂ ਆਇਆ ਹੈ, ਪਰ ਪਹਿਲਾਂ ਹੀ ਅਨੁਮਾਨ ਲਾਉਣ ਦੇ ਯੋਗ ਦੇਵ ਆਨੰਦ ਨਾਮਕ ਅਖ਼ਬਾਰ ਦਾ ਆਖ਼ਰੀ ਅੰਕ ਪ੍ਰਕਾਸ਼ਤ ਹੋ ਚੁੱਕਾ ਹੈ। ਦੇਵ ਆਨੰਦ ਨਾਮ ਦੀ ਸਦਾਬਹਾਰ ਅਦਾ ਸਾਡੀ ਯਾਦ ਵਿਚ ਹਮੇਸ਼ਾ ਕਾਇਮ ਰਹੇਗੀ। ਇਹ ਕਸਕ ਵੀ ਪ੍ਰਸ਼ੰਸਕਾਂ ਵਿਚ ਰਹੇਗੀ ਕਿ 'ਅਭੀ ਨਾ ਜਾਓ ਛੋੜਕਰ ਕਿ ਦਿਲ ਅਭੀ ਭਰਾ ਨਹੀਂ




All Vehicles Certified & Carproof Verified
MILLWOODS SUZUKI
PRE-OWNED SUPER CENTER
2010 SUZUKI GRAND VITARA
#1179-0. Factory Warranty
FROM $19,888
or $139 b/w
2010 FORD EXPLORER EDDIE BAUER AWD
Only 48,000 kms, black, 7 passenger
$26,888
or $182 b/w
2007 NISSAN MURANO SL AWD
#112004-0. Fully loaded
$22,888
or $174 b/w
2008 MERCEDES ML-350 AWD/NAV
#11913-0. Loaded
$39,888
or $279 b/w
SHOP 24/7 @ www.millwoodssuzuki.com
over 500 vehicles to choose from
2007 TOYOTA TUNDRA
#11T134-1. Only 35,000 kms
$16,888
or $125 b/w
2010 FORD FUSION SE
#12002-0. Loaded
$17,888
or $150 b/w
2009 NISSAN FRONTIER XE KING CAB
#11C043-1. Loaded, 5 speed, canopy
$14,888
or $116 b/w
2011 TOYOTA CAMRY LE
#12036-0. Loaded
$18,888
2011 SUZUKI SX4 JX-AWD
3 TO CHOOSE
#11944-0. Loaded
$20,888
or $145 b/w
2010 NISSAN SENTRA
#11985-0. Loaded
$14,888
or $116 b/w
2010 TOYOTA COROLLA CE
#12021-0. Loaded
$15,888
or $103 b/w
2008 MERCEDES C-300 AWD
#11914-0. Luxury Sedan, Photos Online
$30,888
or $239 b/w
2007 MAZDA 5, 6 PASS. H/B
#11T117-1. Only 68,000 kms
$11,888
or $90 b/w
2010 SUZUKI SX4
#11844-0.
$12,888
or $97 b/w
2010 HYUNDAI ACCENT GLS
#11928-0. Loaded
$12,888
or $97 b/w
2008 DODGE GRAND CARAVAN
#12030. NAV w/DVD, Swivel 'n' Go
$17,888
or $150 b/w
Apply @ MWSCREDIT.CA
Your guaranteed approval!!
780-450-4500
BBB ACCREDITED BUSINESS
FIGHT CARFORMITY
Alberta Motor Vehicle Industry Council
34th AVE AUTO ROW | 3403-93 ST.
SPECIAL TOLL FREE 1-866-897-4500
All payments include taxes and fees on longest possible term available with $2000 down O.A.C.
Jessy Parihar
Nand Bhasin
Vijay Soni


NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph. : (780)-708-1436, Fax : (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ


Moga Painting Company
Serving Since 1985
Experts in Interior & Exterior Paint
Residential & Commercial
> Excellent Colour Matching
> Guaranteed Work
> Reasonable Rates
Office Painting, Spray Painting, Staircase Railing, Stain & Varnish
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For Free ESTIMATES Call SURJIT
Edmonton (780) 934-3535 Winnipeg (204) 979-7070


Residential | Commercial | Investment Properties
Home Life/United Realty Inc. Brokerage
Independently Owned & Operated.
Higher Standards Agents... Higher Results™
Cell: 647 818 6880
Bus: 905 672 1234
Fax : 905 672 0672
hpshundal@gmail.com
ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ
Sales Representative
Harinder Hundal
M.Sc. Eco, M.B.A
MLS MULTIPLE LISTING SERVICE
REALTOR
50 Sunny Vale Gate, Unit # 7, Brampton, ON L6S 0C4


ਮੁਲਾਕਾਤ Productions
ਟੀ. ਵੀ ਪ੍ਰੋਗਰਾਮ ਮੁਲਾਕਾਤ
Aired on VISION TV
1:00 pm to 1:30 pm
(Alberta Time / Every Saturday)
Charanjit Brar
Producer & Host
Ph: 647 300 8436
cbrar@rogers.com

## ਛੈਣੀਂ ਵਰਗੀ ਅਵਾਜ਼ ਦਾ ਮਾਲਕ

# ਬਾਈ ਕੁਲਦੀਪ ਮਾਣਕ



ਸ਼ਿਵਚਰਨ ਜੱਗੀ ਕੁੱਸਾ
jaggikussa65@gmail.com

ਸ਼ਾਇਦ ਕਿਸੇ ਨੂੰ ਨਾ ਪਤਾ ਹੋਵੇ, ਦੱਸ ਦੇਵਾਂ ਕਿ ਬਾਈ ਕੁਲਦੀਪ ਮਾਣਕ ਦਾ ਬਚਪਨ ਦਾ ਨਾਂ 'ਲਤੀਫ਼ ਮੁਹੰਮਦ' ਸੀ! 15 ਨਵੰਬਰ 1949 ਨੂੰ ਪਿੰਡ ਜਲਾਲ, ਜਿਲ੍ਹਾ ਬਠਿੰਡਾ ਪਿਤਾ ਨਿੱਕਾ ਖ਼ਾਨ ਦੇ ਘਰ ਜਨਮੇ ਕੁਲਦੀਪ ਮਾਣਕ ਨੇ ਜ਼ਿੰਦਗੀ ਦੇ ਬੜੇ ਕੌੜੇ ਅਤੇ ਮਿੱਠੇ ਤਜ਼ਰਬੇ ਆਪਣੇ ਸਰੀਰ 'ਤੇ ਹੰਢਾਏ! ਉਸ ਦੇ ਦੋ ਭਰਾ ਸਦੀਕੀ ਅਤੇ ਰਫ਼ੀਕ ਵੀ ਉਸ ਦੇ ਜੱਦੀ ਪਿੰਡ ਜਲਾਲ ਵਿਚ ਹੀ ਰਹਿੰਦੇ ਹਨ। ਉਸ ਨਾਲ਼ "ਇੱਕ ਨੱਢੀ ਸ਼ਹਿਰ ਭੰਬੋਰ ਦੀ" ਹਿੱਕ ਦੇ ਜੋਰ 'ਤੇ ਗਾਉਣ ਵਾਲ਼ਾ ਕੇਵਲ ਜਲਾਲ ਉਸ ਦਾ ਭਤੀਜਾ ਹੈ! ਮਾਣਕ ਦੇ ਵੱਡ-ਵਡੇਰੇ ਮਹਾਰਾਜਾ ਹੀਰਾ ਸਿੰਘ ਨਾਭਾ ਦੇ ਹਜ਼ੂਰੀ ਰਾਗੀ ਸਨ, ਇਸ ਲਈ ਮਾਣਕ ਨੂੰ ਗਾਉਣ ਦੀ ਗੁੜ੍ਹਤੀ ਪੁਰਖ਼ਿਆਂ ਕੋਲੋਂ ਹੀ ਨਸੀਬ ਹੋ ਗਈ ਸੀ, ਪਰ ਗਾਇਨ ਅਤੇ ਸੰਗੀਤ ਦੇ ਰਹਿੰਦੇ 'ਗੁਰ' ਉਸ ਨੇ ਆਪਣੇ ਉਸਤਾਦ ਖ਼ੁਸ਼ੀ ਮੁਹੰਮਦ ਕਵਾਲ ਕੋਲੋਂ ਗ੍ਰਹਿਣ ਕੀਤੇ। ਸੋਲ਼ਾਂ ਸਾਲ ਦੀ ਚੜ੍ਹਦੀ ਉਮਰ ਵਿਚ ਹੀ ਉਸ ਨੇ ਗਾਉਣਾ ਸ਼ੁਰੂ ਕਰ ਦਿੱਤਾ ਸੀ। ਸਕੂਲ ਦੇ ਮਾਸਟਰ ਉਸ ਕੋਲ਼ੋਂ ਸਕੂਲ ਵਿਚ ਵੀ ਗੀਤ ਸੁਣਦੇ ਰਹਿੰਦੇ। ਮਰਹੂਮ ਹਰਚਰਨ ਗਰੇਵਾਲ਼ ਨਾਲ ਵੀ ਉਹ ਕਾਫ਼ੀ ਸਮਾਂ ਸਟੇਜ਼ਾਂ 'ਤੇ ਜਾਂਦਾ ਰਿਹਾ ਅਤੇ ਗਾਇਕਾ ਸੀਮਾਂ ਨਾਲ ਉਸ ਨੇ ਦੋਗਾਣਾ ਗਾਇਕੀ ਦੀ ਸ਼ੁਰੂਆਤ ਕੀਤੀ। ਸਰਬਜੀਤ ਨਾ਼ਲ ਸ਼ਾਦੀ ਕਰਨ ਉਪਰੰਤ ਮਾਣਕ ਦੇ ਦੋ ਬੱਚੇ ਹੋਏ, ਬੇਟੀ ਸ਼ਕਤੀ ਅਤੇ ਪੁੱਤਰ ਯੁੱਧਵੀਰ! ਦੋਨੋਂ ਹੀ ਵਿਆਹੇ ਵਰੇ ਅਤੇ ਰੰਗੀਂ ਵਸਦੇ ਹਨ! ਮਾਣਕ ਦਾ ਸਭ ਤੋਂ ਪਹਿਲਾ ਗੀਤ ਸੀਮਾਂ ਨਾ਼ਲ "ਜੀਜਾ ਅੱਖੀਆਂ ਨਾ ਮਾਰ ਵੇ ਮੈਂ ਕੱਲ੍ਹ ਦੀ ਕੁੜੀ" ਦਿੱਲੀ ਦੀ ਕਿਸੇ ਕੰਪਨੀ ਨੇ ਰਿਕਾਰਡ ਕੀਤਾ, ਜੋ ਸ. ਬਾਬੂ ਸਿੰਘ ਮਾਨ ਮਰਾੜਾਂ ਵਾ਼ਲੇ ਦਾ ਲਿਖਿਆ ਹੋਇਆ ਸੀ। ਉਸ ਤੋਂ ਬਾਅਦ ਉਸ ਨੇ ਮਰਹੂਮ ਗੁਰਦੇਵ ਸਿੰਘ ਮਾਨ ਦੇ ਲਿਖੇ ਗੀਤ ਵੀ ਗਾਏ।

ਕੱਦ ਪੱਖੋਂ ਪੰਜ ਕੁ ਫ਼ੁੱਟ ਦਾ ਬਾਈ ਕੁਲਦੀਪ ਮਾਣਕ ਜਦ ਬਾਬਾ ਬੰਦਾ ਬਹਾਦਰ ਦੀ 'ਵਾਰ' ਗਾਉਂਦਾ ਤਾਂ ਦੇਖਣ ਵਾ਼ਲੇ ਸ਼ਾਹਦੀ ਭਰ ਸਕਦੇ ਹਨ ਕਿ ਉਹ ਮਾਈਕਰੋਫ਼ੋਨ ਤੋਂ ਪੰਜ ਗਜ ਪਿੱਛੇ ਹਟ ਕੇ ਹੇਕ ਲਾਉਂਦਾ, ਪੂਰੇ ਤਾਅ ਨਾ਼ਲ ਮੁੜ ਮਾਈਕ ਵੱਲ ਨੂੰ ਆਉਂਦਾ, ਸੁਣਨ ਵਾ਼ਲੇ ਨੂੰ ਮੁੜ੍ਹਕਾ ਲਿਆ ਦਿੰਦਾ ਹੈ! ਪਰ ਉਸ ਦੀ ਅਵਾਜ਼ ਦੀ ਰਵਾਨਗੀ ਅਤੇ ਲੈਅ ਵਿਚ ਭੋਰਾ ਫ਼ਰਕ ਨਹੀਂ ਪੈਂਦਾ! ਉਸ ਦੀ ਮਿੱਠੀ ਅਵਾਜ਼ ਪੰਜਾਬ ਦੇ ਪੰਜਾਂ ਪਾਣੀਆਂ ਵਿਚ ਮਿਸ਼ਰੀ ਤਾਂ ਘੋਲਦੀ ਹੀ ਹੈ, ਪਰ ਨਾ਼ਲ ਦੀ ਨਾ਼ਲ ਇਹ ਗੜ੍ਹਕਦੀ ਅਵਾਜ਼ ਮੁਰਦੇ ਵਿਚ ਜਾਨ ਪਾਉਣ ਦੀ ਸਮਰੱਥਾ ਵੀ ਰੱਖਦੀ ਹੈ! ਇਸ ਲਈ ਜਦ ਉਹ ਬਾਬਾ ਬੰਦਾ ਬਹਾਦਰ ਦੀ ਵਾਰ "ਲੈ ਕੇ ਕਲਗੀਧਰ ਤੋਂ ਥਾਪੜਾ" ਜਾਂ ਸ਼ਹੀਦ ਊਧਮ ਸਿੰਘ ਦੀ ਵਾਰ, "ਅੱਗ ਲਾ ਕੇ ਫ਼ੂਕਦੂੰ ਲੰਡਨ ਸ਼ਹਿਰ ਨੂੰ" ਗਾਉਂਦਾ ਤਾਂ ਬੰਦੇ ਦਾ ਖ਼ੂਨ ਖੌਲਣ ਲੱਗ ਜਾਂਦਾ ! ...ਤੇ ਜਦ ਉਹ "ਨੀ ਪੁੱਤ ਜੱਟਾਂ ਦਾ ਹ਼ਲ ਵਾਹੁੰਦਾ ਵੱਡੇ ਤੜਕੇ ਦਾ" ਜਾਂ "ਤੇਰੀ ਆਂ ਮੈਂ ਤੇਰੀ ਰਾਂਝਾ" ਗਾਉਂਦਾ ਤਾਂ ਸੁਣਨ ਵਾ਼ਲਾ ਹੀਰ-ਰਾਂਝਾ ਦੇ ਵਹਿਣਾਂ ਵਿਚ ਵਹਿ ਜਾਂਦਾ! ਜਦ ਤੋਂ ਉਸ ਨੇ ਗਾਉਣਾ ਸ਼ੁਰੂ ਕੀਤਾ, ਨਦੀ ਦੇ ਪਾਣੀ ਵਾਂਗ ਉਹ ਇੱਕੋ ਵਹਾਅ ਵਿਚ ਹੀ ਤੁਰਿਆ ਆਇਆ। ਅੱਜ ਦਾ ਯੁੱਗ ਤਾਂ ਸਕੂਟਰਾਂ, ਕਾਰਾਂ ਅਤੇ ਮੋਟਰ ਸਾਈਕਲਾਂ ਦਾ ਯੁੱਗ ਹੈ। ਪਰ ਅੱਜ ਤੋਂ ਤੀਹ-ਪੈਂਤੀ ਸਾਲ ਪਹਿਲਾਂ ਲੋਕ ਵੀਹ-ਵੀਹ ਕੋਹ ਤੁਰ ਕੇ ਵੀ ਉਸ ਦਾ ਅਖਾੜਾ ਸੁਣਨ ਲਈ ਵਹੀਰਾਂ ਘੱਤ ਕੇ ਆਉਂਦੇ ਸਨ! ਇਹ ਮਾਣਕ ਦੀ 'ਚੜ੍ਹਤ' ਦਾ ਸਮਾਂ ਸੀ ਅਤੇ ਉਸ ਨੂੰ ਸੁਣਨ ਦੇ ਸ਼ੌਕੀਨ ਲੋਕ ਉਸ ਕੋ਼ਲੋਂ ਪੁੱਛ ਕੇ ਵਿਆਹ ਦੀ ਤਾਰੀਖ਼ ਮੁਕੱਰਰ ਕਰਦੇ ਸਨ, ਕਿਉਂਕਿ ਇਕ-ਇਕ ਦਿਨ ਵਿਚ ਮਾਣਕ ਤਿੰਨ-ਤਿੰਨ ਅਖਾੜੇ ਵੀ ਲਾਉਣ ਜਾਂਦਾ ਸੀ।

ਮੈਨੂੰ ਅਜੇ ਵੀ ਯਾਦ ਹੈ, ਜਦ ਮੈਂ ਤਖ਼ਤੂਪੁਰਾ ਦੇ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਦਾ ਸੀ, ਉਦੋਂ ਕਿਤੇ ਬਾਈ ਮਾਣਕ ਦਾ ਅਖਾੜਾ ਲੱਗਣਾ ਹੁੰਦਾ ਤਾਂ ਸਾਡੇ ਪੀ. ਟੀ. ਮਾਸਟਰ ਸਾਨੂੰ ਇਕ ਦਿਨ ਪਹਿਲਾਂ ਹੀ ਕਲਾਸ ਵਿਚ ਖੜ੍ਹਾ ਕਰ ਲੈਂਦੇ ਅਤੇ ਆਖਦੇ, "ਕੱਲ੍ਹ ਨੂੰ ਫ਼ਲਾਣੇ ਪਿੰਡ ਮਾਣਕ ਦਾ 'ਖਾੜਾ ਲੱਗਣੈਂ ਬਈ, ਜਿੰਨ੍ਹਾਂ ਜਿੰਨ੍ਹਾਂ ਨੇ ਕੱਲ੍ਹ ਨੂੰ ਸਕੂਲ ਨਹੀਂ ਆਉਣਾ, ਉਹ ਹੱਥ ਖੜ੍ਹੇ ਕਰ ਕੇ ਅੱਜ ਈ ਕੁੱਟ ਖਾ ਲਵੋ..!" ਅਸਲ ਵਿਚ ਉਸ ਦਿਨ ਸਾਡੇ ਪੀ. ਟੀ. ਮਾਸਟਰ ਸਾਹਿਬ ਨੇ ਵੀ ਸਕੂਲ ਨਹੀਂ ਆਉਣਾ ਹੁੰਦਾ ਸੀ। ਨਾ ਤਾਂ ਉਹ ਸਾਡੇ ਪੀ. ਟੀ. ਮਾਸਟਰ ਸਾਨੂੰ ਕੁੱਟਦੇ, ਪਰ ਸ਼ੁਗਲ ਜਿਹਾ ਜ਼ਰੂਰ ਕਰ ਲੈਂਦੇ। ਉਹ ਵੀ ਕੁਲਦੀਪ ਮਾਣਕ ਦੇ ਬੜੇ ਤਕੜੇ ਪ੍ਰਸ਼ੰਸਕ ਸਨ। ਉਸ ਦੇ ਨਾਂ ਨਾ਼ਲ 'ਮਾਣਕ' ਤਖ਼ੱਲਸ ਜੁੜਨਾ ਵੀ ਇਕ ਮਹਿਜ਼ ਇਤਫ਼ਾਕ ਹੀ ਸੀ। ਕਿਸੇ ਵਿਆਹ 'ਤੇ ਮਾਣਕ ਨੇ ਸਿਹਰਾ ਗਾਇਆ। ਇੱਤਫ਼ਾਕਨ ਉਸ ਵਿਚ ਵਿਚ ਉਸ ਸਮੇਂ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਵੀ ਪਧਾਰੇ ਹੋਏ ਸਨ। ਉਹਨਾਂ ਮਾਣਕ ਦੇ ਮੂੰਹੋਂ ਗਾਇਆ ਸਿਹਰਾ ਸੁਣ ਕੇ ਆਖਿਆ, "ਇਹ ਮੁੰਡਾ ਤਾਂ ਮਾਣਕ ਐ, ਮਾਣਕ!" ਤੇ ਬੱਸ ਉਥੋਂ ਉਸ ਦੇ ਨਾਂ ਨਾ਼ਲ 'ਮਾਣਕ' ਹਮੇਸ਼ਾ ਤੌਰ 'ਤੇ ਜੁੜ ਗਿਆ।

ਕਿਸੇ ਨੇ ਉਸ ਦੀ ਸ਼ਾਨ ਵਿਚ ਇਹ ਲਫ਼ਜ਼ ਬੜੇ ਸੋਹਣੇ ਕਹੇ ਹਨ, ਉਚੀ ਅਵਾਜ਼, ਪੰਚਮ ਦੀਆਂ ਹੱਦਾਂ ਤੋਂ ਪਾਰ, ਪੰਜਾਂ ਪਾਣੀਆਂ ਵਿਚ ਮਿਸ਼ਰੀ ਵਾਂਗ ਘੁ਼ਲ ਜਾਣ ਵਾ਼ਲੀ, ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਉਪਰ ਉਠਦੀ, ਸੱਤਾਂ ਸਮੁੰਦਰਾਂ ਦੀ ਪ੍ਰਕਰਮਾਂ ਕਰਦੀ, ਕੁਲ ਦੁਨੀਆਂ 'ਚ ਵਸਦੇ ਪੰਜਾਬੀਆਂ ਦੇ ਦਿਲਾਂ 'ਚ ਧੂਹ ਪਾਉਂਦੀ, ਉਹਨਾਂ ਦੇ ਜਜ਼ਬਿਆਂ ਦੀ ਤਰਜ਼ਮਾਨੀ ਕਰਦੀ ਅਵਾਜ਼, ਪੰਜਾਬੀ ਲੋਕ-ਗਾਇਕੀ ਵਿਚ ਸਿਰਫ਼ ਇੱਕੋ ਹੀ ਨਾਮ ਹੈ, ਕੁਲਦੀਪ ਮਾਣਕ! ਬਹੁਤ ਲੋਕ ਕਹਿੰਦੇ ਸੁਣੇ ਗਏ ਨੇ ਕਿ ਕੁਲਦੀਪ ਮਾਣਕ 'ਅੜਬ' ਹੈ। ਪਰ ਸਾਡੀ ਪੁਰਾਣੀ ਯਾਰੀ ਹੈ। ਮੈਂ ਕਦੇ ਵੀ ਮਾਣਕ ਦੀ ਕੋਈ ਅੜਬਾਈ ਨਹੀਂ ਦੇਖੀ। ਉਹ ਮੈਨੂੰ ਹਮੇਸ਼ਾ ਹੀ ਵੱਡੇ ਭਰਾਵਾਂ ਵਾਂਗ ਮਿ਼ਲਿਆ ਅਤੇ ਬੜਾ ਪ੍ਰੇਮ ਦਿੱਤਾ ਹੈ। ਹਾਂ, ਮਾਣਕ ਅੜਬ ਹੈ! ਪਰ ਮਾਣਕ ਅੜਬ ਉਥੇ ਹੈ, ਜਿੱਥੇ ਕਿਸੇ ਦਾ ਬਿਲਕੁਲ ਹੀ 'ਸਰਦਾ' ਨਹੀਂ! ਇਕ ਵਾਰ ਮਾਣਕ ਕਿਸੇ ਸਟੇਜ਼ ਤੋਂ ਗਾ ਰਿਹਾ ਸੀ, "ਅੱਖਾਂ ਮੂਹਰੇ ਦੀਂਹਦਾ ਰਹਿੰਦਾ ਹੈ ਰੜਕਦਾ, ਛੱਡੀਏ ਨਾ ਵੈਰੀ ਨੂੰ..!" ਕਿਸੇ ਨੇ ਸਟੇਜ਼ ਵੱਲ ਨੂੰ ਭਾਨ ਚਲਾ ਕੇ ਮਾਰੀ ਅਤੇ ਮਾਣਕ ਦੇ ਨਾ਼ਲ ਸਟੇਜ਼ 'ਤੇ ਖੜ੍ਹੇ ਮਾਣਕ ਦੇ ਸ਼ਾਗਿਰਦ ਪ੍ਰੀਤਮ ਬਰਾੜ ਦੇ ਵੱਜੀ, ਤਾਂ ਮਾਣਕ ਪੈਂਦੀ ਸੱਟੇ ਆਖਣ ਲੱਗਿਆ, "ਭਾਨ ਉਹ ਸਿੱਟਦਾ ਹੁੰਦੈ, ਜੀਹਦੀ ਘਰੇ ਨਾ ਚੱਲਦੀ ਹੋਵੇ..!" ਇਕ ਵਾਰ ਕੋਈ ਉਜੱਡ ਬੰਦਾ ਗਾਉਣ ਵਾ਼ਲੀ ਵੱਲ ਦੇਖ ਕੇ ਹਿੱਕ 'ਤੇ ਹੱਥ ਰੱਖ ਕੇ ਇਸ਼ਾਰੇ ਜਿਹੇ ਕਰਨ ਲੱਗ ਪਿਆ। ਮਾਣਕ ਉਸ ਸੱਜਣ ਨੂੰ ਦੇਖ ਕੇ ਕਹਿੰਦਾ, "ਇਕ ਬਾਈ ਸਾਡੇ ਸਾਹਮਣੇ ਬੈਠੈ..! ਲਾ਼ਲਾਂ ਸਿੱਟ-ਸਿੱਟ ਕੇ ਪਤੰਦਰ ਨੇ ਝੱਗਾ ਗਿੱਲਾ ਕਰ ਲਿਆ..! ਉਹਨੂੰ ਬਾਈ ਨੂੰ ਮੈਂ ਬੇਨਤੀ ਕਰਦੈਂ ਬਈ ਕਾਹਨੂੰ ਲੀੜੇ ਪਾੜ ਪਾੜ ਸਿੱਟੀ ਜਾਨੈਂ..? ਨਾ ਤਾਂ ਤੇਰੇ ਸੁਪਨੇ 'ਚ ਮੈਂ ਆਵਾਂ, ਤੇ ਨਾਂ ਮੈਂ ਈ ਆਵਾਂ।" ਤੇ ਫ਼ੇਰ ਢੋਲਕੀ ਵਾ਼ਲੇ ਵੱਲ ਹੱਥ ਕਰਕੇ ਕਹਿੰਦਾ, "ਐਹਨੇ ਆ ਜਿਆ ਕਰਨੈਂ, ਦੇਖ ਲੈ ਇਹਦਾ ਬੁੱਲ੍ਹ ਕਿਹੋ ਜਿਐ..!" ਅਤੇ ਇਕ ਵਾਰ ਕਿਸੇ ਅਖਾੜੇ ਵਿਚ ਕੋਈ ਦਾਰੂ ਨਾ਼ਲ ਰੱਜਿਆ ਬਾਈ ਗਾਉਣ ਵਾ਼ਲੀ ਦੇ ਰੋੜੀਆਂ ਮਾਰਨ ਲੱਗ ਪਿਆ। ਇਹ ਗੱਲ ਮਾਣਕ ਦੇ ਬਰਦਾਸ਼ਤ ਕਰਨ ਤੋਂ ਬਿਲਕੁਲ ਬਾਹਰ ਸੀ। ਮਾਣਕ ਗਾਉਣ ਵਾ਼ਲੀ ਬੀਬੀ ਨੂੰ ਰੋਕ ਕੇ ਮਾਈਕ 'ਤੇ ਆ ਕੇ ਤੁਰੰਤ ਗੁੱਸੇ ਵਿਚ ਬੋਲਿਆ, "ਇਕ ਬਾਈ ਸਾਡੇ ਸਾਹਮਣੇ ਬੈਠ ਕੇ ਗਾਉਣ ਆ਼ਲੀ ਬੀਬੀ ਦੇ ਡ਼ਲੀਆਂ ਮਾਰੀ ਜਾਂਦੈ, ਮੈਂ ਉਹਨੂੰ ਬਾਈ ਨੂੰ ਪੁੱਛਣਾ ਚਾਹੁੰਨੈਂ, ਬਈ ਪਤੰਦਰਾ, ਜੇ ਤੈਥੋਂ ਘਰੇ 'ਕੱਖ' ਨ੍ਹੀ ਹੁੰਦਾ, ਤਾਂ ਐਥੇ ਕਾਹਨੂੰ ਆਫ਼ਰਿਆ ਫ਼ਿਰਦੈਂ..?" ਤੇ ਰੋੜੀਆਂ ਮਾਰਨ ਵਾ਼ਲੇ ਸੱਜਣ ਨੂੰ ਭੱਜਣ ਨੂੰ ਕਿਤੇ ਰਾਹ ਨਾ ਲੱਭੇ! ਇਕ ਵਾਰ ਡੁਬਈ ਵਿਚ ਮਾਣਕ ਸਟੇਜ਼ 'ਤੇ ਗਾ ਰਿਹਾ ਸੀ, "ਕੋਠੇ 'ਤੇ ਗਿਲਾਸੀ ਤੇ, ਆਏ ਦੀਆਂ ਲੱਖ ਖ਼ੁਸ਼ੀਆਂ ਵੇ ਤੁਰ ਗਏ ਦੀ ਉਦਾਸੀ ਏ..!" ਇਕ ਸ਼ਰਾਬੀ ਲਗਾਤਾਰ ਚੀਕਾਂ ਮਾਰਨੋਂ ਨਾ ਹਟੇ। ਮਾਣਕ ਨੇ ਬਹੁਤ ਰੋਕਿਆ, ਪਰ ਉਹ ਚੀਕਾਂ ਅਤੇ ਕਿਲਕਾਰੀਆਂ ਜਿਹੀਆਂ ਮਾਰਨੋਂ ਬਾਜ਼ ਨਾ ਆਇਆ, ਤਾਂ ਅੱਕ ਕੇ ਮਾਣਕ ਆਖਣ ਲੱਗਿਆ, "ਕਿਉਂ ਤਿੰਘੀ ਜਾਨੈਂ..? ਤਿੰਘਦੇ ਦਾ ਤੇਰਾ ਥੱਲੇ ਨਾ ਕੁਛ ਨਿਕ਼ਲਜੇ..!" ਤੇ ਉਹ ਬਾਈ ਮੁੜ ਸਟੇਜ਼ ਕੋ਼ਲ ਨਹੀਂ ਦਿਸਿਆ।

ਬਾਈ ਮਾਣਕ ਹਾਜ਼ਰ ਜਵਾਬ ਵੀ ਬਹੁਤ ਸੀ! ਦਸੰਬਰ 2009 ਵਿਚ ਉਹ ਮੇਰੇ ਪਿੰਡ ਕੁੱਸਾ ਵਿਖੇ ਮੇਰੇ ਬਾਪੂ ਜੀ ਦੀ ਬਰਸੀ 'ਤੇ ਆਇਆ। ਉਸ ਨਾ਼ਲ ਪ੍ਰੋਫ਼ੈਸਰ ਨਿਰਮਲ ਜੌੜਾ ਅਤੇ ਬਾਈ ਦੇਵ ਥਰੀਕੇ ਵੀ ਸੀ। ਟਿੱਚਰ ਵਿਚ ਪ੍ਰਸਿੱਧ ਵਿਅੰਗ ਲੇਖਕ ਸ੍ਰੀ ਕੇ. ਐਲ. ਗਰਗ ਨੇ ਮਾਣਕ ਦੇ ਗ਼ਲ ਵਿਚ ਪਾਏ ਲੌਕਟ ਵੱਲ ਹੱਥ ਕਰ ਕੇ ਪੁੱਛਿਆ, "ਮਾਣਕ ਸਾਹਿਬ ਇਹ ਅਸਲੀ ਐ..?" ਤਾਂ ਮਾਣਕ ਆਖਣ ਲੱਗਿਆ, "ਮੈਂ ਤੇਰੇ ਸਾਹਮਣੇ ਨਕਲੀ ਬੈਠੈਂ..? ਜੋ ਮੈਂ ਹੁਣ ਤੱਕ ਗਾਇਐ, ਨਕਲੀ ਗਾਇਐ..?" ਬਾਈ ਬਲਦੇਵ ਸਿੰਘ ਸੜਕਨਾਮਾਂ, ਹਾਕਮ ਸੂਫ਼ੀ, ਮੱਖਣ ਬਰਾੜ, ਹਾਕਮ ਬਖ਼ਤੜੀ ਵਾਲਾ ਅਤੇ ਸਵਰਗੀ ਦੀਦਾਰ ਸੰਧੂ ਦੇ ਫ਼ਰਜ਼ੰਦ ਜਗਮੋਹਣ ਸੰਧੂ ਵਰਗੇ ਸਾਰੇ ਹੱਸ ਪਏ। ਇਕ ਵਾਰ ਉਹ ਸਟੇਜ਼ 'ਤੇ ਕੌਲਾਂ ਗਾਈ ਜਾਵੇ, "ਵੀਰੋ ਊਠਾਂ ਵਾ਼ਲਿਓ ਵੇ...ਪਾਣੀ ਪੀ ਜਾਓ ਦੋ ਪਲ ਬਹਿਕੇ..!" ਇਕ ਬਾਈ ਤੋਂ ਪੀਤੀ ਵਿਚ ਰਹਿ ਨਾ ਹੋਇਆ ਅਤੇ ਉਹ ਅਤੀਅੰਤ ਭਾਵੁਕ ਹੋਇਆ, ਉਠ ਕੇ ਸਟੇਜ਼ 'ਤੇ ਆ ਗਿਆ ਅਤੇ ਮਾਣਕ ਦੇ ਨਾਮ ਇੱਕ ਕਿੱਲਾ ਜ਼ਮੀਨ ਕਰਵਾਉਣ ਦੀ ਜ਼ਿਦ ਕਰਨ ਲੱਗ ਪਿਆ। ਮਾਣਕ ਹੱਸ ਕੇ ਕਹਿੰਦਾ, "ਹੁਣ ਸਾਨੂੰ ਗਾ ਲੈਣ ਦੇ ਬਾਈ, ਤੇਰੇ 'ਤੇ ਪੂਰਾ ਇਤਬਾਰ ਐ..! ਕਿੱਲੇ ਦੀ ਰਜ਼ਿਸਟਰੀ ਆਪਾਂ ਕੱਲ੍ਹ ਨੂੰ ਕਰਵਾ ਲਵਾਂਗੇ..? ਦੂਜਿਆਂ ਦਾ ਤਾਂ ਸੁਆਦ ਨਾ ਮਾਰੀਏ..?" ਮਾਣਕ ਹਾਕੀ ਦਾ ਖਿਡਾਰੀ ਵੀ ਰਿਹੈ। ਉਸ ਨੇ ਸਭ ਤੋਂ ਵੱਧ ਗੀਤ ਹਰਦੇਵ ਦਿਲਗੀਰ (ਦੇਵ ਥਰੀਕਿਆਂ ਵਾ਼ਲੇ), ਦਲੀਪ ਸਿੰਘ ਸਿੱਧੂ ਕਣਕਵਾਲੀਆ, ਗੁਰਮੁਖ ਸਿੰਘ ਗਿੱਲ (ਗਿੱਲ ਜੱਬੋਮਾਜਰਾ) ਦੇ ਗਾਏ ਨੇ! ਸਭ ਨੂੰ ਪਤਾ ਹੈ ਕਿ ਇਕ ਵਾਰ ਮਾਣਕ ਐਮ. ਪੀ. ਦੀਆਂ ਵੋਟਾਂ ਵਿਚ ਵੀ ਖੜ੍ਹਾ ਹੋਇਆ ਸੀ। ਬਠਿੰਡੇ ਜਿਲ੍ਹੇ ਵਿਚ ਵੋਟਾਂ ਮੰਗਣ ਦਾ ਸਿਲਸਲਾ ਜੰਗੀ ਪੱਧਰ 'ਤੇ ਜਾਰੀ ਸੀ। ਉਸ ਦੀ ਪਾਰਟੀ ਦੇ ਵਰਕਰ ਅਤੇ ਮਾਣਕ ਹੋਰੀਂ ਸ਼ਾਮ ਨੂੰ ਕਿਸੇ ਦੇ ਘਰ ਵਿਚਾਰ ਵਟਾਂਦਰਾ ਕਰ ਰਹੇ ਸਨ। ਦਿਨ ਦੇ ਛੁਪਾਅ ਨਾ਼ਲ ਇਕ ਬਿਰਧ ਮਾਈ ਆਈ। ਉਸ ਨੇ ਮਾਣਕ ਨੂੰ ਕੋਠੇ 'ਤੇ ਵੱਜਦੇ ਸਪੀਕਰਾਂ 'ਤੇ ਸੁਣਿਆਂ ਜ਼ਰੂਰ ਸੀ, ਪਰ ਕਦੇ ਦੇਖਿਆ ਨਹੀਂ ਸੀ। ਉਸ ਮਾਤਾ ਦੀ ਚਾਹਤ ਮਾਣਕ ਦੇ ਦਰਸ਼ਣ ਕਰਨ ਦੀ ਸੀ।

-"ਵੇ ਪੁੱਤ, ਥੋਡੇ 'ਚੋਂ ਮਾਣਕ ਕੌਣ ਐਂ..?" ਉਸ ਨੇ ਵੋਟਾਂ ਵਾ਼ਲਿਆਂ ਦੇ ਇਕੱਠ ਕੋ਼ਲ ਆ ਕੇ ਪੁੱਛਿਆ।

-"ਮੈਂ ਆਂ ਬੇਬੇ..!" ਮਾਣਕ ਉਠ ਕੇ ਖੜ੍ਹਾ ਹੋ ਗਿਆ। ਮਾਈ ਦੇ ਦਿਲ ਵਿਚ ਤਾਂ ਸੀ ਕਿ ਮਾਣਕ ਕੋਈ ਛੇ ਫ਼ੁੱਟਾ ਨੌਜਵਾਨ ਹੋਊਗਾ? ਸਾਹਮਣੇ ਪੰਜ ਕੁ ਫ਼ੁੱਟ ਦਾ ਮਾਣਕ ਦੇਖ ਕੇ ਮਾਈ ਠਠੰਬਰ ਜਿਹੀ ਗਈ।

-"ਵੇ ਭਾਈ ਮੈਂ ਤਾਂ ਸੋਚਿਆ ਤੂੰ ਬਾਹਵਾ ਕੱਦ ਕਾਠ ਆ਼ਲਾ ਹੋਵੇਂਗਾ ਮਾਣਕਾ..? ਤੂੰ ਤਾਂ ਹੈ ਈ ਸਤਮਾਂਹਾਂ ਜਿਆ..!" ਉਸ ਬੁੱਢੀ ਮਾਈ ਨੇ ਬੇਬਾਕ ਗੱਲ ਆਖੀ।

-"ਬੇਬੇ..! ਮੈਂ ਅੱਗੇ ਤਾਂ ਕੋਠੇ 'ਤੇ ਲੱਗੇ ਸਪੀਕਰਾਂ 'ਤੇ ਨੀ ਮਾਣ ਸੀਗਾ..! ਤੂੰ ਵੋਟ ਮੈਨੂੰ ਪਾਈਂ, ਮੇਰੇ ਕੱਦ 'ਤੇ ਨਾ ਜਾਹ, ਪਾਰਲੀਮੈਂਟ 'ਚ ਗੱਜਦਾ ਦੇਖੀਂ..!"

-"ਚੰਗਾ ਭਾਈ..! ਵੋਟ ਤਾਂ ਮੈਂ ਤੈਨੂੰ ਈ ਪਾਊਂ..!" ਆਖ ਮਾਤਾ ਉਸ ਦੇ ਕੱਦ ਤੋਂ ਨਿਰਾਸ਼ ਹੋਈ ਘਰ ਨੂੰ ਤੁਰ ਗਈ। ਸਾਡੇ ਪਿੰਡ 'ਬਾਈ ਸਿਉਂ' ਦੀ ਜਗਾਹ 'ਚ ਮਾਣਕ ਦਾ ਅਖਾੜਾ ਲੱਗਿਆ ਹੋਇਆ ਸੀ। ਮਾਣਕ ਗਾ ਰਿਹਾ ਸੀ, "ਤੇਰੀ ਖਾਤਰ ਹੀਰੇ ਛੱਡ ਕੇ ਤਖ਼ਤ ਹਜ਼ਾਰੇ ਨੂੰ..ਪੁੱਤਰ ਚੌਧਰੀਆਂ ਦਾ ਬੇਲੀਂ ਮੰਗੂ ਚਾਰੇ..!" ਸਾਡੇ ਪਿੰਡ ਵਾ਼ਲਾ ਤਾਇਆ ਭਾਗ ਸਿਉਂ ਵੀ ਆਪਣੇ ਭਰਾ ਸੱਜਣ ਸਿੰਘ ਨੂੰ ਕਹਿਣ ਲੱਗਿਆ, "ਅਜੇ ਤਾਂ ਕੱਦ ਤੋਂ ਮਾਰ ਖਾਂਦੈ ਸੱਜਣਾਂ..! ਜੇ ਭੋਰਾ ਕੱਦ ਹੋਰ ਹੁੰਦਾ, ਪਤਾ ਨੀ ਕੀ ਅਸਮਾਨ ਨੂੰ ਟਾਕੀ ਲਾਉਂਦਾ..?" ਤੇ ਤਾਇਆ ਸੱਜਣ ਸਿਉਂ ਉਸ ਤੋਂ ਵੀ ਚੜ੍ਹਦਾ ਚੰਦ! ਉਹ ਆਖਣ ਲੱਗਿਆ, "ਮੈਨੂੰ ਸਾ਼ਲੀ ਇਹ ਸਮਝ ਨਹੀਂ ਲੱਗਦੀ ਬਈ ਇਹ ਐਡੀ 'ਵਾਜ ਕੱਢਦਾ ਕਿੱਥੋਂ ਐਂ..?" ਬਾਈ ਗੁਰਦਾਸ ਮਾਨ ਨੇ ਵੀ ਮਾਣਕ ਨੂੰ, "ਮਾਣਕ ਹੱਦ ਮੁਕਾ ਗਿਆ, ਗਾ ਕੇ ਕਲੀਆਂ ਦੀ...! ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗ਼ਲੀਆਂ ਦੀ..!" ਗੀਤ ਵਿਚ ਮਾਣਕ ਦਾ ਨਾਂ ਲੈ ਕੇ ਅਥਾਹ ਮਾਣ ਦਿੱਤਾ ਹੈ!

ਮਾਣਕ ਟਿੱਚਰੀ ਵੀ ਬਥੇਰਾ ਸੀ। ਗੁਰਦਾਸ ਮਾਨ ਦੇ ਦੱਸਣ ਅਨੁਸਾਰ ਇਕ ਵਾਰ ਕਿਸੇ ਫ਼ਕੀਰ ਬੰਦੇ ਨੇ ਮਾਣਕ ਨੂੰ ਪੁੱਛਿਆ, "ਮਾਣਕ ਸਾਹਿਬ, 'ਖਾੜੇ ਦੇ ਕਿੰਨੇ ਪੈਸੇ ਲੈਨੇ ਹੁੰਨੇ ਐਂ..?" ਮਾਣਕ ਕਹਿਣ ਲੱਗਿਆ, "ਪੈਂਤੀ ਸੌ ਰੁਪਈਆ..!" ਉਹ ਕਹਿੰਦਾ, "ਆਹ ਲਓ ਪੈਂਤੀ ਸੌ ਰੁਪਈਆ, ਸਾਡੇ 'ਖਾੜਾ ਲਾਉਣ ਆ ਜਾਇਓ!" ਤਾਂ ਮਾਣਕ ਪੈਂਦੀ ਸੱਟੇ ਕਹਿਣ ਲੱਗਿਆ, "ਸਾਂਈਂ ਜੀ ਤੁਸੀਂ ਖਾੜਾ ਕਾਹਦੇ ਵਾਸਤੇ ਲਾਉਣੈਂ, ਪੈਂਤੀ ਸੌ ਦੀ ਮੱਝ ਲੈ ਲਇਓ, ਦੁੱਧ ਪੀਆ ਕਰੋਂਗੇ..!" ਤੇ ਜਦ ਮਾਣਕ ਉਸ ਸਾਂਈਂ ਦੇ ਅਖਾੜੇ 'ਤੇ ਗਿਆ ਤਾਂ ਉਸ ਸਾਂਈਂ ਫ਼ਕੀਰ ਨੇ ਮਾਣਕ ਨੂੰ ਨੋਟਾਂ ਨਾ਼ਲ ਮਾਲੋ-ਮਾਲ ਕਰ ਦਿੱਤਾ। ਸਰਦੂਲ ਸਿਕੰਦਰ ਨੇ ਗੱਲ ਸੁਣਾਈ ਕਿ ਉਹ ਮਾਣਕ ਦੇ ਦਫ਼ਤਰ ਵਿਚ ਮਾਣਕ ਨਾ਼ਲ ਬੈਠਾ ਸੀ। ਕਿਸੇ ਦਾ ਫ਼ੋਨ ਆ ਗਿਆ। ਮਾਣਕ ਦਾ ਮੈਨੇਜਰ ਕਿਤੇ ਆਸੇ-ਪਾਸੇ ਸੀ ਅਤੇ ਫ਼ੋਨ ਮਾਣਕ ਨੇ ਹੀ ਚੁੱਕ ਲਿਆ। ਫ਼ੋਨ ਦੀ ਅਵਾਜ਼ ਉੱਚੀ ਸੀ। ਸਰਦੂਲ ਸਿਕੰਦਰ ਨੂੰ ਵੀ ਸੁਣੀ ਜਾ ਰਹੀ ਸੀ।

-"ਸਾਸਰੀਕਾਲ ਜੀ..!" ਓਧਰੋਂ ਅਵਾਜ਼ ਆਈ।

-"ਕਹਿ ਦਿਆਂਗੇ..!" ਮਾਣਕ ਦਾ ਉੱਤਰ ਸੀ।

-"ਸਾਡਾ ਮੁੰਡਾ ਕਨੇਡੇ ਤੋਂ ਆ ਰਿਹੈ ਜੀ..!"

-"ਫ਼ੇਰ ਮੈਂ ਕੀ ਕਰਾਂ..?"

-"ਉਹਦਾ ਵਿਆਹ ਕਰਨੈਂ ਜੀ...!"

-"ਕਰ ਦਿਓ, ਮੈਂ ਰੋਕਦੈਂ..?"

-"ਆਪਾਂ ਖਾੜਾ ਲੁਆਉਣੈਂ ਥੋਡਾ..! ਕਿੰਨੇ ਪੈਸੇ ਲੈਣੇ ਐਂ..?"

-"ਵਿਆਹ ਕਿੰਨੀ ਤਰੀਕ ਨੂੰ ਐਂ..?"

-"ਛੱਬੀ ਤਰੀਕ ਨੂੰ ਈ ਐਂ ਜੀ..!"

-"ਫ਼ੇਰ ਤੁਸੀਂ ਛੱਬੀ ਸੌ ਈ ਦੇ ਦਿਓ..!"

ਪਿਛਲੇ ਸਾਲ ਇੰਗਲੈਂਡ ਆਏ ਬਾਈ ਦੇਵ ਥਰੀਕਿਆਂ ਵਾ਼ਲੇ ਨਾ਼ਲ ਇਕ ਦਿਨ ਗੱਲ ਚੱਲ ਪਈ। ਉਹ ਆਖਣ ਲੱਗਿਆ, "ਜੇ ਮਾਣਕ ਕਿਤੇ ਸ਼ਰਾਬ ਨਾ ਪੀਂਦਾ ਹੁੰਦਾ, ਅਜੇ ਤੱਕ 'ਨ੍ਹੇਰੀ ਲਿਆਉਂਦਾ ਹੁੰਦਾ!" ਆਖ ਉਹ ਉਦਾਸ ਹੋ ਗਿਆ। ਤੇ ਸਾਰੇ ਪੰਜਾਬੀਆਂ ਦੀ ਉਦਾਸੀ ਹੋਰ ਵੀ ਵੱਧ ਗਈ ਹੈ, ਅੱਜ ਮਾਣਕ ਨਹੀਂ ਹੈ ਪਰ ਫੇਰ ਵੀ ਮੌਜੂਦ ਹੈ, ਆਪਣੀ ਦਮਦਾਰ ਆਵਾਜ਼ ਨਾਲ। ਉਹਦੇ ਨਾ ਹੋਣ ਦੇ ਬਾਵਜੂਦ ਉਹਦੀ ਆਵਾਜ਼ ਉਦੋਂ ਤੱਕ ਗੂੰਜਦੀ ਰਹੇਗੀ ਜਦਕਿ ਇਹ ਦੁਨੀਆ ਰਹੇਗੀ।



ਕੁਲਦੀਪ ਮਾਣਕ ਆਪਣੇ ਸ਼ਗਿਰਦ ਜੈਜੀ ਬੀ ਨਾਲ 'ਮਹਾਰਾਜਾ' ਐਲਬਮ ਦੇ ਇਕ ਦ੍ਰਿਸ਼ ਵਿਚ।

# ADVANCE DRIVING SCHOOL & LIMOS

> Lady Instuctor Available
> Defensive Training Classes to Restore Demerits
> Free Pick up & Drop



> Airport Service Flat Rate
> Wedding Ceremony
> Any Other Function

**780-660-4090**

# 202-3456 91 St. Edmonton, AB




## Home Renovations

A1

**Our Services**

- Basement Development
- General Carpentry
- Electrical & Plumbing
- Drywall - Mud & Tape, Texturing
- Kitchen & Bathroom Remodeling
- Flooring - Hardwood, Laminate, Tile, Carpet
- Painting - Interior, Exterior

**We specialize in commercial and residential renovations.**

Over 15 years in the industry, customer satisfaction is our #1 goal. We are licensed, insured, BBB members with WCB coverage.

**Call us today for a free estimate!**

**780.484.8885**

*We'd Like...*

*to earn your business at Progressive Home Warranty, we are proud to offer the best products, protection, and people in the industry.*

*For more information please contact us:*

*Phone: 780-470-4663*

*Toll Free: 1-866-996-9776*

*sales@progressivewarranty.com*

*www.progressivewarranty.com*

CARB
CANADIAN ALLIANCE OF RESIDENTIAL BUILDERS

progressive
home warranty solutions inc.

*Building Solutions for Building Professionals*

*Progressive Home Warranty offers the best New Home Warranty and Insurance products available. Canada's Best New Home Warranty.*

# ਮਾਂ ਬੋਲੀ ਨਾਲ ਜੁੜੋ

'ਨਵੀਂ ਦੁਨੀਆ' ਵੱਲੋਂ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜੀ ਰੱਖਣ ਵਾਸਤੇ ਗ੍ਰੇਡ 10 ਤਕ ਦੇ ਬੱਚੇ/ਬੱਚੀਆਂ ਲਈ ਇਕ ਪ੍ਰਸ਼ਨ-ਲੜੀ 'ਮਾਂ ਬੋਲੀ ਨਾਲ ਜੁੜੋ' ਸ਼ੁਰੂ ਕੀਤੀ ਜਾ ਰਹੀ ਹੈ। ਹਰੇਕ ਮਹੀਨੇ ਦੀ 28 ਤਾਰੀਕ ਤਕ ਜਿਹੜੇ ਬੱਚੇ/ਬੱਚੀਆਂ ਇਹਨਾਂ ਸਵਾਲਾਂ ਦੇ ਜਵਾਬ ਡਾਕ ਜਾਂ ਈਮੇਲ ਦੁਆਰਾ ਭੇਜਣਗੇ, ਉਹਨਾਂ ਵਿਚੋਂ ਸਭ ਤੋਂ ਜ਼ਿਆਦਾ ਸਹੀ ਜਵਾਬ ਭੇਜਣ ਵਾਲਿਆਂ ਦੇ ਨਾਮ ਤੇ ਪਤੇ ਅਗਲੇ ਅੰਕ 'ਚ ਛਾਪੇ ਜਾਣਗੇ ਅਤੇ ਕੁਝ ਸਮੇ ਬਾਅਦ ਜੇਤੂ ਬੱਚਿਆਂ ਨੂੰ 'ਦੀਪ ਗ੍ਰਾਫਿਕਸ ਐਂਡ ਸਾਈਨਜ਼' ਦੇ ਚਰਨਦੀਪ ਸਿੰਘ ਅਤੇ 'ਨਵੀਂ ਦੁਨੀਆ' ਵਲੋਂ ਉਨ੍ਹਾਂ ਨੂੰ ਇਨਾਮ ਵੀ ਦਿੱਤੇ ਜਾਣਗੇ।

## ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਉਤਰ ਚੁਣ ਕੇ ਅੱਗੇ ਲਿਖੋ :-

1 ਪੰਜਾਬੀ ਦੇ ਕਿਹੜੇ 3 ਲੇਖਕਾਂ ਨੂੰ ਹੁਣ ਤਕ ਸਰਸਵਤੀ ਪੁਰਸਕਾਰ ਮਿਲਿਆ ਹੈ?
2 ਸ਼ਿਵ ਕੁਮਾਰ ਬਟਾਲਵੀ ਦੀ ਕਿਸ ਕਾਵਿ ਪੁਸਤਕ ਨੂੰ ਭਾਰਤੀ ਸਾਹਿਤ ਅਕਾਦਮੀ ਦਾ ਇਨਾਮ ਮਿਲਿਆ?
3 ਪਾਕਿਸਤਾਨੀ ਪੰਜਾਬ ਨੂੰ ਕਿਹੜਾ ਪੰਜਾਬ ਕਿਹਾ ਜਾਂਦਾ ਹੈ?
4 ਕਨੇਡਾ ਵਿਚ ਅੱਜਕਲ ਪੰਜਾਬੀ ਮੂਲ ਦੇ ਕਿੰਨੇ ਮੈਂਬਰ ਪਾਰਲੀਮੈਂਟ ਹਨ?
5 'ਓਮ ਜੈ ਜਗੀਦਸ਼ ਹਰੇ' ਆਰਤੀ ਕਿਸ ਸ਼ਾਇਰ ਦੀ ਰਚਨਾ ਹੈ?

ਸਾਡਾ ਪਤਾ-

**Nawi Dunia**
**2nd Floor 3448 - 93 Street NW,**
**Edmonton T6E 6A4, Alberta (Canada)**
**Phone: 780 465 9118 Fax: 780 465 0661**
**e-mail: info@nawidunia.com**

## ਜਵਾਬ ਭੇਜਣ ਵਾਲੇ ਦਾ ਵੇਰਵਾ

ਨਾਮ ____________________
ਪਤਾ ____________________
ਫੋਨ ਨੰਬਰ __________
ਸਕੂਲ ਦਾ ਨਾਮ ____________________
ਗ੍ਰੇਡ ____________________
ਮੈ ਉਪ੍ਰੋਕਤ ਸਾਰੇ ਸਵਾਲਾਂ ਦੇ ਜਵਾਬ ਆਪਣੇ ਆਪ/ਵੱਡਿਆਂ ਨੂੰ ਪੁੱਛ ਕੇ ਲਿਖੇ ਹਨ।

ਵਿਦਿਆਰਥੀ ਦੇ ਦਸਤਖ਼ਤ

ਮਿਤੀ______ ______________

ਜੇਤੂਆਂ ਦੇ ਨਾਮ : ਪ੍ਰਭਮੇਹਰ ਸਿੰਘ, ਅਮਰਦੀਪ ਸਿੰਘ ਅਤੇ ਰੂਚੀ ਕੌਸ਼ਿਲ

# Matrimonial

### ਕੰਨਿਆ ਦੀ ਲੋੜ

Jat Sikh parents from U.S, seeking match for their U.S born son, handsome, 29, 6'-0", running his own franchised business after graduating from business school. Preferably Jat Sikh girl, 5`-5`` to 5`-7``, fair complexioned, education in the medical related fields such as Nursing or any technical fields. E-mail: rnnahal@gmail.com

### ਵਰ ਦੀ ਲੋੜ

ਖ਼ੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖ਼ੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

------

ਖ਼ੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

### ਕੰਨਿਆ ਦੀ ਲੋੜ

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

------

ਖ਼ੂਬਸੂਰਤ ਦੋ ਕੈਨੇਡੀਅਨ ਜੱਟ ਸਿੱਖ ਲੜਕੇ ਕੱਦ 6 ਫੁੱਟ 8 ਇੰਚ, ਉਮਰ 24-28 ਸਾਲਾਂ ਵਾਸਤੇ ਪੜ੍ਹੀਆਂ ਲਿਖੀਆਂ ਲੜਕੀਆਂ ਦੀ ਲੋੜ ਹੈ। Student ਤੇ Work Permit 'ਤੇ ਆਈਆਂ ਕੁੜੀਆਂ ਲਈ ਵੀ ਸੋਚਿਆ ਜਾ ਸਕਦਾ ਹੈ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ : amrit1331@hotmail.com

------

ਭਾਰਤ 'ਚ ਰਹਿੰਦੇ ਬਾਂਸਲ (ਮੁੰਡੇ), 1983 ਦੇ ਜਨਮੇ, 5'-7", ਬੀ.ਕਾਮ, ਐਮ.ਬੀ.ਏ. ਦੀ ਪੜ੍ਹਾਈ, ਬੈਂਕ 'ਚ ਨੌਕਰੀ ਕਰਦੇ ਲੜਕੇ ਲਈ ਕਨੇਡਾ ਦੀ ਵਸਨੀਕ ਲੜਕੀ ਦੀ ਲੋੜ ਹੈ। ਸੰਪਰਕ 780-504-7254 ਜਾਂ aman_singh3@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

------

ਜ਼ਰੂਰਤ ਹੈ ਕਨੇਡਾ 'ਚ ਜੰਮੇ-ਪਲੇ 33 ਸਾਲਾ 6'-2" ਤਲਾਕਸ਼ੁਦਾ (ਇੱਕ 5 ਸਾਲ ਦਾ ਲੜਕਾ), ਕੇਵਲ ਇਕ ਸਾਲ ਵਿਆਹੁਤਾ ਰਹੇ ਲੜਕੇ ਲਈ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ/ ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ 780-487-2295 ਤੋਂ email : ushab@hotmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਗੁਰਸਿੱਖ ਕੰਨਿਆ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਤੇ ਆਏ ਗੁਰਸਿੱਖ ਪਰਿਵਾਰ ਦੇ 25 ਸਾਲਾ ਜੱਟ ਸਿੱਖ 6'2" ਸੋਹਣੇ-ਸੁਣਖੇ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਫ਼ੋਨ ਨੰ. 780-405-6145 ਜਾਂ raju.hundal@yahoo.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਵਰ ਦੀ ਲੋੜ

ਕਨੇਡੀਅਨ ਇਮੀਗ੍ਰਾਂਟ ਸੁਨਿਆਰ ਲੜਕੀ 5'/5" , 29 ਸਾਲ ਲਈ ਯੋਗ ਵਰ ਦੀ ਲੋੜ ਹੈ, ਪਰ ਉਹੀ ਸੰਪਰਕ ਕਰਨ ਜੋ ਭਾਰਤ ਰਹਿੰਦੇ 35 ਸਾਲਾ ਭਰਾ ਨੂੰ ਕਨੇਡੀਅਨ ਲੜਕੀ ਦਾ ਰਿਸ਼ਤਾ ਕਰਵਾ ਸਕਣ। ਚਾਹਵਾਨ 780-200-5013 'ਤੇ ਸੰਪਰਕ ਕਰ ਸਕਦੇ ਹਨ।

------

ਦਰਜੀ ਸਿੱਖ, ਉਮਰ 38 ਸਾਲ, ਕੱਦ 5 ਫੁੱਟ 4 ਇੰਚ, ਕੈਨੇਡਾ ਦੀ ਸਿਟੀਜਨ ਤਲਾਕਸ਼ੁਦਾ ਲੜਕੀ ਲਈ ਨਸ਼ਿਆਂ ਤੋਂ ਰਹਿਤ ਲੜਕੇ ਦੀ ਲੋੜ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫੋਨ ਕਰੋ : 403 984 2868

# Classified **Plus**

### Car for Sale

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

### HOUSE FOR RENT

3 bedroom bungalow, 2 bathrooms with double attached garage on Acreage. For rent including utility in Beaumont AB. House has a location in front of shopping mall and golf course. Call: 780 929 9504.

****

### 2 Story House For Sale By Owner In Leduc

Sold

2 Story 2000 Sq.ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. House backs on to the City Park. For details call 780 965 0808.

****

### Condo on sale

1977 Built, 1232 Sq.Ft., 1.5 Bath, 4 Bedroom, Paint was done 2 years ago, Rental income $ 1200/ month, Basement almost finished, sale on just $ 1,79,900.00. Address is # 114B-16344 109 street. Edmonton, AB T5X 2T4. make an appointment call 587-784-0599.

### ਕੰਪਿਊਟਰ ਹਾਰਡਵੇਅਰ

ਕੰਪਿਊਟਰ ਦੀਆਂ ਟੈਕਨੀਕਲ ਸਮੱਸਿਆਵਾਂ ਜਾਂ ਕੰਪਿਊਟਰ ਦੀਆਂ ਹੋਰ ਸੇਵਾਵਾਂ ਲਈ ਅਸਲਾਨ ਕੰਪਿਊਟਰ ਸਿਸਟਮ ਦੇ 'ਜੇ' ਨਾਲ 780-437-9504 Ext 222, ਟੋਲ ਫ੍ਰੀ 1-888-275-2647 'ਤੇ ਸੰਪਰਕ ਕਰੋ। ਇਸ ਤੋਂ ਇਲਾਵਾ ਤੁਸੀਂ 'ਜੇ' ਦੀ ਈਮੇਲ jaybeem@aslan.ab.ca 'ਤੇ ਵੀ ਸੰਪਰਕ ਕਰ ਸਕਦੇ ਹੋ।




## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**

# ਵੇਖਿਆ ਸ਼ਹਿਰ ਬੰਬਈ

**ਉਚੀਆਂ ਉਮੀਦਾਂ ਲੈ ਕੇ ਬੰਬਈ ਦੀ ਫਿਲਮੀ ਦੁਨੀਆ ਵੱਲ ਖਿਚੇ ਚਲੇ ਗਏ ਐਕਟਰਾਂ, ਐਕਟਰੈਸਾਂ, ਡਾਇਰੈਕਟਰਾਂ ਅਤੇ ਪ੍ਰੋਡਿਊਸਰਾਂ ਨਾਲ ਅਸਲ ਵਿੱਚ ਕੀ ਵਾਪਰਦਾ ਹੈ, ਇਸ ਹਕੀਕਤ ਤੋਂ ਪਰਦਾ ਚੁਕਦੀ ਹੈ ਇਹ ਵਾਰਤਾ। ਪੰਜਾਬ ਦੇ ਕਸਬੇ ਨਕੋਦਰ ਵਿਚ ਇੱਕ ਨਿਮਾਣੇ ਜਹੇ ਘਰ 'ਚ ਜੰਮਿਆ ਪਲਿਆ ਲੇਖਕ ਲੰਡਨ ਪਹੁੰਚਕੇ ਕਰੜੀ ਮਿਹਨਤ ਨਾਲ ਕੁਝ ਧਨ ਇਕੱਠਾ ਕਰ ਸਕਿਆ। ਇਹਦੇ ਆਸਰੇ ਉਹਨੇ ਇੱਕ ਫਿਲਮ ਬਣਾਉਣ ਦਾ ਆਪਣਾ ਸੁਪਨਾ ਸਾਕਾਰ ਕਰਨਾ ਚਾਹਿਆ। ਅਜਿਹਾ ਕਰਦਿਆਂ ਉਸ ਨਾਲ ਕੀ ਬੀਤੀ, ਉਹਦਾ ਦਿਲਚਸਪ ਤੇ ਸੱਚਾ ਸੁੱਚਾ ਬਿਆਨ ਹੈ ਇਸ ਲਿਖਤ ਵਿੱਚ।**

*ਸਾਡਾ ਇਹ ਲਿਖਤ ਛਾਪਣ ਦਾ ਮਕਸਦ ਇਹ ਹੀ ਹੈ ਕਿ ਪਾਠਕ ਇਹ ਜਾਣ-ਸਮਝ ਸਕਣ ਕਿ ਰੌਸ਼ਨੀਆਂ ਦੇ ਸੰਸਾਰ 'ਚ ਕਾਲਖਾਂ ਦਾ ਵਪਾਰ ਕਿਵੇਂ ਚੱਲਦਾ ਹੈ ਤੇ ਭੋਲੀ ਜਵਾਨੀ ਦੇ ਇਸ ਸੁਪਨੀਲੀ ਦੁਨੀਆਂ 'ਚ ਸੁਪਨੇ ਕਿਵੇਂ ਜ਼ਿਬਾਹ ਹੁੰਦੇ ਹਨ। 'ਨਵੀਂ ਦੁਨੀਆ' ਇਸ ਦਿਲਚਸਪ ਪਰ ਬੇਹੱਦ ਯਥਾਰਥਕ ਲਿਖਤ ਨੂੰ ਲੜੀਵਾਰ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ। - ਸੰਪਾਦਕ*



ਗੁਰਚਰਨ ਸੱਗੂ

ਗੱਲ ਤਾਂ ਅਜੇ ਕੱਲ੍ਹ ਦੀ ਲੱਗਦੀ ਹੈ, ਪਰ ਬੀਤ ਗਏ ਨੇ ਕਈ ਸਾਲ, ਉਦੋਂ ਮੈਂ ਕੋਈ ਬਾਰਾਂ ਤੇਰਾਂ ਸਾਲ ਦਾ ਹੁੰਦਾ ਹੋਵਾਂਗਾ, ਜਦੋਂ ਜਲੰਧਰ ਤੋਂ ਛਪਦੀਆਂ ਪੰਜਾਬੀ ਅਖਬਾਰਾਂ ਪੜ੍ਹਨ ਦਾ ਮੈਨੂੰ ਨਵਾਂ ਨਵਾਂ ਸ਼ੌਕ ਜਾਗਿਆ ਸੀ।

ਨਕੋਦਰ ਮੇਰਾ ਸ਼ਹਿਰ, ਇੱਥੋਂ ਦੇ ਆਰੀਆ ਹਾਈ ਸਕੂਲ ਵਿਚ ਮੈਂ ਕੋਈ ਸਤਵੀਂ-ਅੱਠਵੀਂ ਜਮਾਤ ਵਿਚ ਪੜ੍ਹਦਾ ਸਾਂ। ਗਰਮੀਆਂ ਦੀ ਤਪਦੀ ਦੁਪਹਿਰ ਨੂੰ ਕੋਈ ਇਕ ਵਜੇ ਦੇ ਕਰੀਬ ਸਾਰੀ ਛੁੱਟੀ ਹੋ ਜਾਂਦੀ ਸੀ। ਮੈਂ ਘਰ ਆ ਕੇ ਬਸਤਾ ਰੱਖਣਾ ਤੇ ਸਿੱਧਾ ਘਰ ਦੇ ਲਾਗੇ ਹੀ ਮਿਊਂਸਪਲ ਕਮੇਟੀ ਦੀ ਲਾਇਬਰੇਰੀ ਵਿਚ ਚਲਿਆ ਜਾਣਾ, ਜਿੱਥੇ ਢੇਰ ਸਾਰੀਆਂ ਅਖਬਾਰਾਂ ਹਰ ਰੋਜ਼ ਆਉਂਦੀਆਂ ਸਨ।

ਇਹਨਾਂ ਅਖਬਾਰਾਂ ਦੇ ਹੁਣ ਵਾਂਗ ਹੀ ਹਫਤੇ ਵਿਚ ਇਕ ਵਾਰ ਫਿਲਮੀ ਐਡੀਸ਼ਨ ਛਪਿਆ ਕਰਦੇ ਸਨ, ਜਿਹਨਾਂ ਨੂੰ ਪੜ੍ਹ-ਪੜ੍ਹ ਕੇ ਮੇਰਾ ਸ਼ੌਕ ਫ਼ਿਲਮਾਂ ਵੱਲ ਵਧਣਾ ਸ਼ੁਰੂ ਹੋ ਗਿਆ। ਇਕ ਫਿਲਮੀ ਹੀਰੋਇਨ ਨਾਲ ਤੇ ਮੈਂ ਸੁਪਨੇ ਲੈ ਕੇ ਉਡਦਾ ਰਹਿੰਦਾ ਸਾਂ।

ਬੀਤੀ ਜ਼ਿੰਦਗੀ ਦੀ ਇਸ ਕਿਤਾਬ ਦੇ ਵਰਕੇ ਫਰੋਲਦਿਆਂ ਅੱਜ ਕਈ ਯਾਦਾਂ ਤਾਜ਼ਾ ਹੋ ਉੱਠੀਆਂ ਹਨ। ਉਹਨਾਂ ਦਿਨਾਂ ਵਿਚ ਫ਼ਿਲਮਾਂ ਵੀ ਕੀ ਹੁੰਦੀਆਂ ਸਨ, ਮਸਤੀ ਤੇ ਪਿਆਰ ਮੁਹੱਬਤ ਨਾਲ ਭਰੇ ਗਾਣਿਆਂ ਨਾਲ ਭਰਪੂਰ ਫ਼ਿਲਮਾਂ। ਕਿਸੇ ਫ਼ਿਲਮ ਦੇ ਰਿਲੀਜ਼ ਹੋਣ ਤੋਂ ਕਈ ਕਈ ਮਹੀਨੇ ਪਹਿਲਾਂ ਹੀ ਉਸਦੇ ਗਾਣੇ ਰੇਡੀਓ ਸੀਲੋਨ ਤੋਂ ਵੱਜਣੇ ਸ਼ੁਰੂ ਹੋ ਜਾਂਦੇ ਸਨ ਤੇ ਜਦ ਤੱਕ ਫ਼ਿਲਮ ਸਿਨੇਮਿਆਂ ਵਿਚ ਆਉਂਦੀ ਉਸਦੇ ਗਾਣੇ ਏਨੇ ਮਸ਼ਹੂਰ ਹੋ ਜਾਂਦੇ ਕਿ ਉਹ ਫਿਲਮ ਤੁਹਾਨੂੰ ਵੇਖਣੀ ਹੀ ਪੈਂਦੀ ਸੀ।

'ਨਾਗਿਨ' 'ਤੇ 'ਮੁਗਲ-ਏ-ਆਜ਼ਿਮ' ਉਸੇ ਹੀ ਦੌਰ ਦੀਆਂ ਫ਼ਿਲਮਾਂ ਹਨ, ਜਿਹਨਾਂ ਦੇ ਗਾਣਿਆਂ :

'ਮੇਰਾ ਮਨ ਡੋਲੇ, ਮੇਰਾ ਤਨ ਡੋਲੇ'

'ਜਬ ਪਿਆਰ ਕੀਆ ਤੋ ਡਰਨਾ ਕਿਆ' ਨੇ ਸਾਰੇ ਹਿੰਦੁਸਤਾਨ ਨੂੰ ਮਸਤ ਕਰ ਦਿੱਤਾ ਸੀ। ਬੱਚੇ ਬੱਚੇ ਦੀ ਜ਼ੁਬਾਨ 'ਤੇ ਇਹ ਗਾਣੇ ਸਨ, ਕਿਆ ਵਕਤ ਸੀ ਉਹ।

ਇਹੋ ਜਿਹੀਆਂ ਮਿਊਜ਼ੀਕਲ ਫ਼ਿਲਮਾਂ ਵੇਖਣ ਤੋਂ ਬਾਅਦ ਹਰ ਜਵਾਨ ਦਿਲ ਨੂੰ ਹੀਰੋ ਹੀਰੋਇਨਾਂ ਨਾਲ ਅਪਣਾ ਹੀ ਇਸ਼ਕ ਸ਼ੁਰੂ ਹੋ ਜਾਂਦਾ ਸੀ। ਜਵਾਨੀ ਦੇ ਸੁਪਨੇ, ਅੱਗਾਂ ਲਾਉਂਦੇ ਸੁਪਨੇ।

ਮੇਰਾ ਉਨ੍ਹੀਂ ਦਿਨੀਂ ਅਜੇ ਭਾਵੇਂ ਦਿਲ ਜਵਾਨ ਨਹੀਂ ਸੀ ਹੋਇਆ ਪਰ ਇਹਨਾਂ ਪਰਦੇ 'ਤੇ ਨੱਚਦੀਆਂ ਹੀਰੋਇਨਾਂ ਨਾਲ ਮਿੱਠੇ ਮਿੱਠੇ ਪਿਆਰ ਦੀ ਚਿਣਗ ਜ਼ਰੂਰ ਭਖਣੀ ਸ਼ੁਰੂ ਹੋ ਗਈ ਸੀ, ਸ਼ਾਇਦ ਅੰਬੀਆਂ ਦੇ ਬੂਟਿਆਂ 'ਤੇ ਰੁੱਤ ਆਉਣ ਤੋਂ ਪਹਿਲਾਂ ਹੀ ਬੂਰ ਫੁੱਟਣਾ ਸ਼ੁਰੂ ਹੋ ਗਿਆ ਸੀ।

ਉਦੋਂ ਮਧੂ ਬਾਲਾ, ਵਿਜੈਂਤੀਮਾਲਾ, ਨਰਗਿਸ, ਨਿੰਮੀ, ਮੀਨਾ ਕੁਮਾਰੀ, ਬੀਨਾ ਰਾਏ, ਮਾਲਾ ਸਿਨਹਾ, ਗੀਤਾ ਬਾਲੀ, ਸ਼ਿਆਮਾ, ਵਹੀਦਾ ਰਹਿਮਾਨ, ਨੂਤਨ, ਬੇਬੀ ਨੰਦਾ ਤੇ ਨਾਜ਼ ਦਾ ਦੌਰ ਹੁੰਦਾ ਸੀ। ਇਹ ਸਾਰੇ ਸਿਤਾਰੇ ਬੰਬਈ ਦੇ ਬਾਂਦਰਾ, ਜੂਹੂ ਤੇ ਮੈਰੀਨ ਡਰਾਈਵ ਦੇ ਇਲਾਕਿਆਂ ਵਿਚ ਰਹਿੰਦੇ ਹੁੰਦੇ ਸਨ। ਮੈਂ ਇਨ੍ਹਾਂ ਦੇ ਐਡਰੈਸ ਪੜ੍ਹਨੇ ਤੇ ਮਨ ਹੀ ਮਨ ਵਿਚ ਸੋਚਣਾ ਕਿ ਕਾਸ਼ ਮੈਂ ਬੰਬਈ ਜਾ ਕੇ ਇਹਨਾਂ ਦੇ ਘਰਾਂ ਦੇ ਸਾਹਮਣੇ ਖੜ੍ਹਾ ਹੋ ਜਾਵਾਂ ਤੇ ਜੀਅ ਭਰ ਕੇ ਇਹਨਾਂ ਨੂੰ ਵੇਖ ਸਕਾਂ, ਛੂਹ ਸਕਾਂ। ਬਸ ਇਹੋ ਜਿਹੇ ਕੁਝ ਸੁਪਨੇ ਲੈਂਦਾ ਰਹਿੰਦਾ ਸਾਂ ਮੈਂ ਉਹਨੀਂ ਦਿਨੀਂ।

ਸਾਡੇ ਛੋਟੇ ਜਿਹੇ ਕਸਬੇ ਨਕੋਦਰ ਵਿਚ ਕੋਈ ਪੱਕਾ ਸਿਨੇਮਾ ਘਰ ਤਾਂ ਹੁੰਦਾ ਹੀ ਨਹੀਂ ਸੀ ਉਸ ਵਕਤ, ਸਿਰਫ਼ ਟੂਰਿੰਗ ਟਾਕੀ ਹੀ ਹੁੰਦੀ ਸੀ। ਖੁੱਲ੍ਹੇ ਖੇਤਾਂ ਵਿਚ ਟੀਨ ਦੀਆਂ ਚਾਦਰਾਂ ਲਾ ਕੇ ਵਲਗਣ ਜਿਹੀ ਕੀਤੀ ਹੁੰਦੀ ਸੀ। ਗਰਮੀਆਂ ਦੇ ਦਿਨੀਂ ਉੱਪਰ ਖੁੱਲ੍ਹੇ ਆਸਮਾਨ ਦੀ ਨੀਲੀ ਛੱਤ 'ਤੇ ਸਰਦੀਆਂ ਵਿਚ ਤੰਬੂ ਲਾ ਕੇ ਇਸ ਨੂੰ ਢਕ ਦਿੱਤਾ ਜਾਂਦਾ ਸੀ।

ਮੈਨੂੰ ਅਜੇ ਤੱਕ ਯਾਦ ਹੈ ਕਿ ਇਮਤਿਹਾਨਾਂ ਦੇ ਦਿਨਾਂ ਵਿਚ ਚਾਰ ਪੰਜ ਮੁੰਡਿਆਂ ਦਾ ਇਕ ਗਰੁੱਪ ਬਣਿਆ ਹੁੰਦਾ ਸੀ ਸਾਡਾ। ਅਸੀਂ ਹਰ ਰਾਤ ਇਕ ਦੂਜੇ ਦੇ ਘਰ ਜਾ ਕੇ ਪੜ੍ਹਨਾ ਤੇ ਇਕ ਰਾਤ ਘਰਦਿਆਂ ਤੋਂ ਚੋਰੀ ਫ਼ਿਲਮਾਂ ਵੇਖਣ ਦਾ ਪ੍ਰੋਗਰਾਮ ਵੀ ਬਣਾ ਲੈਣਾ। ਉਹਨੀਂ ਦਿਨੀਂ ਇਸ ਟੂਰਿੰਗ ਟਾਕੀ ਵਿਚ ਤਿੰਨ ਚਾਰ ਦਿਨ ਹੀ ਕੋਈ ਫ਼ਿਲਮ ਚਲਿਆ ਕਰਦੀ ਸੀ ਤੇ ਅਸੀਂ ਪਹਿਲੇ ਦਿਨ ਹੀ ਇਹ ਫ਼ਿਲਮ ਵੇਖ ਆਉਣੀ ਜਦਕਿ ਘਰ ਵਾਲੇ ਸੋਚਦੇ ਹੁੰਦੇ ਕਿ ਸਿਆਣੇ ਬੱਚੇ, ਵਿਚਾਰੇ ਬੱਚੇ, ਰਾਤ ਨੂੰ ਕਿਸੇ ਦੋਸਤ ਦੇ ਘਰ ਪੜ੍ਹਨ ਗਏ ਹੋਏ ਹਨ।

ਸਰਦੀਆਂ ਦੇ ਦਿਨ ਹੋਣੇ ਤਾਂ ਅਸੀਂ ਸਿਰਾਂ 'ਤੇ ਖੇਸਾਂ ਦੀਆਂ ਬੁੱਕਲਾਂ ਮਾਰ ਕੇ ਸਿਰ ਮੂੰਹ ਢਕ ਲੈਣੇ, ਜਿਵੇਂ ਚੋਰ ਸੰਨ੍ਹ ਲਾਉਣ ਲਈ ਜਾ ਰਹੇ ਹੋਣ। ਫਿਰ ਇਕੱਲੇ ਇਕੱਲੇ ਨੇ ਸਿਨੇਮਾ ਅੰਦਰ ਵੜ ਜਾਣਾ, ਬਾਹਰੋਂ ਲਿਆਂਦੀਆਂ ਇੱਟਾਂ 'ਤੇ ਬੈਠ ਕੇ ਇਸ ਕੀਤੀ ਚੋਰੀ ਦਾ ਮਜ਼ਾ ਲੈਂਦਿਆਂ, ਮਧੂਬਾਲਾ ਨਾਲ ਗੀਤ ਗਾਉਂਦਿਆਂ ਹਵਾ ਵਿਚ ਉੱਡਦੇ ਰਹਿਣਾ।

ਇਹਨੀਂ ਦਿਨੀਂ ਸਾਡੇ ਆਰੀਆ ਸਕੂਲ ਵਿਚ ਨਕੋਦਰ ਦੇ ਲਾਗਲੇ ਪਿੰਡ ਨਵਾਂ ਪਿੰਡ ਸ਼ੌਕੀਆ ਦੇ ਮਾਸਟਰ ਬਲਵੰਤ ਸਿੰਘ ਸਾਡੀ ਕਲਾਸ ਦੇ ਇੰਚਾਰਜ ਹੁੰਦੇ ਸਨ ਤੇ ਪੰਜਾਬ ਦੀ ਕਬੱਡੀ ਟੀਮ ਦੇ ਮਸ਼ਹੂਰ ਕੋਚ ਅਜੀਤ ਸਿੰਘ ਮਾਲੜੀ ਪੀ.ਟੀ.। ਬਲਵੰਤ ਸਿੰਘ ਤੇ ਮਾਲੜੀ ਜੀ ਦੀ ਪੱਕੀ ਯਾਰੀ। ਇਹਨਾਂ ਦੋਹਾਂ ਨੇ ਅਪਣੇ ਸੁਹੀਏ ਰਾਤ ਨੂੰ ਸਿਨੇਮਾ ਵਿਚ ਛੱਡ ਦੇਣੇ ਤੇ ਸਵੇਰ ਨੂੰ ਇਹਨਾਂ ਦੀ ਰਿਪੋਰਟ ਤੇ ਉਹਨਾਂ ਸਭ ਨੂੰ



ਪਾਰਟੀ - ਜੀਵਨ ਸਾਥਣ ਰਾਣੀ, ਸਾਵਨ ਕੁਮਾਰ, ਲੇਖਕ ਤੇ ਧੀ ਸੀਮਾ (ਲੰਡਨ-1989)

ਖੜ੍ਹਿਆਂ ਕਰ ਲੈਣਾ, ਕੰਨ ਫੜਾਉਣੇ ਤੇ ਖੂਬ ਤੌਣੀ ਲਾਉਣੀ।

ਅੱਜ ਇਹ ਪਲ ਯਾਦ ਕਰਦਿਆਂ ਅੱਖਾਂ ਸਿਲੀਆਂ ਹੋ ਰਹੀਆਂ ਨੇ, ਕਿੱਥੇ ਗਿਆ ਉਹ ਵਕਤ, ਕਿੱਥੇ ਗਏ ਮਾਸਟਰ ਬਲਵੰਤ ਸਿੰਘ ਤੇ ਸਰਦਾਰ ਅਜੀਤ ਸਿੰਘ ਮਾਲੜੀ, ਸਾਢੇ ਛੇ ਫੁੱਟ ਲੰਬੇ ਭਰਵੇਂ ਜੁੱਸੇ।

ਕੁਝ ਹੋਰ ਸਮਾਂ ਬੀਤਿਆ, ਮੈਂ ਸਿਨੇਮਾ ਵਿਚ ਫ਼ਿਲਮਾਂ ਦੇ ਸਾਈਨ ਬੋਰਡ ਲਿਖਣ ਵਾਲੇ ਪੇਂਟਰ ਤਿਲਕ ਰਾਜ ਨਾਲ ਦੋਸਤੀ ਕਰ ਲਈ। ਉਸ ਨੇ ਮੈਨੂੰ ਵੀ ਇਹ ਬੋਰਡ ਲਿਖਣੇ ਸਿਖਾ ਦਿੱਤੇ। ਬਸ ਫਿਰ ਕੀ ਸੀ, ਹੁਣ ਰਸਤਾ ਸਾਫ ਸੀ। ਸਿਨੇਮਾ ਜਾਣ ਲਈ ਹੁਣ ਘਰ ਕੋਈ ਬਹਾਨਾ ਬਣਾਉਣ ਦੀ ਲੋੜ ਨਹੀਂ ਸੀ ਪੈਂਦੀ। ਸਿਰਫ ਇਹ ਹੀ ਕਹਿਣਾ ਹੁੰਦਾ ਸੀ ਕਿ ਤਿਲਕ ਰਾਜ ਨਾਲ ਬੋਰਡ ਲਿਖਣ ਜਾ ਰਿਹਾ ਹਾਂ।

ਫਿਰ ਇਕ ਦਿਨ ਤਿਲਕ ਰਾਜ ਸ਼ਹਿਰ ਛੱਡ ਕੇ ਕਿਧਰੇ ਚਲਿਆ ਗਿਆ ਤੇ ਉਸਦਾ ਸਾਰਾ ਕੰਮ ਹੀ ਮੈਨੂੰ ਸੌਂਪ ਦਿੱਤਾ ਗਿਆ। ਇਸ ਟੁੱਟੇ ਜਿਹੇ ਸਿਨੇਮਾ ਦੇ ਮਾਲਕ ਇਹ ਫਿਲਮੀ ਬੋਰਡ ਲਿਖਣ ਦੇ ਕੋਈ ਪੈਸੇ ਵਗੈਰਾ ਨਹੀਂ ਸਨ ਦਿੰਦੇ ਹੁੰਦੇ। ਸਿਰਫ ਪੂਰੀ ਫ਼ਿਲਮ ਵੇਖਣ ਲਈ ਇਕ ਦੋ ਪਾਸ ਦੇ ਦਿਆ ਕਰਦੇ ਸਨ। ਆਪਾਂ ਨੂੰ ਹੋਰ ਕੀ ਚਾਹੀਦਾ ਸੀ, ਮੁਫ਼ਤ ਫ਼ਿਲਮ ਵੇਖਣ ਲਈ ਮਿਲ ਜਾਣੀ, ਘਰੋਂ ਕੋਈ ਰੋਕ ਨਾ ਹੋਣੀ, ਮੇਰੇ ਲਈ ਇਹ ਹੀ ਬਹੁਤ ਵੱਡਾ ਇਵਜ਼ਾਨਾ ਹੁੰਦਾ ਸੀ।

ਮੈਂ ਸਿਨੇਮਾ ਦੇ ਪਰੋਜੈਕਟਰ ਰੂਮ ਵਿਚੋਂ ਟੁੱਟੀ ਹੋਈ ਫ਼ਿਲਮ ਦੇ ਟੁਕੜੇ ਘਰ ਲੈ ਆਉਣੇ, ਫਿਰ ਉਹਨਾਂ ਤਸਵੀਰਾਂ ਨੂੰ ਦੂਰਬੀਨ ਅੱਗੇ ਲਾ ਕੇ ਪਿਛਿਉਂ ਬੈਟਰੀ ਦੀ ਲਾਈਟ ਮਾਰਨੀ ਤੇ ਕੰਧ 'ਤੇ ਆਈਆਂ ਫੋਟੋਆਂ ਵੱਲ ਵੇਖਦੇ ਰਹਿਣਾ। ਫਿਰ ਮੈਂ ਇਕ ਟੁੱਟਿਆ ਹੋਇਆ ਟੇਬਲ ਫੈਨ ਲੈ ਕੇ ਉਸਦਾ ਪਰੋਜੈਕਟਰ ਬਣਾਉਣ ਦੀ ਕੋਸ਼ਿਸ਼ ਕੀਤੀ।

ਮੈਂ ਹਰ ਵੇਲੇ ਸੋਚਾਂ ਸੋਚਦਾ ਰਹਿੰਦਾ ਕਿ ਇਹਨਾਂ ਟੁਕੜਿਆਂ ਤੇ ਚੁੱਪ ਖੜ੍ਹੀਆਂ ਤਸਵੀਰਾਂ ਕਿਵੇਂ ਫ਼ਿਲਮੀ ਪਰਦੇ 'ਤੇ ਚੱਲਦੀਆਂ, ਬੋਲਦੀਆਂ, ਨੱਚਦੀਆਂ ਟੱਪਦੀਆਂ ਤੇ ਗਾਣੇ ਗਾਉਂਦੀਆਂ ਹਨ। ਇਹ ਟੁੱਟੀਆਂ ਹੋਈਆਂ ਫ਼ਿਲਮਾਂ ਦੇ ਟੁਕੜੇ ਮੇਰੀ ਆਉਣ ਵਾਲੀ ਜ਼ਿੰਦਗੀ ਜੋੜ ਰਹੇ ਸਨ। ਇਹ ਤਸਵੀਰਾਂ ਮੈਨੂੰ ਘਰੋਂ ਬੰਬਈ ਦੌੜ ਜਾਣ ਲਈ ਉਕਸਾ ਰਹੀਆਂ ਸਨ।

ਦਸਵੀਂ ਪਾਸ ਕਰ ਲੈਣ ਤੋਂ ਬਾਅਦ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਕਰਾਂ। ਅੱਗੇ ਪੜ੍ਹਾਈ ਕਰਾਉਣ ਲਈ ਘਰ ਵਾਲਿਆਂ ਕੋਲ ਪੈਸਾ ਨਹੀਂ ਸੀ। ਮਜਬੂਰ ਹੋ ਕੇ ਜਲੰਧਰ ਅਜੀਤ ਅਖਬਾਰ ਵਿਚ ਕੰਪੋਜ਼ਿੰਗ ਦਾ ਕੰਮ ਸਿਖਣਾ ਸ਼ੁਰੂ ਕਰ ਦਿੱਤਾ। ਇਸ ਨਾਲ ਖਰਚਾ ਕੀ ਚੱਲਣਾ ਸੀ, ਸੁਬਾਹ ਸਵੇਰੇ ਗੱਡੀ ਫੜ ਕੇ ਜਲੰਧਰ ਜਾਣਾ, ਸ਼ਾਮ ਨੂੰ ਵਾਪਿਸ ਆਣਾ ਤੇ ਇਕ ਸੌ ਰੁਪਿਆ ਮਹੀਨਾ, ਕੰਮ ਜੋ ਸਿੱਖ ਰਿਹਾ ਸਾਂ।

ਇੱਧਰ ਬਾਪ ਮੇਰਾ ਕਾਂਗਰਸੀ ਵਰਕਰ, ਕਾਂਗਰਸ ਕਮੇਟੀ ਵਾਲੇ ਉਸ ਨੂੰ ਕਦੇ ਕਿਧਰੇ ਤੇ ਕਦੀ ਕਿਧਰੇ ਭੇਜੀ ਰੱਖਦੇ। ਨਕੋਦਰ ਚੌਕ ਵਿਚ ਉਸਦੇ ਪੱਗਾਂ ਰੰਗਣ ਦੇ ਕੰਮ ਨੂੰ ਇਕ ਹੋਰ ਲਲਾਰੀ ਨੇ ਆ ਠੇਸ ਮਾਰੀ।

ਫਿਰ ਇਹ ਲਲਾਰੀ ਦਾ ਕੰਮ ਮੈਂ ਸਾਂਭ ਲਿਆ। ਅਜੀਤ ਸਿੰਘ ਮਾਲੜੀ ਨੇ ਮੈਨੂੰ ਪੱਗ ਨੂੰ ਮਾਇਆ ਲਾਉਣ ਲਈ ਦੇਣੀ ਤੇ ਕਹਿਣਾ, "ਪੁੱਤਰ ਤੂੰ ਇਹ ਕਿਹੜੇ ਕੰਮ ਵਿਚ ਪੈ ਗਿਆ ਏਂ, ਅੱਗੇ ਪੜ੍ਹ ਜਾਂ ਕਿੱਧਰੇ ਬਾਹਰ ਭੱਜ ਜਾ।''

ਸਾਰੀ ਦਿਹਾੜੀ ਬੈਠੇ ਰਹਿਣਾ ਤੇ ਕਈ ਵਾਰੀ ਸ਼ਾਮ ਤੱਕ ਚਾਰ ਆਨੇ ਦੀ ਵੱਟਤ ਕਰਨੀ। ਮੈਨੂੰ ਅਜੇ ਤੱਕ ਯਾਦ ਹੈ ਕਿ ਪੱਗ ਨੂੰ ਮਾਇਆ ਲਾਉਣ ਦੇ ਮੈਂ ਦੋ ਆਨੇ ਲੈਂਦੇ ਹੁੰਦੇ ਸਨ, ਜੇ ਰੰਗਣੀ ਚਾੜ੍ਹਨਾ ਹੋਵੇ ਤਾਂ ਤਿੰਨ ਆਨੇ ਤੇ ਜੇ ਨਾਲ ਧੋਣੀ ਵੀ ਹੋਵੇ ਤਾਂ ਚਾਰ ਆਨੇ ਤੇ ਇਹ ਚਾਰ ਆਨੇ ਕਈ ਵਾਰੀ ਮੁਸ਼ਕਲ ਹੋ ਜਾਂਦੇ ਸਨ ਕਮਾਉਣੇ।

ਮੇਰੇ ਤਖਤਪੋਸ਼ ਦੇ ਨਾਲ ਹੀ ਬੈਠਾ ਹੁੰਦਾ ਸੀ ਪਰਕਾਸ਼ ਜੁੱਤੀਆਂ ਗੰਢਣ ਵਾਲਾ। ਉਸ ਕਈ ਵਾਰੀ ਚਾਰ ਪੰਜ ਰੁਪਿਆਂ ਦਾ ਕੰਮ ਕਰ ਲੈਣਾ, ਮੈਂ ਉਸ ਨੂੰ ਚਾਹ ਪਿਆਉਣ ਲਈ ਕਹਿਣਾ, ਇਕ ਦੁਆਨੀ ਦੀ ਚਾਹ ਦੇ ਦੋ ਕੱਪ, ਪੀ ਕੇ ਕਿੰਨੇ ਖੁਸ਼ ਹੋਣਾ।

ਮੈਨੂੰ ਉਦਾਸ ਹੋਏ ਵੱਲ ਵੇਖ ਕੇ ਕਈ ਵਾਰੀ ਪਰਕਾਸ਼ ਨੇ ਕਹਿਣਾ, "ਜ਼ਿੰਦਗੀ ਵਿਚ ਕਦੇ ਗਮ ਨਹੀਂ ਲਾਈਦਾ, ਉਦਾਸ ਨਹੀਂ ਹੋਈਦਾ, ਉਹ ਪਰਮਾਤਮਾ ਜਿਸ ਰਜ਼ਾ ਵਿਚ ਰੱਖੇ ਆਦਮੀ ਨੂੰ ਰਹਿਣਾ ਚਾਹੀਦਾ ਹੈ।''

... ਤੇ ਫਿਰ ਮੈਨੂੰ ਹੌਸਲਾ ਦਿੰਦਿਆਂ ਹੋਰ ਕਹਿਣਾ, "ਤੂੰ ਇਕ ਦਿਨ ਬਹੁਤ ਵੱਡਾ ਆਦਮੀ ਬਣੇਗਾ, ਤੂੰ ਤਾਂ ਪੜ੍ਹਿਆ ਲਿਖਿਆ ਏਂ, ਇਹ ਪੱਗਾਂ ਰੰਗਣਾ, ਖਰਬੂਜ਼ੇ ਵੇਚਣਾ ਤੇਰੇ ਵੱਸ ਦੀ ਗੱਲ ਨਹੀਂ, ਇਹ ਕੰਮ ਸਾਡੇ ਵਰਗਿਆਂ ਲਈ ਹੈ-ਤੂੰ ਚਾਹ ਪੀ, ਇਹ ਨਾਲ ਬਰਫੀ ਵੀ ਖਾ ਤੇ ਕੋਈ ਹੋਰ ਕੰਮ ਲੱਭ...।''

ਪਰ ਮੈਂ ਤਾਂ ਸੱਚਮੁੱਚ ਖਰਬੂਜ਼ੇ ਵੇਚਣ ਦੀ ਰੇਹੜੀ ਲਾ ਲਈ ਸੀ। ਪੱਗਾਂ ਦੇ ਰੰਗਾਂ ਵਿਚੋਂ ਘਰ ਦੇ ਰੰਗ ਨਹੀਂ ਸੀ ਬਦਲ ਰਹੇ। ਦੋ ਚਾਰ ਰੁਪਏ ਦਿਹਾੜੀ ਦੀ ਕਮਾਈ ਨਾਲ ਘਰ ਦੇ ਖਰਚੇ ਕਿਵੇਂ ਚੱਲਣੇ ਸਨ।

ਮਾਂ ਮੇਰੀ ਸਿਲਾਈ ਦਾ ਕੰਮ ਕਰਕੇ ਸਾਰਿਆਂ ਦਾ ਪੇਟ ਪਾਲਦੀ, ਮੇਰੀਆਂ ਅੱਖਾਂ ਵਿਚ ਅਥਰੂ ਆ ਜਾਂਦੇ। ਸੋਲਾਂ ਸਤਾਰਾਂ ਸਾਲ ਦੀ ਚੜ੍ਹਦੀ ਜਵਾਨੀ ਵਾਲੀ ਉਮਰ, ਮੇਰੀਆਂ ਅੱਖਾਂ ਵਿਚ ਬਲੌਰੀ ਸੁਪਨੇ, ਮੈਨੂੰ ਮੇਰੇ ਸੁਪਨੇ ਟੁੱਟਦੇ ਜਾਪਦੇ।

ਨਕੋਦਰ, ਆਲੇ-ਦੁਆਲੇ ਪਿੰਡਾਂ ਲਈ ਇਕ ਵੱਡਾ ਸ਼ਹਿਰ ਹੈ। ਇਹਨਾਂ ਪਿੰਡਾਂ ਵਿਚੋਂ ਅਨੇਕਾਂ ਲੋਕ ਸਿੰਘਾਪੁਰ, ਮਲੇਸ਼ੀਆ, ਇੰਗਲੈਂਡ, ਕੈਨੇਡਾ ਤੇ ਅਮਰੀਕਾ ਵੱਲ ਨਿਕਲੇ ਹੋਏ ਸਨ। ਉਹਨੀਂ ਦਿਨੀਂ ਅੱਜ ਵਾਂਗ ਕੋਈ ਸਾਲ ਦੇ ਤਿੰਨ ਚਾਰ ਚੱਕਰ ਅਪਣੇ ਦੇਸ਼ ਦੇ ਨਹੀਂ ਸੀ ਮਾਰਦਾ ਹੁੰਦਾ ਬਲਕਿ ਕਈ ਵਾਰੀ ਪੰਦਰਾਂ, ਵੀਹ ਤੇ ਪੰਝੀ ਸਾਲ ਬਾਅਦ ਵਾਪਿਸ ਪਰਤਦੇ ਹੁੰਦੇ ਸਨ।

ਨਕੋਦਰ ਚੌਕ ਵਿਚ ਇਹਨਾਂ ਵਲੈਤੀਆਂ ਨੇ ਆ ਕੇ ਘੁੰਮਣਾ। ਚਿੱਟੇ ਚਾਦਰੇ, ਲੰਮੇ ਕੁੜਤੇ ਤੇ ਲਾਲ ਸੂਹੇ ਰੰਗ, ਦੂਰੋਂ ਹੀ ਪਤਾ ਲੱਗ ਜਾਣਾ ਕਿ ਵਲੈਤੀਆ ਆਇਆ ਹੈ। ਮੈਂ ਇਹਨਾਂ ਵੱਲ ਵੇਖਦੇ ਰਹਿਣਾ, ਗੱਲਾਂ ਕਰਨੀਆਂ-ਵਲੈਤ ਬਾਰੇ... ਗੋਰੀਆਂ ਚਿੱਟੀਆਂ ਮੇਮਾਂ ਬਾਰੇ।

ਕੁਝ ਸਮਾਂ ਪਾ ਕੇ ਮੈਂ ਨਕੋਦਰ ਦੇ ਇਕ ਟਰੈਵਲ ਏਜੰਟ ਕੋਲ ਇਹਨਾਂ ਹੀ ਵਲੈਤੀਆਂ ਤੇ ਉਹਨਾਂ ਦੇ ਟੱਬਰਾਂ ਦੀਆਂ ਸੀਟਾਂ ਬੁੱਕ ਕਰਨ ਦੀ ਨੌਕਰੀ ਕਰ ਲਈ। ਸਾਰਾ ਸਾਰਾ ਦਿਨ ਪਿੰਡਾਂ ਵਿਚ ਕੜਕਦੀ ਧੁੱਪ ਅੰਦਰ ਸਾਈਕਲ 'ਤੇ ਘੁੰਮਣਾ।

ਇਹ 1962 ਦੀ ਗੱਲ ਹੈ। ਬ੍ਰਿਟਿਸ਼ ਸਰਕਾਰ ਨੇ ਨਵੀਂ ਇਮੀਗਰੇਸ਼ਨ ਪਾਲਿਸੀ ਕੱਢ ਕੇ ਕਾਮਨਵੈਲਥ ਦੇਸ਼ਾਂ ਦੇ ਸ਼ਹਿਰੀਆਂ ਲਈ ਵੌਚਰ ਸਿਸਟਮ ਚਾਲੂ ਕਰ ਦਿੱਤਾ ਸੀ, ਲੱਖਾਂ ਹੀ ਲੋਕਾਂ ਨੇ ਅਪਲਾਈ ਕਰ ਦਿੱਤਾ, ਇਨ੍ਹਾਂ ਵੌਚਰਾਂ ਲਈ, ਇਨ੍ਹਾਂ ਵਿਚੋਂ ਜਿਹਨਾਂ ਲੋਕਾਂ ਨੇ ਪਹਿਲੇ ਇਕ ਦੋ ਮਹੀਨਿਆਂ ਵਿਚ ਅਪਲਾਈ ਕੀਤਾ ਸੀ, ਉਹਨਾਂ ਦੇ ਵੌਚਰ ਤਾਂ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਆ ਗਏ ਤੇ ਬਾਕੀ ਲੱਗ ਗਏ ਲਾਈਨਾਂ ਵਿਚ। ਬ੍ਰਿਟਿਸ਼ ਸਰਕਾਰ ਨੇ ਕਦੇ ਸੋਚਿਆ ਨਹੀਂ ਸੀ ਕਿ ਇੰਨੇ ਲੱਖ ਲੋਕ ਦਿਨਾਂ ਵਿਚ ਹੀ ਇਨ੍ਹਾਂ ਵੌਚਰਾਂ ਲਈ ਅਪਲਾਈ ਕਰ ਦੇਣਗੇ, ਅਖੀਰ ਵਿਚ ਸਰਕਾਰ ਨੂੰ ਕੁਝ ਨਵੀਆਂ ਪਾਬੰਦੀਆਂ ਲਾਉਣੀਆਂ ਪਈਆਂ।

ਪਰ ਮੇਰਾ ਨੰਬਰ ਜਲਦੀ ਲੱਗ ਗਿਆ। ਵੌਚਰ ਆ ਗਿਆ। ਅਠਾਰਾਂ ਸੌ ਚਾਲੀ ਰੁਪਿਆ ਸੀ ਦਿੱਲੀ ਤੋਂ ਲੰਡਨ ਦੀ ਹਵਾਈ ਟਿਕਟ ਦਾ। ਚਾਰ ਸੌ ਰੁਪਿਆ ਮੇਰੀ ਮਾਤਾ ਜੀ ਨੇ ਜੋੜ ਕੇ ਰੱਖਿਆ ਹੋਇਆ ਸੀ। ਬਾਕੀ ਦਾ ਪੈਸਾ ਰਿਸ਼ਤੇਦਾਰਾਂ ਕੋਲੋਂ ਉਧਾਰ ਤੇ ਵਿਆਜੀ ਫੜਿਆ ਤੇ ਟਿਕਟ ਖਰੀਦ ਲਈ।

ਜਿਸ ਦਿਨ ਮੈਂ ਘਰੋਂ ਦਿੱਲੀ ਜਾਣ ਲਈ ਨਿਕਲਿਆ ਤਾਂ ਨਕੋਦਰ ਚੌਕ ਦੇ ਸਾਰੇ ਦੁਕਾਨਦਾਰਾਂ, ਆਂਢੀਆਂ ਗੁਆਂਢੀਆਂ ਨੇ ਫੁੱਲਾਂ ਦੇ ਹਾਰ ਪਾ ਕੇ ਮੈਨੂੰ ਤੋਰਿਆ, ਮੇਰੀ ਝੋਲੀ ਪੈਸੇ ਪਾਏ, ਸਿਰ 'ਤੇ ਅਸੀਸਾਂ ਵਾਲੇ ਹੱਥ ਦਿੱਤੇ।

ਮਾਂ-ਬਾਪ, ਭੈਣ-ਭਰਾਵਾਂ ਦੀਆਂ ਅੱਖਾਂ ਵਿਚ ਅਥਰੂ ਸਨ, ਅਪਣੇ ਬਾਪ ਤੋਂ ਮੈਂ ਸਦਾ ਲਈ ਵਿਛੜ ਰਿਹਾ ਸਾਂ। ਮੇਰੇ ਜਾਣ ਤੋਂ ਛੇ ਮਹੀਨੇ ਬਾਅਦ ਹੀ ਮੇਰਾ ਵਿਛੋੜਾ ਉਹ ਝੱਲ ਨਹੀਂ ਸੀ ਸਕਿਆ।

ਚਾਹ ਵਾਲੀ ਦੁਕਾਨ ਦੇ ਮਾਲਕ ਨੇ ਅਪਣੀ ਗੱਦੀ ਤੋਂ ਉਤਰ ਕੇ ਮੇਰੇ ਮੂੰਹ ਨੂੰ ਮਠਿਆਈ ਲਾਈ।

ਪਰਕਾਸ਼ ਮੇਰਾ ਹੱਥ ਫੜੀ ਰੋ ਰਿਹਾ ਸੀ।

... ਤੇ ਇਸ ਤਰ੍ਹਾਂ ਸਮੇਂ ਦੀ ਇਹ ਚਰਖੜੀ ਐਸੀ ਘੁੰਮੀ ਕਿ ਮੈਂ ਬੰਬਈ ਜਾਂਦਾ ਜਾਂਦਾ ਇੰਗਲੈਂਡ ਆ ਗਿਆ।

ਪਹਿਲੀ ਜੁਲਾਈ 1963, ਰਾਤ ਦੇ ਬਾਰਾਂ ਵਜੇ, ਨਵੀਂ ਸਵੇਰ ਚੜ੍ਹਨ ਵਾਲੀ ਸੀ।

ਨਵਾਂ ਦੇਸ਼
ਨਵੀਂ ਜ਼ਿੰਦਗੀ
ਨਵਾਂ ਸਫ਼ਰ

(ਬਾਕੀ ਅਗਲੇ ਅੰਕਾਂ 'ਚ)

# ਅਦਭੁੱਤ, ਅਨੋਖਾ ਤੇ ਖ਼ੌਫ਼ਨਾਕ ਸੱਚ ਰਿਆਲਟੀ ਟੈਲੀਵਿਜ਼ਨ



ਐਲਨ ਫੰਟ ਦੇ ਸ਼ੋਅ ਹਿਡਨ ਕੈਮਰਾ ਕੈਂਡਿਡ ਕੈਮਰਾ ਦੀ 1948 'ਚ ਜਦੋਂ ਸ਼ੁਰੂਆਤ ਹੋਈ ਤਾਂ ਇਹ ਟੈਲੀਵਿਜ਼ਨ ਦੇ ਸੰਸਾਰ ਦਾ ਪਹਿਲਾ ਰਿਆਲਟੀ ਸ਼ੋਅ ਸੀ। ਇਹ ਸ਼ੋਅ ਖ਼ੁਦ 1947 ਦੇ ਰੇਡਿਓ ਸ਼ੋਅ 'ਕੈਂਡਿਡ ਮਾਈਕਰੋਫੋਨ' ਤੋਂ ਪ੍ਰਭਾਵਤ ਸੀ। ਇਸ ਤੋਂ ਬਾਅਦ ਰਿਆਲਟੀ ਸ਼ੋਅ ਦਾ ਜ਼ਮਾਨਾ ਵੱਧਦਾ ਫੁੱਲਦਾ ਗਿਆ। 'ਐਨ ਅਮੈਰੀਕਨ ਫੈਮਿਲੀ' 1973 'ਚ ਆਇਆ ਅਜਿਹਾ ਸ਼ੋਅ ਸੀ ਜਿਸ ਨੂੰ ਰੂਪ ਪੱਖੋਂ ਅਸਲ ਰਿਆਲਟੀ ਸ਼ੋਅ ਕਿਹਾ ਗਿਆ ਹੈ। 1991 ਨੂੰ ਆਇਆ 'ਨਿਊਮਰ 28' ਰਿਆਲਟੀ ਸ਼ੋਅ ਦਾ ਸਿਖ਼ਰ ਸੀ। ਇਸ ਸਮੇਂ ਐੱਮ ਟੀਵੀ 'ਤੇ ਚੱਲ ਰਹੇ 'ਦੀ ਰੀਅਲ ਵਰਲਡ' ਨੂੰ ਇਸ ਤੋਂ ਪ੍ਰਭਾਵਤ ਕਿਹਾ ਜਾ ਰਿਹਾ ਹੈ ਪਰ ਸ਼ੋਅ ਮਾਲਕ ਇਸ ਨੂੰ ਅਮੈਰੀਕਨ ਫੈਮਿਲੀ ਤੋਂ ਪ੍ਰਭਾਵਤ ਮੰਨਦੇ ਹਨ। 2000 ਦੇ ਬਿਗ ਬ੍ਰਦਰ ਤੇ ਸਰਵਾਈਵਰ ਨਾਲ ਰਿਆਲਟੀ ਸ਼ੋਅ ਟੀ.ਵੀ. 'ਤੇ ਛਾ ਗਏ। ਅਮਰੀਕਾ ਦਾ 'ਫੌਕਸ ਰਿਆਲਟੀ' ਕਨੇਡਾ ਤੇ ਯੂ.ਕੇ. ਦਾ ਗਲੋਬਲ ਰਿਆਲਟੀ ਚੈਨਲ ਤੇ ਜ਼ੋਨ ਰਿਆਲਟੀ ਤਾਂ ਪੂਰੇ ਦੇ ਪੂਰੇ ਰਿਆਲਟੀ ਚੈਨਲ ਹੀ ਪੈਦਾ ਹੋ ਗਏ।



ਹਰਪ੍ਰੀਤ ਸਿੰਘ ਕਾਹਲੋਂ
+91-97798-88335
harpreetsingh.media@gmail.com






"ਰਿਆਲਟੀ ਸ਼ੋਅ ਦੇ ਦੋ ਪੱਖ ਹਨ, ਮਾੜਾ ਵੀ ਤੇ ਚੰਗਾ ਵੀ.. ਉਹ ਅਸੀ ਤੈਅ ਕਰਨਾ ਹੈ ਕਿ ਕੀ ਹੋਣਾ ਚਾਹੀਦਾ ਹੈ। ਕੌਣ ਬਣੇਗਾ ਕਰੋੜਪਤੀ ਜਾਂ ਗਾਇਕੀ ਬੇਸਡ ਸ਼ੋਅ ਵੀ ਹਨ ਤੇ ਅਜਿਹੇ ਵੀ ਜੋ ਪਰਿਵਾਰ 'ਚ ਵੇਖੇ ਨਹੀਂ ਜਾ ਸਕਦੇ।"

ਗੀਤ, ਰੇਡਿਓ ਜੌਕੀ
ਬਿਗ ਐੱਫ.ਐੱਮ, ਪਟਿਆਲਾ

ਵਕਤ ਬਦਲ ਗਏ ਹਨ ਤੇ ਵਕਤ ਦੇ ਨਾਲ ਅੰਦਾਜ਼ ਵੀ ਬਦਲ ਗਏ ਹਨ। ਹੁਣ ਕਿਸੇ ਘਰ ਦੀ ਖ਼ਬਰਸਾਰ ਲਈ ਪਿੰਡ ਦੀ ਗਿੱਝੀ ਬੁੱਢੀ ਨੂੰ ਘਰ ਘਰ 'ਤੇ ਨਜ਼ਰ ਨਹੀਂ ਰੱਖਣੀ ਪੈਂਦੀ। ਹੁਣ ਤਾਂ ਟੈਲੀਵਿਜ਼ਨ ਤੁਹਾਨੂੰ ਬੈਠੇ ਬਿਠਾਏ ਹੀ ਸਭ ਕੁਝ ਵਿਖਾ ਰਿਹਾ ਹੈ। ਰਿਆਲਟੀ ਸ਼ੋਅ ਦੇ ਇਸ ਟੈਲੀਵਿਜ਼ਨ 'ਚ ਰਮਾਇਣ ਜਾਂ ਮਹਾਂਭਾਰਤ ਦਾ ਯੁੱਗ ਨਹੀਂ ਨਜ਼ਰ ਆਉਂਦਾ। ਹੁਣ ਤਾਂ ਹਰ ਚੈਨਲ 'ਤੇ ਰਿਆਲਟੀ ਸ਼ੋਅ ਦਾ ਅਜਿਹਾ ਵਾਵਰੋਲਾ ਨਜ਼ਰ ਆ ਰਿਹਾ ਹੈ ਜਿਸ ਨੂੰ ਲੈ ਕੇ ਸਾਰਥਕ ਗੱਲਾਂ ਦੇ ਹਮਾਇਤੀ ਵੀ ਨਜ਼ਰ ਆ ਰਹੇ ਹਨ ਤੇ ਨਕਾਰਾਤਮਕ ਗੱਲਾਂ ਵੀ ਆਲੋਚਨਾ ਦੇ ਬਜ਼ਾਰ 'ਚ ਗ਼ਰਮ ਹਨ।

ਰਿਆਲਟੀ ਸ਼ੋਅ ਦੇ ਸੰਸਾਰ 'ਚ ਟੈਲੀਵਿਜ਼ਨ ਨੇ ਆਮ ਆਦਮੀ ਜਾਂ ਕਹਿ ਲਓ ਮਿਡਲ ਕਲਾਸ ਦੇ ਸੁਫ਼ਨਿਆਂ ਨੂੰ ਪਰਵਾਜ਼ ਦਿੱਤੀ ਹੈ। ਰਿਆਲਟੀ ਸ਼ੋਅ ਨੇ ਹੁਨਰ ਨੂੰ ਇੱਕ ਮੰਚ ਦਿੱਤਾ ਹੈ। ਹੁਣ ਹਾਊਸ ਵਾਈਫ ਕਹਾਉਣ ਵਾਲੀ ਔਰਤ ਨੂੰ ਆਪਣੇ ਵੰਨ ਸੁਵੰਨੇ ਪਕਵਾਣਾਂ ਦਾ ਸਵਾਦ ਚੈੱਕ ਕਰਾਉਣ ਲਈ ਆਪਣੇ ਘਰ ਵਾਲਿਆਂ ਦੇ ਅੱਗੇ ਪਰੋਸਣੇ ਨਹੀਂ ਪੈਂਦੇ, ਸਗੋਂ ਉਹ 'ਮਾਸਟਰ ਸ਼ੈਫ ਇੰਡੀਆ' 'ਚ ਪੂਰੇ ਸੰਸਾਰ ਦੇ ਸਾਹਮਣੇ ਆਪਣੇ ਹੁਨਰ ਦਾ ਪ੍ਰਗਟਾਵਾ ਕਰ ਰਹੀ ਹੈ।

ਰਿਆਲਟੀ ਸ਼ੋਅ ਦੀਆਂ ਬਹੁਤ ਸਾਰੀਆਂ ਵੰਨਗੀਆਂ 'ਚ ਸੰਗੀਤ ਅਧਾਰਤ ਪ੍ਰੋਗਰਾਮਾਂ 'ਚ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਹਰ ਉਮਰ ਦੇ ਸੁਫ਼ਨੇ ਪੂਰੇ ਹੋ ਰਹੇ ਹਨ। ਇਸ ਨਾਲ ਛੋਟੇ ਸ਼ਹਿਰਾਂ ਦੇ ਉਨ੍ਹਾਂ ਫਰਜ਼ੰਦਾਂ ਨੂੰ ਮੌਕਾ ਮਿਲਿਆ ਹੈ ਜਿੰਨਾ ਲਈ ਪੈਸੇ ਦੀ ਕਮੀ ਕਾਰਨ ਅਜਿਹਾ ਮਹਿੰਗਾ ਸੁਫ਼ਨਾ ਸਿਰਫ ਰੁਲਕੇ ਹੀ ਰਹਿ ਜਾਂਦਾ। ਹੁਣ ਮੁੰਬਈ ਦਾ ਅਭਿਜੀਤ ਸਾਵੰਤ ਸੋਨੀ ਮਿਊਜ਼ਿਕ ਦੇ ਬੈਨਰ ਹੇਠ ਆਪਣੀਆਂ ਦੋ ਐਲਬਮ ਰਿਲੀਜ਼ ਕਰ ਚੁੱਕਾ ਹੈ। ਸ਼੍ਰੇਯਾ ਘੋਸ਼ਾਲ ਇੱਕ ਕਾਮਯਾਬ ਪਿੱਠਵਰਤੀ ਗਾਇਕਾ ਹੈ। ਪਟਿਆਲੇ ਦਾ ਕਮਾਲ ਖ਼ਾਨ ਹੁਣ ਆਪਣੇ ਸੁਫ਼ਨਿਆਂ ਨੂੰ ਪੂਰਾ ਹੋਇਆ ਮੰਨਦਾ ਹੈ। ਪਰ ਰਿਆਲਟੀ ਸ਼ੋਅ ਦਾ ਦੂਜਾ ਪੱਖ ਵੀ ਹੈ ਜਿਹਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਮਾਜ ਸ਼ਾਸ਼ਤਰੀਆਂ ਮੁਤਾਬਕ ਰਿਆਲਟੀ ਸ਼ੋਅ ਮਹਿਜ਼ ਕੋਈ ਰਿਆਲਟੀ ਸ਼ੋਅ ਨਹੀਂ ਹੈ। ਜਿਵੇਂ ਕਿ ਉਦਾਹਰਣ ਦੇ ਤੌਰ 'ਤੇ ਇੰਡੀਅਨ ਆਈਡਲ ਸਿਰਫ ਸੰਗੀਤ ਅਧਾਰਤ ਪ੍ਰੋਗਰਾਮ ਨਹੀਂ ਹੈ। ਇਹ ਪ੍ਰਤੀਯੋਗੀਆਂ ਦੀ ਨਿੱਜੀ ਜ਼ਿੰਦਗੀ ਨੂੰ ਖੋਲ੍ਹਕੇ ਵਿਖਾਉਂਦਾ ਹੈ, ਜੋ ਕਿ ਚੰਗਾ ਰੁਝਾਨ ਨਹੀਂ ਹੈ।

ਰਿਆਲਟੀ ਸ਼ੋਅ ਪੂਰੀ ਤਰ੍ਹਾਂ ਜੇ ਜਜ਼ਬਾਤਾਂ ਨੂੰ ਸਨਮਾਨ ਦੇ ਰਹੇ ਹੁੰਦੇ ਹਨ ਤਾਂ ਇਸ ਨੂੰ ਸਭ ਤੋਂ ਵੱਧ ਵੇਚ ਵੀ ਰਹੇ ਹੁੰਦੇ ਹਨ। ਇਸ ਦਾ ਵਪਾਰ ਸਿਰਫ ਟੀ.ਵੀ. ਸ਼ੋਅ ਪ੍ਰਸਾਰਤ ਕਰਨ ਤੱਕ ਨਹੀਂ ਰਹਿ ਗਿਆ। ਇਨ੍ਹਾਂ ਸ਼ੋਆਂ ਦੇ ਮਾਰਫਤ ਕਿਸੇ ਫ਼ਿਲਮ ਤੋਂ ਲੈ ਕੇ ਮਿਊਜ਼ਿਕ ਐਲਬਮ, ਕੱਪੜੇ ਤੇ ਹੋਰ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣ ਚੁੱਕੇ ਉਤਪਾਦਾਂ ਦੀ ਮਸ਼ਹੂਰੀ ਮੁਫ਼ਤ 'ਚ ਹੋ ਰਹੀ ਹੈ। ਅਜਿਹੇ 'ਚ ਇਨ੍ਹਾਂ ਦੇ ਮਾੜੇ ਪੱਖ ਨੂੰ ਜਜ਼ਬ ਕਰਨਾ ਜ਼ਰਾ ਔਖਾ ਹੈ।

ਸੰਗੀਤ ਅਧਾਰਤ ਰਿਆਲਟੀ ਸ਼ੋਅ ਜਾਂ ਪਾਕ ਕਲਾ ਨੂੰ ਕੇਂਦਰਤ ਕਰਕੇ ਬਣਾਏ ਸ਼ੋਅ ਤਾਂ ਫਿਰ ਵੀ ਠੀਕ ਹਨ ਪਰ 'ਬਿਗ ਬੋਸ', 'ਖਤਰੋਂ ਕੇ ਖਿਲਾੜੀ' ਜਾਂ 'ਸੱਚ ਕਾ ਸਾਮਨਾ' ਦਾ ਅਧਾਰ ਕਿੰਨਾ ਕੁ ਵਾਜਬ ਹੈ। ਜਿਸ ਸਵੰਬਰ ਨੂੰ ਨਾਰੀ ਦੇ ਆਜ਼ਾਦ ਖ਼ਿਆਲ ਦਾ ਵਿਰੋਧੀ ਦੱਸਿਆ ਗਿਆ, ਉਸੇ ਸਵੰਬਰ ਨੂੰ ਟੈਲੀਵਿਜ਼ਨ 'ਤੇ ਖ਼ੂਬ ਪਸੰਦ ਕੀਤਾ ਗਿਆ। ਪਹਿਲਾਂ ਰਾਖੀ ਕਾ ਸਵੰਬਰ ਫਿਰ ਰਾਹੁਲ ਮਹਾਜਨ ਤੇ ਅਖ਼ੀਰ ਰਤਨ ਰਾਜਪੂਤ ਦੇ ਸਵੰਬਰ ਨੂੰ ਖ਼ੂਬ ਹੁੰਗਾਰਾ ਮਿਲਿਆ। ਆਖ਼ਰ ਇੱਥੇ ਸੋਚਣਾ ਪਏਗਾ ਕਿ ਮੀਡੀਆ ਦੀ ਕਿਹੜੀ ਥਿਊਰੀ ਢੁੱਕਵੀਂ ਬੈਠ ਰਹੀ ਹੈ।

ਰਾਖੀ ਸਾਵੰਤ ਦੇ ਇੱਕ ਹੋਰ ਰਿਆਲਟੀ ਸ਼ੋਅ 'ਰਾਖੀ ਕਾ ਇਨਸਾਫ' 'ਚ ਇੱਕ ਬੰਦੇ ਨੇ ਤਾਂ ਮਾਨਸਿਕ ਦਬਾਅ 'ਚ ਆ ਕੇ ਆਪਣੀ ਜੀਵਨ ਲੀਲਾ ਹੀ ਖ਼ਤਮ ਕਰ ਲਈ ਸੀ। ਅਮਰੀਕਨ ਟੈਲੀਵਿਜ਼ਨ ਸ਼ੋਅ 'ਮੂਮੈਂਟ ਆਫ ਟਰੁੱਥ' 'ਤੇ ਅਧਾਰਤ ਟੀ.ਵੀ. ਤੇ ਫ਼ਿਲਮ ਅਦਾਕਾਰ ਰਾਜੀਵ ਖੰਡੇਲਵਾਲ ਦਾ ਸ਼ੋਅ 'ਸੱਚ ਕਾ ਸਾਮਨਾ' 'ਚ ਪਤਾ ਨਹੀਂ ਕਿੰਨੇ ਲੋਕ ਇਹ ਖੇਡ ਖੇਡਦੇ ਹੋਏ ਆਪਣੇ ਘਰੇਲੂ ਸਬੰਧਾਂ 'ਚ ਦਰਾਰ ਪਵਾ ਬੈਠੇ। ਰਿਆਲਟੀ ਸ਼ੋਅ ਦੇ ਦੋਵੇਂ ਪਹਿਲੂ ਹਨ ਜਿਨ੍ਹਾਂ ਬਾਰੇ ਬਿਹਤਰ ਮਿਸਾਲਾਂ ਉਨ੍ਹਾਂ ਤੋਂ ਹੀ ਮਿਲ ਸਕਦੀਆਂ ਹਨ ਜੋ ਅੱਜ ਉਨ੍ਹਾਂ ਦਾ ਮਾੜਾ ਅਸਰ ਭੁਗਤ ਰਹੇ ਹਨ ਜਾਂ ਜਿਹੜੇ ਉਨ੍ਹਾਂ ਦਾ ਚੰਗਾ ਸਵਾਦ ਲੈ ਰਹੇ ਹਨ। ਸੋ ਰਿਅਲਟੀ ਸ਼ੋਅ ਦੇ ਸੰਸਾਰ 'ਚ ਨਿਰਭਰ ਕਰਦਾ ਹੈ ਚੋਣ ਕਿਹੋ ਜਿਹੀ ਹੈ। ਇੰਨੇ ਚੈਨਲਾਂ ਦੀ ਭਰਮਾਰ ਦੇ ਆਪੋ ਆਪਣੇ ਦਰਸ਼ਕ ਵਰਗ ਹਨ।

ਇਸ ਸਮੇਂ ਭਾਰਤ 'ਚ ਵੀ ਰਿਆਲਟੀ ਸ਼ੋਅ ਜ਼ੋਰਾਂ ਸ਼ੋਰਾਂ 'ਤੇ ਚੱਲ ਰਹੇ ਹਨ। ਭਾਰਤੀ ਮੀਡੀਆ 'ਚ ਅਜਿਹਾ ਕੋਈ ਟੀ.ਵੀ. ਚੈਨਲ ਨਹੀਂ ਜੋ ਰਿਅਲਟੀ ਸ਼ੋਅ ਨਾ ਚਲਾ ਰਿਹਾ ਹੋਵੇ। ਕਲਰ 'ਤੇ ਇੰਡੀਆ ਗੋਟ ਟੈਲੰਟ, ਸੋਨੀ 'ਤੇ ਐਕਸ ਫੈਕਟਰ, ਕੌਣ ਬਣੇਗਾ ਕਰੋੜਪਤੀ, ਜ਼ੀ ਟੀ.ਵੀ. 'ਤੇ ਆਇਡੀਆ ਜਲਸਾ ਤੇ ਸਾਰੇਗਾਮਾਪਾ ਲਿਟਲ ਚੈਂਪ, ਸਟਾਰ ਪਲੱਸ 'ਤੇ ਜਸਟ ਡਾਂਸ ਖਾਸ ਹਨ। ਇਸ ਤੋਂ ਇਲਾਵਾ ਵੀ ਸਾਲ ਦਰ ਸਾਲ ਐੱਮ ਟੀ.ਵੀ. 'ਤੇ ਰੋਡੀਜ਼, ਸਿਪਲਟਸਵਿਲ੍ਹਾ, ਸਟੰਨਟਮਾਨੀਆ ਤੇ ਵੀ ਚੈਨਲ ਦੇ ਦੇਅਰ ਟੂ ਡੇਟ ਤੇ ਐਕਸ ਯੂਅਰ ਐਕਸ ਵਰਗੇ ਸ਼ੋਅ ਹਨ।

ਇਨ੍ਹਾਂ 'ਚੋਂ ਖਾਸ ਗੱਲ ਧਿਆਨ ਦੇਣ ਵਾਲੀ ਇਹ ਵੀ ਹੈ ਕਿ ਬਹੁਤੇ ਸ਼ੋਅ ਪੱਛਮ ਦੇ ਸ਼ੋਆਂ ਦੀ ਨਕਲ ਹੈ। ਐੱਨ.ਡੀ.ਟੀ.ਵੀ. ਦੇ 'ਸੱਚ ਕਾ ਸਾਮਨਾ' ਪੱਛਮੀ ਟੀ.ਵੀ. ਸ਼ੋਅ ਮੂਮੈਂਟ ਆਫ ਟਰੁੱਥ ਦੀ ਨਕਲ ਹੈ। ਇਸੇ ਤਰ੍ਹਾਂ ਇੰਡੀਅਨ ਆਈਡਲ 'ਅਮੈਰੀਕਨ ਆਈਡਲ', ਝਲਕ ਦਿਖਲਾ ਜਾ 'ਡਾਂਸਿਗ ਵਿਦ ਦੀ ਸਟਾਰ, ਬਿਗ ਬਾਸ 'ਬਿਗ ਬ੍ਰਦਰ' ਤੇ ਕੌਣ ਬਣੇਗਾ ਕਰੋੜਪਤੀ 'ਹੂ ਵਾਂਟਸ ਟੂ ਬੀ ਏ ਮਿਲੇਨੀਅਰ' ਦੀ ਨਕਲ ਹੈ।

ਇਹ ਸਿਲਸਿਲਾ ਇੱਥੇ ਨਹੀਂ ਮੁੱਕਦਾ। ਪੰਜਾਬੀ ਟੈਲੀਵਿਜ਼ਨ 'ਚ ਐੱਮ.ਐੱਚ ਵਨ 'ਤੇ ਆਵਾਜ਼ ਪੰਜਾਬ ਦੀ, ਹੱਸਦੇ ਹਸਾਉਂਦੇ ਰਹੋ, ਨਿਡਰ ਹਿੰਦੀ ਟੈਲੀਵਿਜ਼ਨ ਦੀ ਨਕਲ ਕਰ ਰਹੇ ਹਨ। ਪੰਜਾਬ 'ਚ ਗਾਇਕਾਂ ਦੀ ਕਮੀ ਨਹੀਂ ਹੈ ਤੇ ਅਜਿਹੇ ਸ਼ੋਅ ਉਨ੍ਹਾਂ ਲਈ ਵਰਦਾਨ ਸਾਬਤ ਹੋ ਰਹੇ ਹਨ ਜਾਂ ਸਰਾਪ ਇਸ ਬਾਰੇ ਸੋਚਣ ਦੀ ਅਜੇ ਫੁਰਸਤ ਨਹੀਂ ਹੈ।

## ਰਿਆਲਟੀ ਸ਼ੋਅ ਨਾਲ ਕਿਸੇ ਨੂੰ ਕੋਈ ਫਾਇਦਾ ਨਹੀਂ ਹੁੰਦਾ



'ਨਿਡਰ' ਜਿੱਤਣ ਤੋਂ ਬਾਅਦ ਵੀ ਮੇਰੀ ਕੋਈ ਪਛਾਣ ਨਹੀਂ ਹੈ। ਮਤਲਬ ਕਿ ਇਸ ਦਾ ਮੈਨੂੰ ਕੋਈ ਲੰਮੇ ਸਮੇਂ ਤੱਕ ਮਿਲਣ ਵਾਲਾ ਆਰਥਕ ਫਾਇਦਾ ਨਹੀਂ ਹੋਇਆ। ਹਿੰਦੀ ਚੈਨਲ ਦੇ ਰਿਆਲਟੀ ਸ਼ੋਅ ਦਾ ਮਿਜਾਜ਼ ਵੱਖਰਾ ਹੈ। ਪਰ ਪੰਜਾਬੀ ਟੈਲੀਵਿਜ਼ਨ 'ਚ ਚੱਲਣ ਵਾਲੇ ਸ਼ੋਅ ਅਜੇ ਉਸ ਪੱਧਰ ਤੱਕ ਨਹੀਂ ਪਹੁੰਚੇ। ਨਿਡਰ ਦੇ ਦੌਰਾਨ ਮੇਰੇ ਕੋਲ ਸਿਰਫ ਇੱਕ ਹੀ ਖੁਸ਼ਨੁਮਾ ਅਹਿਸਾਸ ਹੈ ਉਹ ਹੈ ਕਿ ਮੇਰੇ ਨਾਮ ਦੇ ਨਾਲ ਨਿਡਰ ਜੁੜ ਗਿਆ ਪਰ ਸ਼ੂਟਿੰਗ ਦੌਰਾਨ ਬਹੁਤ ਕੌੜੇ ਤਜਰਬੇ ਹੋਏ ਹਨ। ਤੁਹਾਨੂੰ ਆਪਣੇ ਲਈ ਕੱਪੜਿਆਂ ਦਾ ਇੰਤਜ਼ਾਮ ਵੀ ਖੁਦ ਕਰਨਾ ਪੈਂਦਾ ਹੈ। ਅਸਲ 'ਚ ਗੁਣਾਤਮਕ ਨਿਖਾਰ ਲਈ ਜ਼ਰੂਰੀ ਹੋਣਾ ਚਾਹੀਦਾ ਹੈ ਕਿ ਲਕੀਰ ਦੇ ਫ਼ਕੀਰ ਨਾ ਬਣਿਆ ਜਾਵੇ। ਆਖਰ ਕਰੋੜਾਂ ਅਰਬਾਂ ਦੇ ਸ਼ੋਅ ਦੀ ਨਕਲ ਕਰਨ ਵੇਲੇ ਉਸ ਨੂੰ ਲੱਖਾਂ ਦੇ ਬਜਟ ਨਾਲ ਬਣਾਇਆ ਜਾਵੇਗਾ ਤਾਂ ਚੀਜ਼ ਕੀ ਬਣੇਗੀ ਇਸ ਦਾ ਅੰਦਾਜ਼ਾ ਤਾਂ ਲਗਾਇਆ ਹੀ ਜਾ ਸਕਦਾ ਹੈ। ਪੰਜਾਬੀ ਟੈਲੀਵਿਜ਼ਨ 'ਚ ਆਵਾਜ਼ ਪੰਜਾਬ ਦੀ, ਵਾਇਸ ਆਫ ਪੰਜਾਬ, ਹੱਸਦੇ ਹਸਾਉਂਦੇ ਰਹੋ, ਲਾਫਟਰ ਦੀ ਮਾਸਟਰ ਤੇ ਨਾ ਜਾਣੇ ਕਿੰਨੇ ਸ਼ੋਅ ਚੱਲ ਰਹੇ ਹਨ ਪਰ ਸਾਰਿਆਂ ਦੀ ਕੋਈ ਗਲੀ-ਗਲੀ ਚਰਚਾ ਹੋਵੇ ਅਜਿਹਾ ਕਦੀ ਵੇਖਣ ਨੂੰ ਨਹੀਂ ਮਿਲਿਆ।

ਹਰਜਿੰਦਰ ਕੌਰ ਮਾਂਗਟ
ਰਿਆਲਟੀ ਸ਼ੋਅ 'ਨਿਡਰ' ਦੀ ਜੇਤੂ

# Royal Executive Homes

## Town Houses in Wildwood




**Available from 1232 sq. ft. to 1589 sq. ft. with attached Single and Double Garage. Starting Price: $ 289,900**

- Excellent Location
- Close to All Amenities
- Transit Excess
- Future Rec Center
- Close to White Mud & Anthony Henday
- **Affordable Prices**

**NOW UNDER CONSTRUCTION**

**SHOW HOME OPENING SOON.**




**Unit A**

| | |
|---|---|
| MAIN FLOOR AREA | 597 Sq.F. |
| UPPER FLOOR AREA | 992 Sq.F. |
| TOTAL LIVING AREA | 1589 Sq.F. |
| GARAGE AREA | 336 Sq.F. |

**Unit B**

| | |
|---|---|
| MAIN FLOOR AREA | 498 Sq.F. |
| UPPER FLOOR AREA | 734 Sq.F. |
| TOTAL LIVING AREA | 1232 Sq.F. |
| GARAGE AREA | 182 Sq.F. |

**Unit C**

| | |
|---|---|
| MAIN FLOOR AREA | 524 Sq.F. |
| UPPER FLOOR AREA | 780 Sq.F. |
| TOTAL LIVING AREA | 1304 Sq.F. |
| GARAGE AREA | 200 Sq.F. |




wild wood TOWN HOUSES
1820, 34th Ave
Edmonton.

**780-965-7390**
**780-906-4497**
*royalexecutivehomes@hotmail.com*



Sales Contact :
Rob Gill : 780-297-1198

Jessy Parihar — Ranjit Deol — Rob Gill



# Supreme Pizza
## Punjabi Pizza

Menisa Plaza (on Millwood Road) 1079 Knottwood Road East NW Edmonton

(780) 485-1213 or (780) 485-1231

Chicken Wings Hot, Honey Garlic

1 Large Pizza with 4 Toppings, 2 Can Coke & 24 Wings

**Paneer Pizza**
Paneer, Red Onion, Green Peppers, Mushrooms, Tomatoes.

**Vegetarian**
Olives, Mushrooms, Pineapple, Tomatoes Green Peppers, Red Onions,

**Supreme Special**
Ham, pepperoni, Salami, Mushrooms, Pineapple, Tomatoes, Olive, Red Onion, Green Peppers

**Chicken Special**
Tandoori Chicken, Red Onions, Green peppers, Mushrooms, Tomatoes

**The Pasta Niche**
Baked Lasagna with Meat Sauce and Veggi Sauce

Delivery Charges Will Apply to All Areas

# ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ



**Delivery Hours**

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

**List of Toppings**

Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

Try Us Tonight For Best Deal In Town
**3 For 1**
Any 3 Toppings
12" Medium - 14" Large

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ-ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

ਸਵਾਦੀ ਪੀਜ਼ੇ ਲਈ ਹੁਣੇ ਆਡਰ ਕਰੋ

| | |
|---|---|
| 2 Large Fully Loaded Pizza for $25. | 1 Large Pizza 5 Toppings for $14. |
| 2 Medium Pizza Fully Loaded for $22. | 1 Medium Pizza 5 Toppings for $13. |

**Call at: 780 485 1213**



BRIDGEPORT HOMES LTD.

BEST PRICES IN TOWN
WE ASSURE BEATING MARKET PRICE

**Now Lots available for big houses**
**in Wildwood Crescent (Silverberry) one house available in Tamarack**

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ **ਡੌਲੀ ਚੌਹਾਨ** ਨਾਲ ਗੱਲਬਾਤ ਕਰੋ

**780-935-7718**



Lots available for bi-Level homes in Silverberry Area



For more information call: **Dolly Chauhan @ 780-935-7718**